# ਸੋਧ

ਜਨਵਰੀ 1981 (ਜਿਲਦ 10 ਨੰਬਰ 1)

**January 1981**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਚਾਹਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਮਰਜੀਤ ਚੰਦਨ

# ਸੇਧ

* "ਸਾਡਾ ਮਾਰਕਸਵਾਦ ਆਪਣੇ ਮਸਲਿਆਂ ਨੂੰ, ਆਪਣੀਆਂ ਅੱਖਾਂ ਨਾਲ ਵੇਖਣ ਦੇ ਰਾਹੇ ਨਹੀਂ ਪਿਆ। ਇਹ ਮਾਂਗਵੇਂ ਮਾਰਕਸਵਾਦ 'ਤੇ ਹੀ ਪੈਲਾਂ ਪਾਉਂਦਾ ਰਿਹਾ ਹੈ।"
* "ਡਾ: ਫਰੈਂਕ ਦਾ ਨਜ਼ਰੀਆ ਬੁਰਜੁਆ ਪੈਂਤੜੇ ਦੇ ਹੱਕੀ ਹੈ; ਉਸ ਦਾ ਵਿਚਾਰਧਾਰਕ ਸੰਦ ਹੈ।"
* "ਵਰਕਰਾਂ ਆਦਿ ਦੇ ਖ਼ੂਨ ਵਿਚ ਕੋਈ ਖਰਾਬੀ ਤਾਂ ਨਹੀਂ ਹੁੰਦੀ ਕਿ ਮੌਕੇ ਤੇ ਵਸੀਲੇ ਦਿਤੇ ਜਾਣ ਤਾਂ ਉਹ ਕਲਚਰ ਵਰ ਨਹੀਂ ਸਕਦੇ।"
* "ਮੈਨੂੰ ਲਗਦਾ ਤੁਸੀਂ (ਡਾ: ਹਰਿਭਜਨ ਸਿੰਘ) ਪੁੱਠੇ ਬੂਟ ਪਾਈ ਤੁਰ ਫਿਰ ਰਹੇ ਹੋ, ਅਜੇ ਤਕ ਤੁਸੀਂ ਪੁੱਠੇ ਬੂਟ ਪਾ ਕੇ ਹੀ ਪੰਜਾਬ ਦੀਆਂ ਯੂਨੀਵਰਸਿਟੀਆਂ ਉਤੇ ਫਤਿਹ ਪ੍ਰਾਪਤ ਕੀਤੀ ਹੈ।
* "ਪੰਜਾਬੀ ਦੇ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਹਨ—ਕੰਮ-ਅਟਕਾਊ ਨੌਕਰਸ਼ਾਹੀ, ਅਣੁਚਿਤ ਅਧਿਆਪਕ ਵਰਗ, ਕੁਝ ਪੰਜਾਬੀ ਲੋਕ ਅਤੇ ਕੁਝ ਇਕ ਬਾਰਸੂਖ ਅਦਾਰੇ।"
* "ਹਾਕਮ ਸ਼੍ਰੇਣੀ ਭਾਸ਼ਾ ਦੀ ਸ਼ੁਧਤਾ ਦਾ ਨਾਂ ਲੈ ਕੇ ਸਰਲ ਤੋਂ ਗੁੰਝਲ ਵਲ, ਸੂਖਮਤਾ ਤੋਂ ਸੰਕੇਤ ਵਲ ਅਤੇ ਵਿਦਵਤਾ ਤੋਂ ਪੰਡਤਾਊਪਣ ਵਲ ਚਲਦੀ ਮਿਸ਼ਰ-ਬੋਲੀ ਘੜਦੀ ਹੈ... ਜਨਸਾਧਾਰਨ ਦਾ ਇਹ ਹਿੱਤ ਹੈ ਕਿ ਉਹ ਵਧ ਤੋਂ ਵਧ ਸਮਝ ਆਉਂਦੀ, ਵਿਸ਼ਾਲ ਏਕਤਾ ਕਾਇਮ ਕਰਦੀ ਭਾਸ਼ਾ ਦੀ ਵਰਤੋਂ ਕਰੇ।"

SEDH
January, 1981

Vol. 10, No. 1
Price : Rs.2.00

Edited, Printed & Published by Gurvel Singh Pannu, A/42, Defence Colony, New Delhi-110024. Ph. No. 626300
Printed at 'BHULLAR PRINTERS' 44, Street 2, Shankar Nagar Ext., Delhi-

## ਪੜ੍ਹਨ ਲਈ ਉੱਤਮ
## ਤੋਹਫੇ ਲਈ ਅਤਿਉੱਤਮ
## ਜੀ ਹਾਂ !

ਨੈਸ਼ਨਲ ਬੁਕ ਟਰੱਸਟ ਦੀਆਂ ਪੁਸਤਕਾਂ ਪੜ੍ਹਨ ਲਈ ਤਾਂ ਉੱਤਮ ਹੈਨ ਹੀ,
ਤੋਹਫੇ ਲਈ ਵੀ ਅਤਿਉੱਤਮ ਹਨ ।

ਸਾਡੀਆਂ ਪੁਸਤਕਾਂ ਦੇ ਦਿਲਚਸਪ ਵਿਸ਼ੇ, ਸਰਬ ਵਿਆਪੀ ਪਹੁੰਚ, ਚੰਗੀ ਛਪਾਈ, ਆਕਰਸ਼ਕ ਚਿਤ੍ਰ, ਸੁੰਦਰ ਜਿਲਦਾਂ ਤੇ ਵਾਜਬੀ ਕੀਮਤ—ਸਭ ਮਿਲ ਕੇ ਇਹਨਾਂ ਨੂੰ ਮਨਮੋਹਣੀ ਛਬ ਪ੍ਰਦਾਨ ਕਰਦੇ ਹਨ । ਪੜ੍ਹੋ ਤੇ ਘਰ ਦੀ ਲਾਇਬਰੇਰੀ ਵਿਚ ਰਖੋ ! ਤੋਹਫਾ ਦਿਓ ਤਾਂ ਦੇਖਣ ਵਾਲੇ ਦਾ ਵਾਰ ਵਾਰ ਪੜ੍ਹਨ ਨੂੰ ਦਿਲ ਕਰੇ !

ਅਸੀਂ ਹਰ ਉਮਰ ਦੇ ਪਾਠਕਾਂ ਲਈ ਪੰਜਾਬੀ, ਅੰਗਰੇਜ਼ੀ ਤੇ ਭਾਰਤ ਦੀਆਂ ਹੋਰ ਪ੍ਰਮੁਖ ਭਾਸ਼ਾਵਾਂ ਵਿਚ ਪੁਸਤਕਾਂ ਪ੍ਰਕਾਸ਼ਤ ਕਰਦੇ ਹਾਂ । ਬੱਚਿਆਂ ਤੇ ਨੌਜੁਆਨਾਂ ਲਈ, ਬਾਲਗਾਂ ਤੇ ਬੁੱਢਿਆਂ ਲਈ। ਔਖੇ ਤੋਂ ਔਖੇ ਵਿਸ਼ੇ, ਸੌਖੀ ਤੋਂ ਸੌਖੀ ਭਾਸ਼ਾ, ਜੋ ਆਮ ਆਦਮੀ ਦੀ ਪਹੁੰਚ ਤੋਂ ਪਰੇ ਨਾ ਹੋਵੇ !

ਤੇ ਹੁਣ ਅਸੀਂ ਆਪ ਦੀ ਸੇਵਾ ਲਈ ਪੰਜਾਬ ਵਿਚ ਵੀ ਕਦਮ ਰਖੇ ਹਨ—ਐਨ. ਬੀ. ਟੀ. ਬੁਕ ਸੈਂਟਰ ਅੰਮ੍ਰਿਤਸਰ ਵਿਖੇ ਖੁਲ੍ਹ ਗਿਆ ਹੈ । ਆਪ ਚਾਹੋ ਤਾਂ ਉਥੇ ਜਾ ਕੇ ਵੰਨ ਸੁਵੰਨੀਆਂ ਪੁਸਤਕਾਂ ਦੇਖ ਤੇ ਖਰੀਦ ਸਕਦੇ ਹੋ ।

ਹੋਰ ਜਾਣਕਾਰੀ, ਮੁਫਤ ਪੁਸਤਕ ਸੂਚੀ ਤੇ ਪੁਸਤਕਾਂ ਖਰੀਦਣ ਲਈ ਇਥੇ ਸੰਪਰਕ ਕਰੋ !

| | | |
|---|---|---|
| ਵਿਕਰੀ ਪ੍ਰਬੰਧਕ | ਐਨ. ਬੀ. ਟੀ. ਬੁਕ ਸੈਂਟਰ, | ਸੇਲਜ਼ ਇੰਪੋਰੀਅਮ |
| ਸ਼ੋਅ ਰੂਮ | ਕਮਰਾ ਨੰ: 41, | ਪਬਲੀਕੇਸ਼ਨ ਡਿਵੀਜ਼ਨ |
| ਨੈਸ਼ਨਲ ਬੁਕ ਟਰੱਸਟ, ਇੰਡੀਆ, | ਗਵਰਨਮੈਂਟ ਹਾਇਰ ਸੈਕੰਡਰੀ ਸਕੂਲ, | (ਪਹਿਲੀ ਮੰਜ਼ਿਲ) |
| ਏ-4, ਗ੍ਰੀਨ ਪਾਰਕ | ਟਾਊਨ ਹਾਲ | ਸੁਪਰ ਬਾਜ਼ਾਰ |
| ਨਵੀਂ ਦਿੱਲੀ | ਅੰਮ੍ਰਿਤਸਰ | ਕਨਾਟ ਸਰਕਸ |
| 110016 | | ਨਵੀਂ ਦਿੱਲੀ |
| | | 110001 |

ਆਰਸੀ ਪਬਲਿਸ਼ਰਜ਼, ਪਲੱਈਅਰ ਗਾਰਡਨ ਮਾਰਕੀਟ
ਚਾਂਦਨੀ ਚੌਂਕ, ਦਿੱਲੀ-110006



''ਮਾਰਕਸਵਾਦ ਵਿਚਾਰਧਾਰਕ ਜਦੋ-ਜਹਿਦ ਰਾਹੀਂ, ਬੁੱਧੀਮਾਨ ਤਬਕੇ ਦੀ ਬੁਰਜੁਆ ਜ਼ਹਿਨੀਅਤ ਨੂੰ ਬਦਲਦਾ ਹੈ, ਵਿਚਾਰਧਾਰਕ ਤੌਰ 'ਤੇ ਉਸ ਨੂੰ ਪਰੋਲਤਾਰੀ ਦੇ ਪੈਂਤੜੇ 'ਤੇ ਲਿਆਉਂਦਾ ਹੈ, ਈਮਾਨੋਂ ਉਸ ਨੂੰ ਵਰਕਰ ਦਾ ਗੁਰਭਾਈ ਬਣਾਉਂਦਾ ਹੈ ।''

⊙ ''ਖ਼ੂਨ ਦੇ ਸੋਹਲੇ...'' (ਸਫ਼ਾ 4) — ''ਨਿਰਮੋਹੀ''
⊙ ਮਾਰਕਸਵਾਦ ਦੀ ਉਸਾਰੀ ਦਾ ਮਸਲਾ (ਸਫ਼ਾ 5) — ਕਿਸ਼ਨ ਸਿੰਘ
⊙ ''ਅੱਜ ਦੀ ਪੰਜਾਬੀ ਆਲੋਚਨਾ''—2 (ਸਫ਼ਾ 15) — ......
⊙ ਆਏ ਇਨਕਲਾਬ ਕੁਰਾਹੇ ਕਿਉਂ ?—20
ਸਾਇੰਸ-ਟੈਕਨਾਲੋਜੀ : ਬੁਰਜੁਆ ਪੈਂਤੜੇ ਵਾਲਿਆਂ ਦੇ
ਢੁੱਚਰ ਤੇ ਦਲੀਲਾਂ (ਸਫ਼ਾ 23) — ਕਿਸ਼ਨ ਸਿੰਘ
⊙ ਇਕ ਖ਼ਤ ਤੇਰੇ ਨਾਂ (ਸਫ਼ਾ 31) — ਗੁਰਬਚਨ
⊙ ਪੰਜਾਬੀ ਭਾਸ਼ਾ ਦੀ ਉਨਤੀ ਦੀ ਨੁਹਾਰ (ਸਫ਼ਾ 43) — ਡਾ. ਜੋਗਿੰਦਰ ਸਿੰਘ ਪੁਆਰ
⊙ ਮਾਂ-ਬੋਲੀ ਤੇ ਲੋਕ ਸੰਘਰਸ਼ (ਸਫ਼ਾ 53) — ਕਿਰਪਾਲ ਸਿੰਘ ਆਜ਼ਾਦ
⊙ ਪੁਸਤਕ ਚਰਚਾ
* ਸਵਰਨ ਚੰਦਨ ਦੇ ਨਾਵਲ ''ਨਵੇਂ ਰਿਸ਼ਤੇ'' ਦਾ ਅਧਿਐਨ (58) — ਅਵਤਾਰ ਉੱਪਲ
* ''ਸ਼ੀਸ਼ੇ ਦਾ ਜੰਗਲ'' : ਨਫ਼ਾਸਤ ਤੇ ਨਵ-ਚੇਤਨਾ ਦੀ ਝਲਕ (63) — ਹਿੰਮਤ ਸਿੰਘ ਸੋਢੀ
* ਕੇ.ਐਲ. ਗਰਗ ਦਾ ਕਹਾਣੀ ਸੰਗ੍ਰਹਿ ''ਤਲਬ ਦਾ ਰਿਸ਼ਤਾ'' (65) — ਭੁੱਲਰ

## ''ਖ਼ੂਨ ਕੇ ਸੋਹਲੇ...'

ਖ਼ੁਰਾਸਾਨ ਖਸਮਾਨਾ ਕੀਆ ਪਾਕਿਸਤਾਨ ਡਰਾਇਆ
ਰੂਸ ਪੰਜਾਬੇ ਆਇਆ ਭਾਈ, ਰੂਸ ਪੰਜਾਬੇ ਆਇਆ ।

ਸਾਮਰਾਜ ਲੋਕਾਂ ਨੂੰ ਲੁੱਟੇ, ਮੱਚਦੀ ਰਾਮ ਦੁਹਾਈ
ਸੋਸ਼ਲਿਸਟ ਪਏ ਸੋਸ਼ਲਿਸਟ ਨੂੰ, ਇਹ ਗੱਲ ਮੂਲ ਨਾ ਭਾਈ ।

'ਯਕ-ਜਿਹਤੀ' ਦਾ ਨਾਅਰਾ ਲਾਇਆ ਚੁਕ ਸ਼ਮਸ਼ੀਰ 'ਔਰੰਗੇ'
ਸਭ ਤੋਂ ਸੁਹਣੇ ਦੇਸ਼ ਦੇ ਪੁਤਰਾਂ ਦੀ ਕੁਰਬਾਨੀ ਮੰਗੇ ।

ਅੰਨ੍ਹੇ ਬੋਲੇ ਪੀਸ ਰਹੇ ਨੇ, ਕੁੱਤਾ ਚੱਕੀ ਚੱਟੇ
ਵੱਖ ਵੱਖ ਮੁਹਰਾਂ ਲੈ ਕੇ ਆ ਗਏ, ਇਕ ਥੈਲੀ ਦੇ ਵੱਟੇ ।

ਬੱਡੇ ਬੱਡੇ 'ਖੱਬੀ ਖਾਨਾਂ' ਟੇਕ ਦਿਤੇ ਨੇ ਗੋਡੇ
ਪੜ੍ਹਨ ਨਮਾਜ਼ਾਂ ਵਿਚ ਮਸੀਤੀਂ, ਕਾਫ਼ਰ ਰੋਡੇ-ਭੋਡੇ ।

ਚਾਰੇ ਪਾਸੇ ਸ਼ਬਦ-ਜਾਲ ਹੈ, ਜਾਂ ਫਿਰ ਮਾਇਆ-ਜਾਲ
ਕਿਸ ਬਿਧ ਗਤ ਹੋਵੇ ਭਾਈ, ਕਿਥੇ ਸੱਚ-ਟਕਸਾਲ ।

ਬਾਈ ਮੰਜੀਆਂ ਡਾਹ ਕੇ ਬੈਠੇ, ਵੇਖੋ ਰੱਬ ਦਾ ਭਾਣਾ
ਅਸਲੀ ਗੁਰੂ ਹੈ ਕਿਥੇ ਲੁਕਿਆ, ਲਭਦਾ ਫਿਰੇ ਲਬਾਣਾ ।

—'ਨਿਰਮੋਹੀ'



''ਨਾ ਮਾਰਕਸਵਾਦ ਮੰਗਵਾਂ ਲਿਆ ਜਾ ਸਕਦਾ ਹੈ ਅਤੇ ਨਾ ਹੀ ਆਪਣੇ ਸਮਾਜ ਦੀ ਸਥਿਤੀ ਦੀ ਸਮਝ, ਹੁਦਾਰੀ ।''

''ਮਾਰਕਸਵਾਦ ਨੂੰ ਸਮਝਣਾ ਤੇ ਉਸ ਨੂੰ ਲਾਗੂ ਕਰਨਾ ਇਕ ਹੀ ਵੇਗ ਹੈ...ਲਾਗੂ ਕਰਨ ਤੋਂ ਬਗੈਰ ਮਾਰਕਸਵਾਦ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਮਰੇ ਮਾਰਕਸਵਾਦ ਦੀ ਹੱਡੀਆਂ ਗਿਣਨ ਵਾਲੀ ਗੱਲ ਹੈ ।''

## ਮਾਰਕਸਵਾਦ ਦੀ ਉਸਾਰੀ ਦਾ ਮਸਲਾ

ਕਿਸ਼ਨ ਸਿਘ

ਸਾਡੀ ਮਾਰਕਸਵਾਦੀ ਲਹਿਰ ਦੇ ਪ੍ਰਸੰਗ ਵਿਚ ਇਹ ਤੱਥ ਗ੍ਰਹਿਣ ਕਰਵਾਉਣਾ ਲਾਜ਼ਮੀ ਹੈ ਕਿ ਰਵਾਇਤ ਦੇ ਪੁਜਾਰੀ ਹੋਣਾ, ਇਨਕਲਾਬੀ ਰਵਾਇਤ ਨੂੰ ਆਪਣੇ ਸਿਰ ਦਾ ਸਾਈਂ ਬਣਾ ਲੈਣਾ ਆਪਣੀ ਮੌਤ ਨੂੰ ਵਾਜਾਂ ਮਾਰਨੀਆਂ ਨੇ, ਆਪਣੀ ਮੌਤ ਨੂੰ ਆਪ ਸਹੇੜਨਾ ਹੈ । ਮਾਰਕਸਵਾਦੀ ਇਨਕਲਾਬ ਦੀ ਇਕ ਬੁਨਿਆਦੀ ਅਸਲੀਅਤ ਇਹ ਹੈ ਕਿ ਰਵਾਇਤ, ਹੋ ਚੁਕੇ ਇਨਕਲਾਬਾਂ ਦੀ ਨਕਲ ਇਸਦੀ ਮੌਤ ਹੈ । ਜੀਊਂਦੇ ਜਾਗਦੇ ਬੰਦਿਆਂ ਵਾਂਗ, ਹਰ ਇਨਕਲਾਬ—ਬੁਰਜੁਆ ਜਮਹੂਰੀ, ਨਵਾਂ ਬੁਰਜੁਆ ਜਮਹੂਰੀ, ਜਾਂ ਸਮਾਜਵਾਦੀ—ਆਪਣੀ ਕਿਸਮ ਦਾ ਪ੍ਰਤੀਨਿਧ ਹੁੰਦਾ ਹੋਇਆ ਵਿਲੱਖਣ ਹੁੰਦਾ ਹੈ । ਇਕ ਨਿਜ਼ਾਮ ਦੇ ਕੋਈ ਦੋ ਸਮਾਜ ਵੀ ਇਕ ਦੂਸਰੇ ਦੀ ਕਾਰਬਨ ਕਾਪੀ ਨਹੀਂ ਹੁੰਦੇ । ਹਰ ਸਮਾਜ ਆਪਣੇ ਨਿਜ਼ਾਮ ਦਾ ਪ੍ਰਤੀਨਿਧ ਹੁੰਦਾ ਹੋਇਆ ਅਦੁਤੀ ਹੁੰਦਾ ਹੈ । ਅੱਜ ਦੇ ਹਾਲਾਤ ਵਿਚ ਹਰ ਸਮਾਜ ਸੰਸਾਰ ਦੀ ਡਾਇਲੈਕਟਿਕ ਦੇ ਪ੍ਰਸੰਗ ਵਿਚ ਹੈ । ਹਰ ਇਨਕਲਾਬ, ਉਸ ਵੇਲੇ ਦੀ ਸੰਸਾਰ ਦੀ ਡਾਇਲੈਕਟਿਕ ਦੇ ਪ੍ਰਸੰਗ ਵਿਚ ਆਪਣੇ ਸਮਾਜ ਦੇ ਖਾਸ ਹਾਲਾਤ ਵਿਚੋਂ, ਉਸ ਦੇ ਖਾਸ ਵਿਰੋਧਾਂ ਵਿਚੋਂ ਪੈਦਾ ਹੁੰਦਾ ਹੈ । ਸਮਾਜ ਦੇ ਅੰਦਰਲੇ ਵਿਰੋਧ ਜਿਸ ਤਰ੍ਹਾਂ ਖੜੇ ਹੁੰਦੇ ਆਉਂਦੇ ਹਨ, ਅਤੇ ਉਹਨਾਂ ਦੇ ਉਭਰ ਆਉਂਦਿਆਂ ਵੇਲੇ ਜੋ ਰਾਸ਼ਟਰੀ ਸਥਿਤੀ ਸਾਹਮਣੇ ਆਉਂਦੀ ਹੈ ਅਤੇ ਉਹਨਾਂ ਦੋਹਾਂ ਦਾ ਆਪਸ ਵਿਚ ਜੋ ਰਿਸ਼ਤਾ ਹੈ ਉਸਨੂੰ ਸਮਝਣਾ ਇਨਕਲਾਬੀਆਂ ਵਾਸਤੇ ਅੱਤ ਜ਼ਰੂਰੀ ਹੁੰਦਾ ਹੈ ।

ਸੰਸਾਰ ਦੀ ਡਾਇਲੈਕਟਿਕ ਤੇ ਉਸਦੇ ਪ੍ਰਸੰਗ ਵਿਚ ਹਰ ਸਮਾਜ ਦੀ ਅਸਲੀਅਤ ਬਦਲਦੀ ਜਾ ਰਹੀ ਹੈ । ਜੋ ਕਲ ਸਹੀ ਸੀ ਉਹ ਅੱਜ ਹੂ-ਬਹੂ ਸਹੀ ਨਹੀਂ ਹੈ । ਸੋ ਠੋਸ ਸਥਿਤੀ ਦੀ ਠੋਸ ਵਿਆਖਿਆ ਕਰਨਾ, ਇਤਿਹਾਸਕ ਮੌਕੇ ਦੀ ਖਾਸ ਖਾਸੀਅਤ ਦੀ ਨਬਜ਼ ਪਛਾਨਣਾ ਇਨਕਲਾਬੀ ਲੀਡਰਸ਼ਿਪ ਵਾਸਤੇ ਜਿੱਤ ਹਾਰ ਦਾ, ਜ਼ਿੰਦਗੀ ਮੌਤ ਦਾ ਸਵਾਲ ਹੁੰਦਾ ਹੈ । ਬੁਨਿਆਦੀ ਮਸਲੇ ਦੇ ਉਹੀ ਹੁੰਦਿਆਂ ਹੋਇਆਂ, ਹਰ ਇਨਕਲਾਬ ਨਵਿਆਂ ਮਸਲਿਆਂ ਨੂੰ ਮੁਖਾਤਬ ਹੁੰਦਾ ਹੈ । ਜਾਂ ਇਉਂ ਕਹਿ ਲਵੋ ਕਿ ਉਹ ਬੁਨਿਆਦੀ ਮਸਲੇ ਦੀ ਨਵੀਂ ਸ਼ਕਲ ਨੂੰ ਮੁਖਾਤਬ ਹੁੰਦਾ ਹੈ ।

ਮਾਰਕਸਵਾਦ ਕੋਈ ਮੰਤਰ ਨਹੀਂ, ਖੁਲ੍ਹ ਸਿਮ-ਸਿਮ ਨਹੀਂ । ਸਮਾਜਕ ਅਸਲੀਅਤ ਨੂੰ

ਸਮਝਣ ਦੀ ਸਾਇੰਸ ਹੈ। ਸਾਇੰਟਿਫਿਕ ਗਿਆਨ ਵਧਦਾ, ਉੱਸਰਦਾ ਜਾਂਦਾ ਹੈ, ਅਤੇ ਉਸਦੇ ਨਾਲ ਸਮਾਜ ਦੀ ਸਾਇੰਸ, ਮਾਰਕਸਵਾਦ ਵੀ, ਉਸਦੇ ਸਮੂਹੀ ਕਾਨੂੰਨ ਦੀ ਸਮਾਜਕ ਵੇਗ ਬਾਬਤ ਸਮਝ ਵੀ, ਅੱਗੇ ਨਾਲੋਂ ਗਹਿਰੀ, ਭਰਵੀਂ ਹੁੰਦੀ ਜਾਂਦੀ ਹੈ। ਸਮਾਜਕ ਵੇਗ ਦੀ ਤੋਰ ਦੀ, ਅਤੇ ਉਸਦੀ ਸਮਝ, ਮਾਰਕਸਵਾਦ, ਦੀ ਆਪਸ ਵਿਚ ਦੌੜ ਹੈ ਜਿਸ ਵਿਚ ਮਾਰਕਸਵਾਦ ਦੇ ਪਿੱਛੇ ਰਿਹਾਂ, ਆਪਣੇ ਪੁਰਾਣੇ ਵੇਦਾਂ, ਤੇ ਹੀ ਅਧਾਰਤ ਰਿਹਾਂ ਗੁਜ਼ਾਰਾ ਨਹੀਂ ਚਲ ਸਕਦਾ। ਨਿੱਤ ਬਦਲਦੇ ਹਾਲਾਤ ਦੇ ਹਾਣੀ ਰਹਿਣਾ, ਮਾਰਕਸਵਾਦ ਵਾਸਤੇ ਵੱਡੀ ਵਿਚਾਰਧਾਰਕ ਜਦੋ-ਜਹਿਦ ਹੈ। ਨਿੱਤ ਨਵੇਂ, ਬਦਲਦੇ ਹਾਲਾਤ ਤੋਂ ਸਿਖਣਾ, ਉਹਨਾਂ ਨੂੰ ਸਿਖਾਉਣਾ, ਉਹਨਾਂ ਦੀ ਅਗਵਾਈ ਕਰਨਾ, ਹੋ ਚੁਕੇ ਉਸਤਾਦਾਂ ਕੋਲੋਂ ਲਿਆਂ ਸਬਕਾਂ ਨਾਲ ਹੀ ਨਹੀਂ ਹੋ ਸਕਦਾ।

ਪਦਾਰਥਕ ਹਾਲਾਤ, ਇਤਿਹਾਸਕ ਹਾਲਾਤ ਅੰਤ ਹਾਲਾਤ ਹੀ ਹਨ। ਇਨਕਲਾਬ ਅੰਤ ਮਨੁਖੀ ਕਰਤਵ ਹੈ। ਇਹ ਲੋਕਾਂ ਹੀ, ਮੁਲਖੱਈਏ ਹੀ ਲਿਆਉਣਾ ਹੈ। ਅਤੇ ਹਾਲਾਤ ਦੇ ਪ੍ਰਸੰਗ ਵਿਚ ਬੰਦੇ ਤੁਰਦੇ ਹਨ ਆਪਣੀ ਕਲਚਰ ਦੇ ਤੋਰੇ। ਆਪਣੇ ਸਮਾਜ ਦੀ ਕਲਚੁਰ ਨੂੰ ਕਿਸੇ ਓਪਰੇ ਤਾਂ ਆ ਕੇ ਸਮਝਾ ਨਹੀਂ ਜਾਣਾ ਹੁੰਦਾ। ਉਸਦੀਆਂ ਛਿਲਤਾਂ ਤਾਂ ਆਪਣੇ ਨੌਹਾਂ ਵਿਚ ਹੀ ਹੁੰਦੀਆਂ ਨੇ। ਆਪਣੀ ਵਸੋਂ ਦੇ ਇਤਿਹਾਸਕ ਤੌਰ 'ਤੇ ਉੱਸਰੇ, ਆਪਣੀ ਕਲਚਰ ਦੇ ਉਸਾਰੇ ਮਨੁਖੀ ਆਚਰਨ ਦੀ ਤਸ਼ਖੀਸ ਕਰਨੀ, ਵੱਖ ਵੱਖ ਜਮਾਤਾਂ ਦੇ ਆਪਸ ਵਿਚ ਰਿਸ਼ਤਿਆਂ ਨੂੰ ਸਮਝਣਾ, ਇਤਿਹਾਸਕ ਤੌਰ 'ਤੇ ਉੱਸਰੇ ਉਹਨਾਂ ਦੇ ਆਪਸ ਵਿਚ ਰਵੱਈਏ ਦੇ ਗੌਹਰੀ ਹੋਣਾ, ਖਾਸ ਇਤਿਹਾਸਕ ਮੌਕੇ, ਇਨਕਲਾਬੀ ਸਥਿਤੀ ਵਿਚ ਉਹਨਾਂ ਦੇ ਮੂਡ ਦੀ ਵਗਦੀ ਵਾ ਪਛਾਨਣੀ ਲੀਡਰਸ਼ਿਪ ਦਾ ਕਰਤਵ ਹੈ। ਇਹਨਾਂ ਉਤੇ, ਮਨੁਖੀ ਮੁਹਾਜ਼ ਉਤੇ, ਕਿਸੇ ਵੇਲੇ ਲੋਕਾਂ ਦੇ ਵਰਤਾਓ ਬਾਬਤ ਆਪਣੇ ਵੇਦਾਂ ਤੋਂ ਲਿਆ ਘੜਿਆ ਘੜਾਇਆ ਕੋਈ ਫਾਰਮੂਲਾ ਲਾਗੂ ਨਹੀਂ ਹੁੰਦਾ। ਇਸ ਤੋਂ ਉਪਰੰਤ ਬੁਰਜੁਆਜ਼ੀ, ਉਸ ਦੀ ਕਲਚਰ, ਉਸ ਦੀ ਵਿਚਾਰਧਾਰਾ, ਨਜ਼ਰੀਆ ਸੁੱਤੇ ਨਹੀਂ ਰਹਿੰਦੇ। ਉਹ ਮਾਰਕਸਵਾਦ ਦੇ ਆਪਣੇ ਅੰਦਰ ਇਕਾਨੌਮਿਜ਼ਮ ਦਾ ਰਲਾ ਲਗਾਤਾਰ ਪਾਈ ਤੁਰੇ ਜਾਂਦੇ ਹਨ। ਇਤਿਹਾਸਕ ਤਜਰਬਾ ਦਸਦਾ ਹੈ ਕਿ ਮਾਰਕਸਵਾਦ ਵਿਚ ਬੁਰਜੁਆ ਅਸਲਾ ਐਸੀ ਸ਼ਕਲ ਵਿਚ ਤੇ ਐਸੇ ਢੰਗ ਨਾਲ ਪਾਉਂਦੇ ਹਨ ਕਿ ਸਿਰਕੱਢ ਇਨਕਲਾਬੀ ਮਾਰਕਸਵਾਦੀ ਲੀਡਰਾਂ ਨੂੰ ਵੀ, ਵਕਤ ਸਿਰ ਉਸ ਦੀ ਪਰਖ ਨਹੀਂ ਆਉਂਦੀ।

ਸਾਰੀ ਗੱਲ ਦਾ ਮੂਲ ਮੁੱਦਾ ਇਹ ਹੈ ਕਿ ਜਮ੍ਹਾਂ ਤੇ ਮਨਫੀ, ਦੋਹਾਂ ਕਿਸਮਾਂ ਦੇ ਇਤਿਹਾਸਕ ਤਜਰਬਿਆਂ ਤੋਂ ਸਭ ਮੁਮਕਿਨ ਫਾਇਦਾ ਉਠਾਉਣ, ਸਿੱਖਣ ਦੇ ਬਾਵਜੂਦ (ਤੇ ਇਹ ਸਿਖਣਾ ਲਾਜ਼ਮੀ ਹੈ) ਆਪਣੇ ਸਮਾਜ ਵਿਚ ਇਨਕਲਾਬ ਲਿਆਉਣਾ ਆਪਣਾ ਹੀ ਕੰਮ ਹੈ। ਆਪਣੇ ਸਮਾਜ ਦੇ ਪ੍ਰਸੰਗ ਵਿਚ ਮਾਰਕਸਵਾਦ ਨੂੰ ਸਮਝਣਾ, ਉਸਦੇ ਸਮੂਹੀ ਸਿਧਾਂਤਾਂ ਨੂੰ ਆਪਣੀ ਸਮਾਜਕ ਅਸਲੀਅਤ 'ਤੇ ਲਾਗੂ ਕਰਨਾ, ਆਪਣੀ ਲੋੜ ਵਾਸਤੇ ਆਪਣੇ ਮਾਰਕਸਵਾਦ ਨੂੰ ਆਪ ਉਸਾਰਨਾ ਪੈਂਦਾ ਹੈ। ਏਥੇ, ਲਏ ਸਬਕਾਂ 'ਤੇ ਹੀ ਸ਼ਾਕਰ ਰਿਹਾਂ ਗੱਲ ਨਹੀਂ ਬਣਦੀ। ਜਿੰਨਾ ਚਿਰ ਸ਼ਾਗਿਰਦ ਆਪਣੇ ਉਸਤਾਦ ਨਾਲੋਂ ਛੜੱਪ ਨਾ ਜਾਵੇ ਉਹ ਆਪਣੀ ਇਨਕਲਾਬੀ ਸਥਿਤੀ ਦੇ ਹਾਣੀ ਨਹੀਂ ਹੋ ਸਕਦਾ।

ਹਰ ਇਨਕਲਾਬ ਨੂੰ ਤੁਰੇ ਆਉਂਦੇ ਮਾਰਕਸਵਾਦ ਦੀ ਰਵਾਇਤ ਕਿਸ ਤਰ੍ਹਾਂ ਤੋੜਨੀ ਪੈਂਦੀ ਹੈ, ਉਸ ਦੇ ਸਮੂਹੀ ਕਾਨੂੰਨ ਆਪਣੇ ਸਮਾਜ ਦੀ ਸਥਿਤੀ ਉਤੇ, ਆਪਣੇ ਨਵੇਕਲੇ ਤਰੀਕੇ ਨਾਲ ਕਿਸ ਤਰ੍ਹਾਂ ਲਾਗੂ ਹੁੰਦੇ ਹਨ, ਅਤੇ ਇਹਨਾਂ ਦੇ ਲਾਗੂ ਹੁੰਦਿਆਂ ਨੂੰ ਵੇਖਦਿਆਂ ਕਿਸ ਤਰ੍ਹਾਂ ਆਪਣਾ ਮਾਰਕਸਵਾਦ ਆਪ ਉਸਾਰਨਾ ਪੈਂਦਾ ਹੈ—ਇਸ ਦੇ ਵਿਸਥਾਰ ਵਿਚ ਜਾਣਾ ਤਾਂ ਸੰਸਾਰ ਦੀ ਮਾਰਕਸਵਾਦੀ ਲਹਿਰ ਦੇ ਇਤਿਹਾਸ ਦੇ ਵਿਸਤਾਰ ਵਿਚ ਜਾਣਾ ਹੈ। ਉਸਦੇ ਵਿਸਤਾਰ ਵਿਚ



ਜ਼ਾਣਾ ਇਸ ਨੋਟ ਵਿਚ ਨਾ-ਮੁਮਕਿਨ ਹੈ ਅਤੇ ਹਥਲੇ ਨੁਕਤੇ ਵਾਸਤੇ ਨਾ ਹੀ ਉਸ ਦੇ ਵਿਸਤਾਰ ਵਿਚ ਜਾਣ ਦੀ ਲੋੜ ਹੈ। ਚੰਦ ਮਿਸਾਲਾਂ ਹੀ ਕਾਫੀ ਹਨ। ਦੂਸਰੀ ਇਨਟਰਨੈਸ਼ਨਲ ਦੇ ਮਾਰਕਸਵਾਦ ਦੇ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ। ਸਿਰਫ ਇਕ ਨੁਕਤੇ ਵਲ ਧਿਆਨ ਦਿਵਾਉਣਾ ਹੀ ਕਾਫੀ ਹੈ। ਉਸ ਨੇ ਮਾਰਕਸਵਾਦ ਦਾ ਮੂਲ ਹੀ ਪੈਦਾਵਾਰ ਦੀਆਂ ਸ਼ਕਤੀਆਂ ਦੇ ਸਿਧਾਂਤ ਨੂੰ ਬਣਾ ਦਿਤਾ ਸੀ। ਉਸਦੇ ਸਿਧਾਂਤ ਦੇ ਮੁਤਾਬਿਕ ਸਮਾਜ ਦੀ ਉਸਾਰੀ ਦੀਆਂ ਵੱਖ ਵੱਖ, ਅਟੱਲ ਸਟੇਜਾਂ ਸਨ—ਮੁਢਲੀ ਕਮਿਊਨ, ਗੁਲਾਮਦਾਰੀ, ਫਿਊਡਲ, ਸਰਮਾਏਦਾਰੀ ਤੇ ਸਮਾਜਵਾਦ—ਜਿਨ੍ਹਾਂ ਰਾਹੀਂ ਹਰ ਸਮਾਜ ਨੂੰ ਲਾਜ਼ਮੀ ਲੰਘਣਾ ਪੈਂਦਾ ਹੈ। ਅਤੇ ਇਹ ਵੱਖ ਵੱਖ ਸਟੇਜਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ 'ਤੇ ਨਿਰਭਰ ਹਨ। ਅਤੇ ਉਸਦਾ ਪੈਦਾਵਾਰ ਦੀਆਂ ਸ਼ਕਤੀਆਂ ਦਾ ਸੰਕਲਪ ਵੀ ਸੀ ਟੈਕਨਾਲੋਜੀ। ਉਸਦੇ ਮਾਰਕਸਵਾਦ ਦੇ ਅਨੁਸਾਰ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਤੋਂ ਪਹਿਲਾਂ, ਟੈਕਨਾਲੋਜੀ ਉੱਸਰਨ ਤੋਂ ਪਹਿਲਾਂ ਇਨਕਲਾਬ ਆ ਹੀ ਨਹੀਂ ਸੀ ਸਕਦਾ। ਇਸ ਦਾ ਮਤਲਬ ਸੀ ਕਿ ਸਮਾਜਵਾਦੀ ਇਨਕਲਾਬ ਤਾਂ ਹੀ ਆ ਸਕਦਾ ਹੈ ਜੇ ਉਸਦੇ ਵਾਸਤੇ ਟੈਕਨਾਲੋਜੀ ਦੀ ਨੀਂਹ ਤਿਆਰ ਹੋਵੇ, ਸਰਮਾਏਦਾਰੀ ਬਾਲਗ ਹੋ ਚੁਕੀ ਹੋਵੇ, ਸਾਰਾ ਸਮਾਜ ਵੱਡੇ ਪੈਮਾਨੇ ਦੀ ਸਨਅਤ 'ਤੇ ਆਧਾਰਤ ਹੋ ਚੁਕਾ ਹੋਵੇ। ਇਸ ਸਿਧਾਂਤ ਦੇ ਅਨੁਸਾਰ ਰੂਸ ਵਰਗੇ, ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕ ਵਿਚ ਸਮਾਜਵਾਦੀ ਇਨਕਲਾਬ ਆਉਣਾ ਅਸੰਭਵ ਸੀ। ਐਸੇ ਸਮਾਜ ਵਿਚ ਪ੍ਰੋਲਤਾਰੀ ਦਾ ਰੋਲ ਸੀ, ਫਿਊਡਲ ਦੇ ਵਿਰੁਧ ਬੁਰਜੁਆਜ਼ੀ ਦੀ ਪੁਸ਼ਟੀ ਕਰਨਾ। ਬਾਲਸ਼ਵਿਕਾਂ ਨੇ ਸੰਸਾਰ ਦੀ ਡਾਇਲੈਕਟਿਕ ਦੇ ਪ੍ਰਸੰਗ ਵਿਚ ਆਪਣੇ ਸਮਾਜ ਦੀ ਅਸਲੀਅਤ ਸਮਝੀ ਕਿ ਇਹ ਸੰਸਾਰ ਸਰਮਾਏਦਾਰੀ ਦੀ ਕਮਜ਼ੋਰ ਤੋਂ ਕੰਮਜ਼ੋਰ ਕੜੀ ਸੀ। ਇਥੋਂ ਦੀ ਬੁਰ-ਜੁਆਜ਼ੀ ਦੀ ਆਪਣੀ ਆਜ਼ਾਦ ਨੀਂਹ ਨਹੀਂ ਸੀ। ਇਹ ਆਪਣੀ ਹੋਂਦ ਤੇ ਵਿਕਾਸ ਵਾਸਤੇ ਜ਼ਾਰ ਦੀ ਸਟੇਟ 'ਤੇ ਓਟ ਰਖਦੀ ਸੀ। ਉਸ ਦੇ ਵਿਰੁਧ ਸਿਰਧੜ ਦੀ ਲਾਉਣੋਂ ਇਹ ਅਸਮਰੱਥ ਸੀ। ਦੂਸਰੇ ਪਾਸੇ ਤੋਂ ਰੂਸੀ ਪਰੋਲਤਾਰੀ ਖਾਸ ਚੂਲੀ ਥਾਵਾਂ 'ਤੇ ਕੇਂਦਰਤ ਸੀ। ਉਸ ਦੀਆਂ ਇਨਕਲਾਬੀ ਸੰਭਾਵਨਾਵਾਂ ਸਨ। ਅਤੇ ਬੁਰਜੁਆ ਜਮਹੂਰੀ ਇਨਕਲਾਬ ਦੀ ਸਟੇਜ ਤਕ ਕਿਸਾਨੀ ਵੀ ਇਸ ਦੀ ਪੁਸ਼ਟੀ ਕਰਨ ਨੂੰ, ਇਸ ਦਾ ਸਾਥ ਦੇਣ ਨੂੰ ਤਿਆਰ ਸੀ।

ਬਾਲਸ਼ਵਿਕਾਂ ਨੇ ਦੂਸਰੀ ਇਨਟਰਨੈਸ਼ਨਲ ਦੇ ਪੈਦਾਵਾਰ ਦੀਆਂ ਸ਼ਕਤੀਆਂ ਵਾਲੇ ਮਾਰਕਸਵਾਦ ਨੂੰ ਉਲੱਦ ਮਾਰਿਆ। ਉਹਨਾਂ ਸਹੀ ਮਾਰਕਸਵਾਦ ਦੇ ਮੂਲ ਨੂੰ ਬਹਾਲ ਕੀਤਾ ਕਿ ਸਮਾਜ ਦੀ ਇਤਿਹਾਸਕ ਉਸਾਰੀ, ਸਮਾਜ ਦੀ ਤਬਦੀਲੀ ਜਮਾਤੀ ਜਦੋ-ਜਹਿਦ ਦੀ ਕੀਤੀ ਹੁੰਦੀ ਹੈ। ਉਹਨਾਂ ਇਨਕਲਾਬ ਲੈ ਆਂਦਾ। ਪਰ ਬਾਲਸ਼ਵਿਕਾਂ ਦਾ ਦੂਸਰੀ ਇਨਟਰਨੈਸ਼ਨਲ ਦਾ ਕਿਰੀਟੀਕ ਸਿਆਸਤ ਤਕ ਹੀ ਮਹਿਦੂਦ ਰਿਹਾ, ਅੰਰਥਕਤਾ ਤਕ ਨਾ ਪਹੁੰਚਿਆ। ਇਨਕਲਾਬ ਲਿਆਉਣ ਵਾਸਤੇ ਤਾਂ ਉਹਨਾਂ ਦੂਸਰੀ ਇਨਟਰਨੈਸ਼ਨਲ ਦੇ ਮਾਰਕਸਵਾਦ ਨੂੰ ਉਲੱਦ ਮਾਰਿਆ ਪਰ ਇਨਕਲਾਬ ਲਿਆ ਕੇ, ਸਮਾਜਵਾਦ ਦੀ ਉਸਾਰੀ ਵਾਸਤੇ ਉਹ ਉਸ ਦੇ ਮਾਰਕਸਵਾਦ ਦੇ, ਪੈਦਾਵਾਰ ਦੀਆਂ ਸ਼ਕਤੀਆਂ ਵਾਲੇ ਮਾਰਕਸਵਾਦ ਦੇ, ਇਕਾਨੌਮਿਜ਼ਮ ਦੇ ਹੀ ਸ਼ਿਕਾਰ ਰਹੇ। ਉਹਨਾਂ ਦਾ ਸਿਧਾਂਤ ਇਕਾਨੌਮਿਜ਼ਮ ਰਿਹਾ ਕਿ ਸਮਾਜਵਾਦ ਦੀ ਉਸਾਰੀ ਵਾਸਤੇ ਉਸਦੀ ਆਰਥਕ-ਪਦਾਰਥਕ ਨੀਂਹ ਪਹਿਲਾਂ ਬਣਨੀ ਲਾਜ਼ਮੀ ਹੈ। ਸਮਾਜਵਾਦ ਤੋਂ ਪਹਿਲਾਂ ਆਧੁਨਿਕਤਾ ਲਿਆਉਣੀ ਜ਼ਰੂਰੀ ਹੈ। ਇਸ ਦੇ ਨਾਲ ਇਕਾਨੌਮਿਜ਼ਮ ਦੀ ਸਾਰੀ ਲਾਈਨ ਆ ਕਾਬਜ਼ ਹੋਈ। ਸਮਾਜਕ ਤਬਦੀਲੀ ਤੋਂ ਪਹਿਲਾਂ ਟੈਕਨੀਕਲ ਤਬਦੀਲੀ ਅਵਸ਼ ਹੈ। ਮਸ਼ੀਨ ਪਹਿਲਾਂ ਤੇ ਭਿਆਲੀ (cooperation) ਪਿੱਛੋਂ, **mechanisation before cooperation**। ਕਾਸ਼ਤਕਾਰੀ ਤੋਂ ਪਹਿਲਾਂ ਸਨਅਤ, ਸਨਅਤ ਵਿਚ ਭਾਰੀ

ਸਨਅਤ ਪਹਿਲਾਂ ਤੇ ਹਲਕੀ ਪਿਛੋਂ। ਸਰਮਾਏ ਦਾ ਢੇਰ ਪਹਿਲਾਂ ਤੇ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਪਿੱਛੋਂ। ਵਿਸ਼ੇਸ਼ਗਤਾ ਪਹਿਲਾਂ ਤੇ ਲਾਲ ਹੋਣਾ ਪਿਛੋਂ !!

ਇਸ ਲੀਹੇ ਲਾਜ਼ਮੀ ਸੀ ਕਿ ਸਨਅਤ ਦੀ ਉਸਾਰੀ ਵਾਸਤੇ ਕਾਸ਼ਤਕਾਰੀ ਆਪਣਾ ਲਹੂ ਨਿਚੋੜੇ ਤੇ ਉਸ ਦੇ ਵਾਸਤੇ ਸਰਮਾਇਆ ਵੀ ਇਕੱਠਾ ਕਰ ਕੇ ਦੇਵੇ ਅਤੇ ਲੇਬਰ ਵੀ। ਲੈਨਿਨ, ਟਰਾਟਸਕੀ ਤੇ ਸਟਾਲਨ—ਤਿੰਨੇ ਹੀ ਇਕ-ਪੁਰਖੀ ਬੰਦੋਬਸਤ 'ਤੇ (one-man management), ਕੰਮ ਵਾਸਤੇ ਪਦਾਰਥਕ ਪਰੇਰਨਾ 'ਤੇ (material incentives), ਵੱਡੇ ਪੈਮਾਨੇ 'ਤੇ ਮਾਹਿਰਾਂ 'ਤੇ ਨਿਰਭਰ ਹੋਣ 'ਤੇ ਮਰੇ ਹੋਏ ਸਨ। ਟੇਲਰਿਜ਼ਮ 'ਤੇ ਫਿਦਾ ਸਨ। ਇਸ ਰਾਹੇ ਪਿਆਂ ਕੰਮ ਦੀ ਬੁਰਜੁਆ ਵੰਡ ਵਧਣੀ ਹੀ ਵਧਣੀ ਸੀ। ਅਤੇ ਉਸ ਦਾ ਲਾਜ਼ਮੀ ਅਰਥ ਸੀ ਪੈਦਾਵਾਰ ਦੇ ਬੁਰਜੁਆ ਰਿਸ਼ਤੇ, ਬੁਰਜੁਆ ਸਮਾਜਕ ਰਿਸ਼ਤੇ। ਆਰਥਕਤਾ ਵਿਚ ਇਕਾਨੋਮਿਜ਼ਮ ਦੇ ਸ਼ਿਕਾਰ ਹੋਣ ਦੇ ਜੋ ਭਿਆਨਕ ਸਿੱਟੇ ਨਿਕਲੇ, ਉਹਨਾਂ ਵਿਚ ਜਾਣ ਦੀ ਇਸ ਨੋਟ ਵਿਚ ਗੁੰਜਾਇਸ਼ ਨਹੀਂ।

ਇਨਕਲਾਬ ਲਿਆ ਕੇ ਸਮਾਜਵਾਦ ਦੀ ਉਸਾਰੀ ਵਾਸਤੇ ਜੋ ਕੁਛ ਰੂਸ ਵਿਚ ਹੋਇਆ ਉਹ ਵੱਖਰੀ ਗੱਲ ਹੈ। ਇਨਕਲਾਬ ਲਿਆਉਣ ਵੇਲੇ, ਉਸ ਦੇ ਦੌਰਾਨ, ਬਾਲਸ਼ਵਿਕਾਂ ਨੇ ਮਾਰਕਸਵਾਦ ਦੇ ਤੁਰੇ ਆਉਂਦੇ ਸਿਧਾਂਤਾਂ ਨੂੰ, ਮਾਰਕਸਵਾਦੀਆਂ ਦੇ ਪੱਕੇ ਬਣੇ ਵਿਸ਼ਵਾਸਾਂ ਨੂੰ ਖੂਬ ਤੋੜਿਆ। ਮਾਰਕਸ ਦਾ ਆਪਣਾ ਅੰਦਾਜ਼ਾ ਸੀ ਕਿ ਸਮਾਜਵਾਦੀ ਇਨਕਲਾਬ ਪਹਿਲਾਂ ਸਨਅਤੀ ਤੌਰ 'ਤੇ ਉੱਸਰੇ ਹੋਏ ਮੁਲਕਾਂ ਵਿਚ ਆਉਣਗੇ। ਬਾਲਸ਼ਵਿਕ ਉਸ ਦੇ ਅੰਦਾਜ਼ੇ ਨਾਲ, ਜਾਂ ਦੂਸਰੀ ਇਨਟਰਨੈਸ਼ਨਲ ਦੇ ਸਿਧਾਂਤ ਨਾਲ ਬੱਝੇ ਨਾ ਰਹੇ। ਆਪਣੀ ਸਮਾਜਕ ਅਸਲੀਅਤ ਦੀ ਉਹਨਾਂ ਨਬਜ਼ ਪਛਾਣੀ ਤੇ ਇਨਕਲਾਬ ਲੈ ਆਂਦਾ। ਇਸ ਤੋਂ ਉਪਰੰਤ ਤਕਰੀਬਨ ਸਭਸ ਮਾਰਕਸਵਾਦੀਆਂ ਦਾ ਵਿਸ਼ਵਾਸ ਸੀ ਕਿ ਇਨਕਲਾਬ ਆਉਣ 'ਤੇ ਵਰਕਰ ਜਮਾਤ ਦਾ ਰਾਜ ਪਾਰਲੀਮਾਨੀ ਜਮਹੂਰੀ ਰੀਪਬਲਿਕ ਦੀ ਸ਼ਕਲ ਅਖਤਿਆਰ ਕਰੇਗਾ। ਜੇ ਬਾਲਸ਼ਵਿਕ ਇਸ ਵਿਸ਼ਵਾਸ਼ ਨਾਲ ਹੀ ਬੱਝੇ ਰਹਿੰਦੇ, ਅਤੇ ਇਨਕਲਾਬੀ ਤੌਰ ਦਾ ਰੁਖ ਨਾ ਪਛਾਣਦੇ ਤਾਂ ਸੋਵੀਅਤਾਂ ਜਿਨ੍ਹਾਂ ਰਾਹੀਂ ਕਿ ਵਰਕਰਾਂ ਆਪਣੀ ਤਾਕਤ ਖੜੀ ਕੀਤੀ ਸੀ, ਉਹ ਸ਼ਾਇਦ ਪੂਰੀ ਤਰ੍ਹਾਂ ਉੱਸਰਦੀਆ ਹੀ ਨਾ ਤੇ ਇਨਕਲਾਬ ਦੇ ਪੈਰ ਬੱਝਦੇ ਹੀ ਨਾ। ਮਾਰਕਸ ਤੇ ਏਂਗਲਜ਼ ਦਾ ਇਹ ਵੀ ਅੰਦਾਜ਼ਾ ਸੀ ਕਿ ਸਮਾਜਵਾਦ ਇਕ ਮੁਲਕ ਵਿਚ ਨਹੀਂ ਉਸਾਰਿਆ ਜਾ ਸਕਦਾ। ਬਹੁਤ ਸਾਰੇ ਮਾਰਕਸਵਾਦੀ ਇਸ ਅੰਦਾਜ਼ੇ ਨੂੰ ਵੀ ਕਾਨੂੰਨ, ਇਕ ਸਾਇੰਟਿਫਿਕ ਤੱਥ ਹੀ ਬਣਾ ਬੈਠੇ ਸਨ। ਬਾਲਸ਼ਵਿਕਾਂ ਨੇ ਸਨਅਤੀ ਤੌਰ 'ਤੇ ਉੱਸਰੇ ਪੱਛਮੀ ਮੁਲਕਾਂ ਵਿਚ ਹੁੰਦੇ ਇਨਕਲਾਬਾਂ ਨੂੰ ਬਹੁਤ ਉਡੀਕਿਆ ਅਤੇ ਜਦੋਂ ਉਹਨਾਂ ਮੁਲਕਾਂ ਵਿਚ ਇਨਕਲਾਬ ਨਾ ਆਏ, ਵਕਤ 'ਤੇ ਉਹਨਾਂ ਆਪਣੇ ਮੁਲਕ ਵਿਚ ਸਮਾਜਵਾਦ ਦੀ ਉਸਾਰੀ ਆਰੰਭ ਲਈ।

ਚੀਨ ਦੇ ਇਨਕਲਾਬ ਵਾਸਤੇ ਲੰਮੀ ਜਦੋ-ਜਹਿਦ ਕਰਨੀ ਪਈ। ਆਪਣੇ ਮੁਲਕ ਵਿਚ ਇਨਕਲਾਬ ਲਿਆਉਣ ਵਾਸਤੇ ਮਾਓ ਨੇ ਅਕਤੂਬਰ ਇਨਕਲਾਬ ਨੂੰ ਚਲਦਾ, ਖਰਾ ਸਿੱਕਾ ਮੰਨਿਆ। ਮਾਰਕਸਵਾਦ ਦੇ ਸਮੂਹੀ ਕਾਨੂੰਨ ਤੇ ਅਕਤੂਬਰ ਇਨਕਲਾਬ ਦੇ ਬੁਨਿਆਦੀ ਅਨੁਭਵ ਨੂੰ ਕਿ ਇਨਕਲਾਬ ਸਿਰਫ਼ ਪਰੋਲਤਾਰੀ ਦੀ ਇਨਕਲਾਬੀ ਪਾਰਟੀ ਦੀ ਲੀਡਰਸ਼ਿਪ ਦੇ ਅਧੀਨ, ਮੁਲਖੱਈਏ ਦੀ ਹਥਿਆਰਬੰਦ ਜਦੋ-ਜਹਿਦ ਨਾਲ ਹੀ ਆ ਸਕਦਾ ਹੈ, ਨੂੰ ਆਪਣੇ ਇਨਕਲਾਬ 'ਤੇ ਲਾਗੂ ਹੁੰਦਾ ਪ੍ਰਵਾਨ ਕੀਤਾ। ਪਰ ਮਾਰਕਸਵਾਦ ਦੇ ਸਮੂਹੀ ਕਾਨੂੰਨ ਤੇ ਅਕਤੂਬਰ ਇਨਕਲਾਬ ਦੇ ਬੁਨਿਆਦੀ ਤਜਰਬੇ ਨੂੰ ਆਪਣੇ ਇਨਕਲਾਬ 'ਤੇ ਲਾਗੂ ਕਰਦਿਆਂ ਮਾਓ ਨੇ ਅੰਤਰ-ਰਾਸ਼ਟਰੀ



ਕਮਿਊਨਿਸਟ ਲਹਿਰ ਦੀ ਰਵਾਇਤ ਤੇ ਰਵਾਇਤ ਤੋੜੀ। ਆਪਣੇ ਇਨਕਲਾਬ ਲਈ ਸਹੀ ਪਟੜੀ 'ਤੇ ਚੜ੍ਹਨ ਵਾਸਤੇ ਮਾਓ ਨੂੰ ਆਪਣੀ ਪਾਰਟੀ ਵਿਚ ਬੇਅੰਤ ਜਦੋ-ਜਹਿਦ ਕਰਨੀ ਪਈ। ਚੀਨ ਦੀ ਪਾਰਟੀ ਦੀ ਲੀਡਰਸ਼ਿਪ ਵਿਚ ਬਹੁਤ ਐਸਾ ਅੰਸਰ ਸੀ ਜੋ ਸਮਝਦਾ ਸੀ ਕਿ ਰੂਸੀ ਇਨਕਲਾਬ ਦੀਆਂ ਐਨ ਲੀਹਾਂ 'ਤੇ ਤੁਰ ਕੇ ਹੀ ਚੀਨੀ ਇਨਕਲਾਬ ਆ ਸਕਦਾ ਹੈ। ਉਹ ਸਮਝਦੇ ਸਨ ਕਿ ਬੁਰਜੁਆਜ਼ੀ ਕਿਸੇ ਹਾਲਤ ਵਿਚ ਵੀ ਇਨਕਲਾਬ ਦੀ ਮਿੱਤ ਨਹੀਂ ਹੋ ਸਕਦੀ। ਇਸ ਨਾਲ ਮੁਢੋਂ ਹੀ ਬਤੌਰ ਦੁਸ਼ਮਣ ਦੇ ਵਰਤਾਰਾ ਕਰਨਾ ਸਹੀ ਹੈ। ਅਤੇ ਰੂਸੀ ਇਨਕਲਾਬ ਵਾਂਗ ਚੀਨੀ ਇਨਕਲਾਬ ਵੀ ਸ਼ਹਿਰਾਂ ਤੋਂ ਤੁਰ ਕੇ ਪਿੰਡਾਂ ਨੂੰ ਜਾਵੇਗਾ।

ਮਾਓ ਨੇ, ਸਮਾਜਵਾਦ ਨੂੰ ਪੁਚਾਉਂਦੇ, ਨਵੇਂ ਬੁਰਜੁਆ ਜਮਹੂਰੀ ਇਨਕਲਾਬ ਨੂੰ ਉਭਰਦਿਆਂ ਵੇਖਿਆ, ਉਸ ਨੂੰ ਆਪਣੇ ਰਾਸ ਆਉਂਦਿਆਂ ਸਮਝਿਆ ਤੇ ਅਪਣਾਇਆ। ਉਹ ਮੈਦਾਨੇ-ਜੰਗ ਵਿਚ ਲੜਾਈ ਦੇ ਵੀ ਬਾਤਨ ਤੱਕ ਪਹੁੰਚਿਆ। ਰੂਸੀ ਇਨਕਲਾਬ ਨੇ ਬਾਹਰੋਂ ਹੋਈ ਮੁਦਾਖ਼ਲਤ ਦੇ ਦੰਦ ਤਾਂ ਖ਼ੂਬ ਭੰਨੇ ਸਨ ਪਰ ਉਸ ਦਾ ਲੜਾਈ ਦਾ ਢੰਗ ਰਵਾਇਤੀ ਹੀ ਸੀ। ਮਾਓ ਨੇ ਅਗੇਰੇ ਪੈਰ ਪੁਟਿਆ ਤੇ ਪਰਤਖ ਕੀਤਾ ਕਿ ਲੜਾਈ ਦਾ ਢੰਗ ਵੀ ਜਮਾਤੀ ਹੁੰਦਾ ਹੈ। ਆਪਣੇ ਸਿਧਾਂਤ ਦੇ ਅਨੁਸਾਰ ਉਸ ਨੇ ਲੋਕ-ਜੰਗ (ਪੀਪਲਜ਼ ਵਾਰ) ਦਾ ਰਾਹ ਲਿਆ। ਜੰਗ ਦੇ ਦਾਅਪੇਚ ਤੇ ਉਸ ਦੀ ਨੀਤੀ ਵੀ ਉਸ ਨੇ ਲੋਕ-ਜੰਗ ਦੇ ਆਧਾਰ 'ਤੇ ਹੀ ਵਿਉਂਤੀ ਤੇ ਲਾਗੂ ਕੀਤੀ। ਬਹੁਤੇ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ। ਆਪਣੇ ਮੁਲਕ ਦੇ ਹਾਲਾਤ ਦੇ ਅਨੁਸਾਰ ਜਿਸ ਤਰ੍ਹਾਂ ਉਸ ਨੇ ਨਵੇਂ ਰਾਹੀਂ ਪੈ ਕੇ ਇਨਕਲਾਬ ਲਿਆਂਦਾ ਉਹ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ। ਮਾਓ ਨੇ ਸਿਰਫ਼ ਇਨਕਲਾਬ ਹੀ ਨਵੇਂ ਰਾਹੀਂ ਪੈ ਕੇ ਨਹੀਂ ਲਿਆਂਦਾ, ਇਨਕਲਾਬ ਤੋਂ ਮਗਰੋਂ, ਸਮਾਜਵਾਦ ਦੀ ਉਸਾਰੀ ਵਾਸਤੇ ਉਸ ਨੇ ਆਪਣਾ ਮਾਰਕਸਵਾਦ ਤਕਰੀਬਨ ਸਾਰਾ ਹੀ ਆਪ ਉਸਾਰਿਆ। ਸਮਾਜਵਾਦ ਦੀ ਉਸਾਰੀ ਦੇ ਰੂਸੀ ਅਨੁਭਵ ਨੂੰ ਉਸਨੇ ਖ਼ੂਬ ਛਾਣਿਆ। ਉਸ ਦੀ ਆਰਥਕ ਨੀਤੀ ਨੂੰ, ਤਕਰੀਬਨ ਸਾਰੀ ਦੀ ਸਾਰੀ ਨੂੰ ਉਸਨੇ ਮਨਫ਼ੀ ਤਜਰਬਾ ਕਰਾਰ ਦਿਤਾ ਤੇ ਉਸ ਨੂੰ ਕੱਟਿਆ। ਬਾਵਜੂਦ ਆਰਥਕਤਾ ਦੇ ਖੇਤਰ ਵਿਚ ਇਕਾਨੋਮਿਜ਼ਮ ਦੇ ਸ਼ਿਕਾਰ ਹੋਣ ਦੇ, ਸਟਾਲਨ ਨੇ, ਆਪਣੇ ਵਲੋਂ ਸਿਆਸੀ ਖੇਤਰ ਵਿਚ, ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਕਾਇਮ ਰਖਣ ਲਈ ਪੂਰਾ ਤਾਣ ਲਾ ਲਿਆ ਸੀ। ਇਸ ਡਿਕਟੇਟਰਸ਼ਿਪ ਨੂੰ ਕਾਇਮ ਰਖਣ ਵਾਸਤੇ ਤਾਣ ਲਾਉਣ ਦਾ ਮਾਓ ਨੇ ਮੁੱਲ ਪਾਇਆ। ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ, ਹਰ ਮੁਮਕਿਨ ਤਰੀਕੇ ਨਾਲ ਮਜ਼ਬੂਤ ਕਰਨ ਨੂੰ ਮਾਓ ਨੇ ਆਪਣੀ ਨੀਤੀ ਦਾ ਬੁਨਿਆਦੀ ਧੁਰਾ ਬਣਾਇਆ। ਹਰ ਮੁਹਾਜ਼ 'ਤੇ ਇਸ ਡਿਕਟੇਟਰਸ਼ਿਪ ਨੂੰ ਸਥਾਪਤ ਕਰਨ ਦਾ ਰਾਹ ਲਿਆ। ਤੇ ਇਸ ਨੂੰ ਸਮਾਜਵਾਦ ਦੀ ਉਸਾਰੀ ਦਾ ਬੁਨਿਆਦੀ ਮਸਲਾ ਕਰਾਰ ਦਿਤਾ।

ਰੂਸੀਆਂ ਦੀ ਆਰਥਕ ਨੀਤੀ ਚੂੰਕਿ ਬੁਰਜੁਆ ਰਾਹ ਦੀ ਸੀ, ਇਕਾਨੋਮਿਜ਼ਮ ਦੀ ਸੀ, ਇਸ ਵਾਸਤੇ ਮਾਓ ਨੇ ਆਪਣੀ ਆਰਥਕ ਨੀਤੀ, ਉਸਦੇ ਉਲਟ, ਸਮਾਜਵਾਦੀ ਰਾਹ ਦੀ ਚਲਾਈ। ਕਾਸ਼ਤਕਾਰੀ ਨੂੰ ਉਸਨੇ ਆਰਥਕਤਾ ਦੀ ਨੀਂਹ ਕਰਾਰ ਦਿਤਾ ਅਤੇ ਸਨਅਤ ਨੂੰ ਉਸਦਾ ਮੋਹਰੀ ਅੰਗ (agriculture as the foundation and industry as the leading factor) ਅਤੇ ਕਾਸ਼ਤਕਾਰੀ ਵਿਚ 'ਭਿਆਲੀ ਪਹਿਲਾਂ ਤੇ ਮਸ਼ੀਨ ਪਿਛੋਂ' ਦਾ ਰਾਹ ਲਿਆ। (collectivisation must precede mechanization in agriculture)। ਹਰ ਸਮਾਜ ਦੀ, ਸਮਾਜਕ ਮਨੁਖੀ ਜ਼ਿੰਦਗੀ ਦੀ ਬੁਨਿਆਦ ਜ਼ਿੰਦਗੀ ਦੀਆਂ ਲੋੜਾਂ ਲਈ ਪੈਦਾਵਾਰ ਦਾ ਕੰਮ ਹੁੰਦਾ ਹੈ। ਮਾਓ

ਕੰਮ ਨੂੰ, ਵਰਕਰ ਨੂੰ ਆਜ਼ਾਦ ਕਰਵਾਉਣ ਦੇ ਰਾਹੇ ਪਿਆ। ਦਰ ਦਰ ਦੀ ਗੁਲਾਮੀ ਹੈ—ਕੰਮ ਦੀ ਵੰਡ। ਕੰਮ ਦੀ ਵੰਡ ਹੀ ਨਿਜੀ ਜਾਇਦਾਦ ਦਾ, ਸਮਾਜ ਵਿਚ ਵਿਰੋਧੀ ਜਮਾਤਾਂ ਦਾ ਆਧਾਰ ਹੈ ਤੇ ਕੰਮ ਦੀ ਬੁਰਜੁਆ ਵੰਡ, ਬੁਰਜੁਆ ਸਮਾਜ ਦੀਆਂ ਜਮਾਤਾਂ ਦਾ।[1] ਸਮਾਜਵਾਦੀ ਸਮਾਜਕ ਰਿਸ਼ਤੇ ਸਥਾਪਤ ਕਰਨ ਵਾਸਤੇ ਉਹ ਕੰਮ ਦੀ ਬੁਰਜੁਆ ਵੰਡ ਨੂੰ ਖਤਮ ਕਰਨ ਦੇ ਰਾਹੇ ਪਿਆ ਜਿਸ ਨੂੰ ਖਤਮ ਕਰਨ ਦੇ ਰਾਹੇ ਰੂਸੀ ਤਜਰਬਾ ਅੱਜ ਤਕ ਨਹੀਂ ਪਿਆ। ਮਾਓ ਨੇ ਫਿਲਾਸਫੀ ਵਿਚ ਵੀ ਤਰਮੀਮ ਕੀਤੀ। ਏਂਗਲਜ਼ ਡਾਇਲੈਕਟਿਕਸ ਦੇ ਤਿੰਨ ਬੁਨਿਆਦੀ ਕਾਨੂੰਨ ਦਸਦਾ ਹੈ: ਨਗੇਸ਼ਨ ਦੀ ਨਗੇਸ਼ਨ, ਮਿਕਦਾਰ ਤੇ ਪ੍ਰਕਾਰ ਦੀ ਆਪਸ ਵਿਚ ਤਬਦੀਲੀ (**the transformation of quality and quantity into one another**) ਅਤੇ ਵਿਰੋਧੀਆਂ ਦੀ ਏਕਤਾ। ਮਾਓ ਨੇ ਸਪੱਸ਼ਟ ਕੀਤਾ ਕਿ ਡਾਇਲੈਕਟਿਕਸ ਦਾ ਬੁਨਿਆਦੀ ਕਾਨੂੰਨ ਇਕ ਹੀ ਹੈ ਅਤੇ ਉਹ ਹੈ ਵਿਰੋਧੀਆਂ ਦੀ ਏਕਤਾ। ਉਸਨੇ ਹੋਰ ਸਪੱਸ਼ਟ ਕੀਤਾ ਕਿ ਏਕੀਕਰਨ ਦਾ ਮਤਲਬ ਹੈ ਵਿਰੋਧੀਆਂ ਵਿਚੋਂ ਇਕ ਧਿਰ ਦਾ ਖਾਧੇ ਜਾਣਾ, ਖਤਮ ਹੋ ਜਾਣਾ। ਉਸ ਵਿਰੋਧ ਦਾ ਖਤਮ ਹੋ ਜਾਣਾ ਤੇ ਨਵੀਂ ਪੱਧਰ 'ਤੇ ਨਵੇਂ ਵਿਰੋਧ ਦਾ ਪੈਦਾ ਹੋ ਜਾਣਾ।

ਮਾਓ ਨੇ ਉਸਾਰ ਦੇ ਰੋਲ ਨੂੰ ਬਹਾਲ ਕੀਤਾ। ਉਸਦੇ ਰੋਲ ਨੂੰ ਤਰਜੀਹ ਦਿਤੀ। ਉਸਨੇ ਦਸਿਆ ਕਿ ਖਾਸ ਹਾਲਾਤ ਵਿਚ ਨੀਂਹ ਤੇ ਉਸਾਰ ਦੇ ਆਪਸੀ ਰਿਸ਼ਤੇ ਵਿਚ ਉਸਾਰ ਮੁਖੀ ਹੋ ਜਾਂਦਾ ਹੈ ਅਤੇ ਇਸ ਤੋਂ ਉਪਰੰਤ ਨੀਂਹ ਦੀ ਕਾਇਆਂ-ਪਲਟੀ ਕਰਨ ਵਿਚ ਪਹਿਲ ਉਸਾਰ ਵਲੋਂ ਹੁੰਦੀ ਹੈ। ਇਹਨਾਂ ਦੋਹਾਂ ਕਾਰਨਾਂ ਕਰਕੇ ਇਨਕਲਾਬ ਵਿਚ ਉਸਾਰ ਦੀ ਬਹਤ ਅਹਿਮੀਅਤ ਹੈ।[2] ਉਸਾਰ ਦੀ ਅਹਿਮੀਅਤ ਨੂੰ ਸਮਝਦਿਆਂ ਹੋਇਆਂ, ਕਲਚਰ ਦੇ ਵੱਖ ਵੱਖ ਪਹਿਲੂਆਂ, ਸੁਮੇਤ ਉਸਾਰ ਦੇ ਸਾਰੇ ਖੇਤਰ ਵਿਚ, ਬੁਰਜੁਆਜ਼ੀ ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਥਾਪਤ ਹੋਣ 'ਤੇ ਉਸ ਨੇ ਬਹੁਤ ਜ਼ੋਰ ਦਿੱਤਾ। ਸੁਮੇਤ ਸਾਹਿਤ ਤੇ ਕਲਾ ਦੇ ਉਸ ਨੇ ਕਲਚਰ ਦੀ ਅਹਿਮੀਅਤ ਬਹੁਤ ਸਪੱਸ਼ਟ ਕੀਤੀ। ਅਤੇ ਪਰੋਲਤਾਰੀ ਦੇ ਪੈਂਤੜੇ ਦੀ ਕਲਚਰ ਦੀ ਉਸਾਰੀ ਵਾਸਤੇ ਉਸਨੇ ਬਹੁਤ ਤਾਣ ਲਾਇਆ। ਮਾਓ ਨੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਵਿਆਖਿਆ ਹੋਰ ਗਹਿਰੀ ਕੀਤੀ ਤੇ ਅਹਿਸਾਸ ਕਰਵਾਇਆ ਕਿ ਸਮਾਜਵਾਦ ਵਿਚ ਵੀ ਜਮਾਤੀ ਜਦੋ-ਜਹਿਦ ਲਗਾਤਾਰ ਚਲਦੀ ਹੈ। ਬੁਰਜੁਆਜ਼ੀ ਲਗਾਤਾਰ ਪੈਦਾ ਹੁੰਦੀ ਚਲੀ ਜਾਂਦੀ ਹੈ। ਉਸ ਦੇ ਕਮਾਂਡਰ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਵਿਚੋਂ ਖੜੇ ਹੁੰਦੇ ਹਨ। ਇਸ ਲਈ ਪਰੋਲਤਾਰੀ ਵਾਸਤੇ ਲਾਜ਼ਮੀ ਹੈ ਕਿ ਆਪਣੀ ਡਿਕਟੇਟਰਸ਼ਿਪ ਦੇ ਅਧੀਨ ਉਹ ਇਨਕਲਾਬ ਨੂੰ ਬਾਕਾਇਦਾ ਜਾਰੀ ਰੱਖੇ। ਨਹੀਂ ਤੇ ਬੁਰਜੁਆਜ਼ੀ ਮੁੜ ਬਹਾਲ ਹੋ ਜਾਏਗੀ। ਸਮਾਜਵਾਦ ਦੀ ਉਸਾਰੀ ਵਿਚ, ਹਰ ਮੁਹਾਜ਼ 'ਤੇ ਬੁਰਜੁਆ ਹੱਕ ਨੂੰ ਖ਼ਤਮ ਕਰਨ ਵਾਸਤੇ, ਆਏ ਇਨਕਲਾਬ ਨੂੰ ਸਿੱਧੇ ਰਾਹ ਰੱਖਣ ਵਾਸਤ, ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਰੰਗ ਵਟਾਉਣੋਂ ਬਚਾਉਣ ਵਾਸਤੇ, ਓਸ ਨੂੰ ਲਾਲ ਰੱਖਣ ਵਾਸਤੇ, ਪਾਰਟੀ ਦੇ ਮੁਲਖੱਈਏ ਨਾਲ ਰਿਸ਼ਤੇ ਨੂੰ ਪਰੋਲਤਾਰੀ ਦੇ ਪੈਂਤੜੇ 'ਤੇ ਕਾਇਮ ਰਖਣ ਵਾਸਤੇ, ਗੱਲ ਕੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਇਨਕਲਾਬ ਨੂੰ ਪੂਰਿਆਂ ਹੋਣ ਦੇ ਰਾਹੇ ਪਾਈ ਜਾਣ ਵਾਸਤੇ ਕਲਚਰਲ ਇਨਕਲਾਬ ਲਿਆ ਕੇ ਉਸ ਨੇ ਸੰਸਾਰ ਦੀ ਮਾਰਕਸਵਾਦੀ ਲਹਿਰ ਵਿਚ ਅਣਸੁਣਿਆਂ, ਅਣਡਿੱਠਾ ਨਵਾਂ ਰਾਹ ਖੋਲ੍ਹਿਆ।

ਇਹ ਸਭ ਮਿਸਾਲਾਂ ਬਾਲਸ਼ਵਿਕਾਂ ਦੀ, ਜਾਂ ਮਾਓ ਦੀ ਕੀਤੀ ਨੂੰ ਸਪੱਸ਼ਟ ਕਰਨ ਵਾਸਤੇ ਨਹੀਂ ਲਈਆਂ ਗਈਆਂ। ਇਹ ਇਸ ਵਾਸਤੇ ਲਈਆਂ ਗਈਆਂ ਹਨ ਕਿ ਇਕਾਨੋਮਿਜ਼ਮ ਮਾਰਕਸਵਾਦ



ਦਾ ਪਿੱਛਾ ਨਹੀਂ ਛੱਡਦਾ, ਅਤੇ ਜਿੰਨਾਂ ਚਿਰ ਬੁਰਜੁਆ ਪੈਂਤੜਾ ਬਰਕਰਾਰ ਹੈ, ਇਹ ਪਿੱਛਾ ਛੱਡ ਹੀ ਨਹੀਂ ਸਕਦਾ। ਹਰ ਵੇਲੇ, ਹਰ ਇਨਕਲਾਬ ਲਿਆਉਣ ਵਾਲਿਆਂ ਵਾਸਤੇ ਮਾਰਕਸਵਾਦ ਵਿਚੋਂ ਉਸ ਦੇ ਰਲੇ ਨੂੰ ਕੱਢਣਾ ਲਾਜ਼ਮੀ ਹੁੰਦਾ ਹੈ। ਇਹ ਐਸੀਆਂ ਸ਼ਕਲਾਂ ਵਿਚ ਆਣ ਰਲਦਾ ਹੈ ਕਿ ਬਹੁਤ ਵੇਰ ਇਹ ਅਣਗੌਲਿਆ ਹੀ ਰਹਿ ਜਾਂਦਾ ਹੈ। ਵਾਹ ਲਗਦੀ ਆਪਣੀ ਅਸਲੀਅਤ ਦੀ ਸਮਝ ਆਉਣ ਹੀ ਨਹੀਂ ਦੇਂਦਾ। ਮਾਰਕਸਵਾਦ ਦੀ ਅਸਲੀਅਤ ਦੀ ਜ਼ਰਾ ਕਰਵਟ ਹੀ ਬਦਲਦਾ ਹੈ, ਉਸ ਨੂੰ ਜ਼ਰਾ ਟੇੜ੍ਹ ਹੀ ਦੇਂਦਾ ਹੈ, ਰੜਕਦਾ ਹੈ ਨਹੀਂ, ਪਰ ਨਤੀਜੇ ਘੜੀ ਦੇ ਘੁੱਥੇ ਸੌ ਕੋਹਾਂ ਵਾਲੇ ਹੋ ਜਾਂਦੇ ਹਨ।

ਬਾਲਸ਼ਵਿਕਾਂ ਨੇ ਦੂਸਰੀ ਇਨਟਰਨੈਸ਼ਨਲ ਦਾ ਤੇ ਮਾਓ ਨੇ ਰੂਸੀ ਤਜਰਬੇ ਦਾ ਕਿਰੀਟੀਕ ਚਾਅ ਨੂੰ ਪੇਸ਼ ਨਹੀਂ ਸੀ ਕੀਤਾ। ਉਹਨਾਂ ਦੇ ਇਨਕਲਾਬਾਂ ਦੀ, ਤੇ ਉਹਨਾਂ ਤੋਂ ਮਗਰੋਂ ਸਮਾਜਵਾਦ ਦੀ ਉਸਾਰੀ ਦੀ ਇਹ ਬੁਨਿਆਦੀ ਲੋੜ ਸੀ। ਇਹ ਕਿਰੀਟੀਕ ਮਾਰਕਸਵਾਦ ਦੀ ਅਗੋਂ ਉਸਾਰੀ ਸਨ। ਇਸ ਤੋਂ ਉਪਰੰਤ ਇਕ ਤਾਂ ਸਮਾਜਕ ਮਨੁਖੀ ਜ਼ਿੰਦਗੀ ਬਦਲਦੀ ਜਾ ਰਹੀ ਹੈ ਅਤੇ ਕਲ੍ਹ ਦੇ ਕਪੜੇ ਅੱਜ ਮੇਚ ਨਹੀਂ ਆਉਂਦੇ। ਦੂਸਰੇ ਹਰ ਸਮਾਜ, ਹਰ ਆਰਥਕ ਸਮਾਜਕ ਫਾਰਮੇਸ਼ਨ ਆਪਣੀ ਕਿਸਮ ਦੀ ਪ੍ਰਤੀਨਿਧ ਹੁੰਦੀ ਹੋਈ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਨਤੀਜਾ ਇਹ ਹੈ ਕਿ ਪ੍ਰਚਲਤ ਮਾਰਕਸਵਾਦ ਕਦੇ ਵੀ ਕਾਫ਼ੀ ਨਹੀਂ ਹੁੰਦਾ। ਆਪਣੇ ਸਮਾਜ ਦੀ ਸਥਿਤੀ ਨੂੰ ਮੁਖਾਤਬ ਹੋਣ ਵਾਸਤੇ, ਮਾਰਕਸਵਾਦ ਦੇ ਸਮੂਹੀ ਕਾਨੂੰਨਾਂ ਦੇ ਪ੍ਰਸੰਗ ਵਿਚ, ਸੰਸਾਰ ਦੀ ਮਾਰਕਸਵਾਦੀ ਲਹਿਰ ਦੇ ਸਭ ਅਨੁਭਵ ਦੇ ਪ੍ਰਸੰਗ ਵਿਚ, ਇਕ ਤਰ੍ਹਾਂ ਨਾਲ ਆਪਣਾ ਮਾਰਕਸਵਾਦ ਆਪ ਉਸਾਰਨਾ ਪੈਂਦਾ ਹੈ। ਅਤੇ ਉਸ ਦੇ ਆਧਾਰ 'ਤੇ ਆਪਣੇ ਸਮਾਜ ਦੀ ਸਥਿੱਤੀ ਨੂੰ ਆਪ ਹੀ ਸਮਝਣਾ ਪੈਂਦਾ ਹੈ। ਸਪੱਸ਼ਟ ਹੈ ਕਿ ਨਾ ਮਾਰਕਸਵਾਦ ਮੰਗਵਾ ਲਿਆ ਜਾ ਸਕਦਾ ਹੈ ਅਤੇ ਨਾ ਹੀ ਆਪਣੇ ਸਮਾਜ ਦੀ ਸਥਿਤੀ ਦੀ ਸਮਝ, ਹੁਦਾਰੀ। ਪ੍ਰਤੱਖ ਹੈ ਕਿ ਮਾਰਕਸਵਾਦ ਤੇ ਕਲੋਨੀਅਲ ਜ਼ਹਿਨੀਅਤ ਦੀ ਆਪਸ ਵਿਚ ਰਾਸ ਰਲ ਹੀ ਨਹੀਂ ਸਕਦੀ। ਇਹ ਹਮਬਿਸਤਰ ਨਹੀਂ ਹੋ ਸਕਦੇ। ਕਲੋਨੀਅਲ ਜ਼ਹਿਨੀਅਤ ਮਾਰਕਸਵਾਦ ਦੇ ਮੇਚ ਨਹੀਂ ਆ ਸਕਦੀ। ਚੂੰਕਿ ਮਾਰਕਸਵਾਦ ਨੂੰ ਸਮਝਣਾ ਉਸ ਨੂੰ ਆਪਣੀ ਸਮਾਜਕ ਸਥਿਤੀ ਉਤੇ ਲਾਗੂ ਕਰਨਾ ਹੈ ਸੋ ਕਲੋਨੀਅਲ ਜ਼ਹਿਨੀਅਤ ਮਾਰਕਸਵਾਦ ਨੂੰ ਸਮਝ ਹੀ ਨਹੀਂ ਸਕਦੀ। ਮਾਰਕਸਵਾਦ ਨੂੰ ਸਮਝਣਾ ਤੇ ਉਸ ਨੂੰ ਲਾਗੂ ਕਰਨਾ ਇਕ ਹੀ ਵੇਗ ਹੈ। ਇਹ ਨਿਖੇੜੇ ਨਹੀਂ ਜਾ ਸਕਦੇ। ਇਹਨਾਂ ਦਾ ਆਪਸ ਵਿਚ ਨਿਖੇੜ ਮਾਰਕਸਵਾਦ ਦੀ ਮੌਤ ਹੈ। ਲਾਗੂ ਕਰਨ ਤੋਂ ਬਗ਼ੈਰ ਮਾਰਕਸਵਾਦ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਮਰੇ ਮਾਰਕਸਵਾਦ ਦੀਆਂ ਹੱਡੀਆਂ ਗਿਣਨ ਵਾਲੀ ਗੱਲ ਹੈ।

ਸਾਡਾ ਮੁਲਕ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਦਾ ਪ੍ਰਤੀਨਿਧ ਹੁੰਦਾ ਹੋਇਆ ਆਪਣੇ ਆਪ ਵਿਚ ਵਿਲੱਖਣ ਹੈ। ਇਹ ਨਿਜ਼ਾਮ ਹੀ ਨਹੀਂ, ਸਮਾਜ ਹੀ ਨਹੀਂ, ਚੀਨ ਵਾਂਗ ਬਹੁਤ ਪੁਰਾਣੀ, ਤੁਰੀ ਆਉਂਦੀ ਸਭਿਅਤਾ ਹੈ। ਇਸ ਦੀ ਕਲਚਰ ਜਾਤ ਪਾਤੀ ਹੈ। ਅਤੇ ਇਹ ਕਲਚਰ ਦੁਨੀਆਂ ਦੇ ਸਭ ਮੁਲਕਾਂ ਦੀਆਂ ਕਲਚਰਾਂ ਨਾਲੋਂ, ਸੁਮੇਤ ਹੁਣ ਵਾਲੀਆਂ ਦੇ, ਹੋ ਚੁਕੀਆਂ ਸਭ ਸਭਿਅਤਾਵਾਂ ਦੀਆਂ ਕਲਚਰਾਂ ਨਾਲੋਂ ਇਕ ਤਰ੍ਹਾਂ ਬਤੌਰ ਕਿਸਮ ਨਿਵੇਕਲੀ ਹੈ। ਸਾਡੇ ਲੰਮੇ ਇਤਿਹਾਸ ਵਿਚ ਇਸ ਜਾਤ ਪਾਤੀ ਕਲਚਰ ਨੇ ਸਿੱਟੇ ਭਿਆਨਕ ਕੱਢੇ ਹਨ। ਇਸ ਨੇ ਆਪਣੇ ਗੁਲਾਮ ਨੂੰ, ਮੇਹਨਤਕਸ਼ ਤਬਕੇ ਨੂੰ, ਜਿਸਮਾਨੀ ਕੰਮ ਕਰਨ ਵਾਲੇ ਤਬਕੇ ਨੂੰ ਜ਼ਿਹਨੀ ਤੌਰ 'ਤੇ ਐਸਾ ਮਾਰਿਆ ਹੈ ਕਿ ਹਜ਼ਾਰਾਂ ਸਾਲ, ਇਨਕਲਾਬੀ ਤੌਰ 'ਤੇ ਉਠਣ ਦੇ ਰਾਹੇ ਉਹ ਪਿਆ ਹੀ

ਨਹੀਂ, ਪੈ ਸਕਿਆ ਹੀ ਨਹੀਂ । ਜ਼ਿਹਨੀ ਤੌਰ 'ਤੇ ਇਸ ਦੇ ਮਰਨ ਦਾ ਅਸਰ ਕੀ ਹੋਇਆ ਹੈ ? ਅਸਰ ਇਹ ਹੋਇਆ ਹੈ ਕਿ ਸਾਡੀ ਸਭਿਅਤਾ ਆਏ ਹਮਲਾਵਰਾਂ ਅੱਗੇ ਖੜੋ ਹੀ ਨਹੀਂ ਸਕੀ; ਸੱਦੀਆਂ ਭਰ ਉਹਨਾਂ ਦੇ ਖਿਲਾਫ਼ ਉਠ ਹੀ ਨਹੀਂ ਸਕੀ । ਸਾਡਾ ਲੜਾਈ ਦਾ ਢੰਗ ਵੀ ਸਾਡੀ ਸਭਿਅਤਾ, ਸਾਡੀ ਕਲਚਰ, ਸਾਡੀ ਸਮਾਜਕ ਬਣਤਰ ਦੇ ਮਗਰ ਹੀ ਜਾਣਾ ਸੀ ਅਤੇ ਉਹ ਚੂੰਕਿ ਹੱਦ ਤੋਂ ਜ਼ਿਆਦਾ ਖੜੋਤ ਵਾਲੀਆਂ ਸਨ, ਇਸ ਲਈ ਸਾਡਾ ਫ਼ੌਜੀ ਅਡੰਬਰ ਵੀ ਖੜੋਤ ਵਾਲਾ ਹੀ ਰਿਹਾ । ਹੋਰਨਾਂ ਨਾਲ ਕਦਮ ਮਿਲਾ ਕੇ ਨਾ ਚਲ ਸਕਿਆ । ਨਤੀਜਾ—ਹਾਰ ਹੁੰਦੀ ਤੁਰੀ ਆਈ। ਇਸ ਨੂੰ ਚੂੰਕਿ ਆਪਣੇ ਗੁਲਾਮ ਕੋਲੋਂ ਕੰਮ ਤਕਰੀਬਨ ਮੁਫਤ-ਮੁੱਲਾ ਹੀ ਮਿਲਦਾ ਰਿਹਾ, ਨਾ ਇਸ ਦੀ ਹਿੰਗ ਲਗਦੀ ਰਹੀ ਨਾ ਫਟਕੜੀ ਤੇ ਉਸ ਵਲੋਂ ਬਗਾਵਤ ਦਾ ਤੋਖਲਾ ਸੀ ਹੀ ਨਹੀਂ, ਸੁ ਇਸ ਨੇ ਟੈਕਨਾਲੋਜੀ ਉਸਾਰਨ ਵਲ ਧਿਆਨ ਹੀ ਨਹੀਂ ਦਿੱਤਾ । ਜ਼ਿਹਨੀ ਤੌਰ 'ਤੇ ਮਾਰਿਆ ਗੁਲਾਮ ਚੂੰਕਿ ਬਗਾਵਤ ਕਰਨ ਜੋਗਾ ਹੀ ਨਹੀਂ ਸੀ (ਜਾਤ ਪਾਤ ਦੀ ਸੰਸਥਾ ਤੇ ਜਾਤ ਪਾਤੀ ਕਲਚਰ ਹੀ ਉਸ ਨੂੰ ਥਾਂ ਸਿਰ ਰਖਣ ਵਾਸਤੇ ਕਾਫੀ ਸਨ) ਸਾਡੀ ਸਭਿਅਤਾ ਨੂੰ ਸਿਆਸੀ ਮੁਹਾਜ਼ 'ਤੇ ਵੀ ਕੰਮ ਕਰਨ ਦੀ ਮੁਕਾਬਲਤਨ ਘਟ ਹੀ ਲੋੜ ਪਈ ਹੈ । ਸੋ ਟੈਕਨਾਲੋਜੀ ਤੇ ਸਿਆਸਤ, ਦੋਹਾਂ ਅਹਿਮ ਖੇਤਰਾਂ ਵਿਚ ਸਾਡੀ ਸਭਿਅਤਾ ਮੁਕਾਬਲਤਨ ਕਮਜ਼ੋਰ ਹੀ ਤੁਰੀ ਆਈ ਹੈ ।

ਸਾਡੀ ਸਭਿਅਤਾ ਦੀ ਮੁਕਾਬਲਤਨ ਕਮਜ਼ੋਰੀ ਕਰਕੇ ਜਾਂ ਇਉਂ ਕਹਿ ਲਵੋ ਕਿ ਹਿੰਦੂ ਫਿਊਡਲ ਫਾਰਮੇਸ਼ਨ ਦੇ ਆਪਣੇ ਢਹਿਣ ਦੇ ਵੇਗ ਵਿਚ ਹੋਣ ਕਰਕੇ, ਫਿਊਡਲ ਦੌਰ ਵਿਚ ਇਸਲਾਮ ਸਾਡੇ 'ਤੇ, ਬਤੌਰ ਫਿਊਡਲ ਰਾਜ ਦੇ ਹੀ ਆਇਆ । ਇਸ ਤੋਂ ਉਪਰੰਤ ਸਾਡੇ ਮਜ਼ੂਬ ਸਿਰਫ਼ ਸਿਧਾਂਤ ਹੀ ਨਹੀਂ, ਕਲਚਰ ਵੀ ਹਨ । ਸਭ ਕਾਰਨਾਂ ਵਿਚ ਜਾਣ ਦੀ ਲੋੜ ਨਹੀਂ । ਸਪਸ਼ਟ ਹੈ ਕਿ ਸਾਡੇ ਇਸਲਾਮੀ ਤੇ ਹਿੰਦੂ ਕਲਚਰਾਂ ਦੀ ਆਪਸ ਵਿਚ ਪੂਰੀ ਰਸਾਈ ਨਹੀਂ ਹੋ ਸਕੀ । ਇਸ ਨੂੰ ਪਹਿਲਾਂ ਸਾਮਰਾਜ ਨੇ ਤੇ ਮੁੜ ਬੁਰਜੁਆਜ਼ੀ ਨੇ ਆਪਣੇ ਮੁਫ਼ਾਦ ਵਾਸਤੇ ਰੱਜ ਕੇ ਵਰਤਿਆ ਹੈ । ਸਾਡੀ ਜ਼ਹਿਨੀਅਤ ਜਮਾਤੀ ਦੇ ਨਾਲ ਜਾਤ ਪਾਤੀ ਹੀ ਨਹੀਂ, ਫਿਰਕੂ ਵੀ ਹੈ । ਜਾਤ ਪਾਤੀ ਤਅਸਬ ਵਾਂਗ ਫਿਰਕੂ ਜ਼ਹਿਨੀਅਤ ਵੀ ਸਾਡੇ ਜਿਵੇਂ ਹੱਡਾਂ ਵਿਚ ਘਰ ਕਰ ਚੁਕੀ ਹੈ । ਜੇ ਸਾਡੇ ਪਛੜੇਪਨ ਦੇ ਨਾਲ ਸਾਡਾ ਮਸਲਾ ਸਿਰਫ਼ ਏਨਾ ਹੀ ਹੁੰਦਾ ਤਾਂ ਵੀ ਬੜਾ ਬੇਚੀਦਾ ਸੀ । ਪਰ ਮਸਲੇ ਦੀ ਪੇਚੀਦਗੀ ਦੀ ਏਥੇ ਬਸ ਨਹੀਂ । ਸਰਮਾਏਦਾਰੀ ਦੀ ਮੰਡੀ ਵਿਚ, ਬੁਰਜੁਆ ਦੌਰ ਵਿਚ ਅਸੀਂ ਆਪਣੇ ਆਪ ਨਹੀਂ ਆਏ । ਬਰਤਾਨਵੀ ਸਾਮਰਾਜ ਦੇ ਲਿਆਂਦੇ ਆਏ ਹਾਂ । ਅੰਗਰੇਜ਼ੀ ਬੋਲੀ ਰਾਹੀਂ ਆਏ ਹਾਂ । ਸਾਰੇ ਮੁਲਕ ਵਿਚ ਪ੍ਰਚਲਤ ਤੇ ਪ੍ਰਧਾਨ ਆਪਣੀ ਰਾਸ਼ਟਰੀ ਬੋਲੀ ਅਸੀਂ ਨਹੀਂ ਉਸਾਰ ਸਕੇ । ਸਾਡੇ ਜਮਾਤੀ ਮਸਲੇ ਦਾ ਅੰਗ ਸਾਡਾ ਜਾਤ ਪਾਤੀ ਫਿਰਕੂ ਮਸਲਾ ਹੀ ਨਹੀਂ, ਬੁਰਜੁਆ ਦੌਰ ਦਾ ਇਲਾਕਾਈ ਮਸਲਾ ਵੀ ਹੈ...ਕੌਮੀਅਤਾਂ ਦਾ, ਉਹਨਾਂ ਦੀਆਂ ਵੱਖ ਵੱਖ ਬੋਲੀਆਂ ਦਾ, ਇਤਿਹਾਸਕ ਤੌਰ 'ਤੇ ਉੱਸਰੀਆਂ ਉਹਨਾਂ ਦੀਆਂ ਕਲਚਰਾਂ ਦਾ, ਤੇ ਉਹਨਾਂ ਦੇ ਵਿਕਾਸ ਦੀ ਨਾਹਮਵਾਰੀ ਦਾ ।

ਪ੍ਰਤੀਨਿਧ ਹੁੰਦਾ ਹੋਇਆ ਸਾਡਾ ਮਸਲਾ ਐਨਾ ਪੇਚੀਦਾ ਤੇ ਐਨਾ ਨਿਵੇਕਲਾ ਹੈ ਕਿ ਜੇ ਸਾਡਾ ਮਾਰਕਸਵਾਦ ਆਪਣੇ ਮਸਲੇ ਨੂੰ ਮੁਖਾਤਬ ਹੁੰਦਾ ਹੋਇਆ, ਉਸ ਦੇ ਹਾਣੀ ਹੁੰਦਾ, ਉਸ ਦਾ ਹੱਲ ਲਭਦਾ, ਉਸ ਨੂੰ ਹੱਲ ਕਰਦਾ, ਜਾਂ ਹੱਲ ਕਰਨ ਦੇ ਰਾਹੇ ਹੀ ਪਿਆ ਹੁੰਦਾ ਤਾਂ ਸੰਸਾਰ ਦੇ ਮਾਰਕਸਵਾਦ ਦੀ ਉਸਾਰੀ ਵਿਚ ਉਹ ਹਿੱਸਾ ਪਾਉਂਦਾ ਕਿ ਦੁਨੀਆਂ ਯਾਦ ਰਖਦੀ । ਪਰ ਹੋਇਆ ਕੀ ਹੈ ? ਸੰਸਾਰ ਦੇ ਮਾਰਕਸਵਾਦ ਦੀ ਉਸਾਰੀ ਵਿਚ ਸਾਡੇ ਮਾਰਕਸਵਾਦ ਦਾ ਪਾਇਆ ਸੀਰ ਹੀ ਨਹੀਂ । ਸਾਡਾ ਮਾਰਕਸਵਾਦ, ਆਪਣੇ ਮਸਲੇ ਨੂੰ, ਆਪਣੀਆਂ ਅੱਖਾਂ ਨਾਲ ਵੇਖਣ ਦੇ ਰਾਹੇ ਹੀ



ਨਹੀਂ ਪਿਆ । ਇਹ ਮਾਂਗਵੇਂ ਮਾਰਕਸਵਾਦ 'ਤੇ ਹੀ ਪੈਲਾਂ ਪਾਉਂਦਾ ਰਿਹਾ ਹੈ । ਸੋ ਇਹ ਤਿੰਨਾਂ 'ਚੋਂ ਨਾ ਤੇਹਰਾਂ 'ਚੋਂ । ਸਾਡੀ ਸਭਿਅਤਾ ਦੀ ਕਲਚਰ ਆਪਣੇ ਗੁਲਾਮ ਨੂੰ ਜ਼ਿਹਨੀ ਤੌਰ 'ਤੇ ਨੱਥ ਕੇ, ਉਸ ਨੂੰ ਥਾਂ ਸਿਰ ਰਖਣ ਵਿਚ ਜਿੰਨੀ ਕਾਮਯਾਬ ਹੋਈ ਹੈ ਉਸ ਦੀ ਮਿਸਾਲ ਨਾ ਦੁਨੀਆਂ ਦੇ ਤਖਤੇ 'ਤੇ ਹੈ ਤੇ ਨਾ ਉਸ ਦੇ ਇਤਿਹਾਸ ਵਿਚ । ਇਹ ਕਲਚਰ ਸਪਸ਼ਟ ਹੀ ਬੰਦੇ ਦੀ ਆਜ਼ਾਦੀ ਦੀ, ਮਨੁਖੀ ਬਰਾਦਰੀ ਦੀ, ਮਨੁਖੀ ਏਕਤਾ ਦੀ ਡੱਟਵੀਂ ਵਿਰੋਧੀ ਹੈ । ਕਲਚਰਲ ਇਨਕਲਾਬ ਰਾਹੀਂ ਇਸ ਕਲਚਰ ਦੇ ਪਾਏ ਜ਼ਿਹਨੀ ਸੰਗਲਾਂ ਨੂੰ ਤੋੜਿਆਂ ਬਗੈਰ, ਇਸ ਦੀਆਂ ਤੰਦਵੇਂ ਵਾਲੀਆਂ ਤਾਰਾਂ ਦੀ ਫਾਹੀ ਵਿਚੋਂ ਰਹਾ ਕਰਾਇਆਂ ਬਗੈਰ ਸਾਡੇ ਮੁਲਖੱਈਏ ਨੂੰ ਆਪਣੀ ਆਜ਼ਾਦੀ ਦੇ ਰਾਹ ਦੀ ਸੋਝੀ ਨਹੀਂ ਆ ਸਕਦੀ । ਨਿਰੀਆਂ ਇਵਜ਼ਾਨੇ / ਮਹਿੰਗਾਈ ਭੱਤੇ ਦੀਆਂ ਲੜਾਈਆਂ ਲੜਿਆਂ ਇਸ ਦੀਆਂ ਜ਼ਿਹਨੀ ਜੰਜ਼ੀਰਾਂ ਨੂੰ ਆਂਚ ਨਹੀਂ ਆ ਸਕਦੀ ।

ਸਾਡੇ ਮਾਰਕਸਵਾਦ ਦਾ ਹਾਲ ਕੀ ਰਿਹਾ ਹੈ ? ਆਪਣੀ ਸਭਿਅਤਾ ਤੇ ਕਲਚਰ ਦੇ ਮੁਹਾਜ਼ ਨੂੰ ਇਹ ਮੁਖਾਤਬ ਹੀ ਨਹੀਂ ਹੋਇਆ । ਮਾਂਗਵੇਂ ਮਾਰਕਸਵਾਦ ਨੂੰ ਵੀ ਇਹ ਆਰਥਕਤਾ ਦੇ ਖੇਤਰ ਵਿਚ ਹੀ ਚੱਕਰ ਲਵਾਉਂਦਾ ਰਿਹਾ ਹੈ । ਉਸਾਰ ਦਾ ਮਸਲਾ, ਕਲਚਰ ਦਾ ਮਸਲਾ ਜਿਵੇਂ ਇਸ ਨੇ ਕੋਈ ਮਸਲਾ ਹੀ ਨਹੀਂ ਸਮਝਿਆ । ਸਾਡੀ ਸਭਿਅਤਾ ਦੀਆਂ ਜੜ੍ਹਾਂ, ਸਾਡੀ ਕਲਚਰ ਦੀਆਂ ਜੜ੍ਹਾਂ ਸੰਸਕ੍ਰਿਤ ਦੇ ਦੌਰ ਤੋਂ ਤੁਰੀਆਂ ਆਈਆਂ ਹਨ । ਸਾਡੇ ਮਾਰਕਸਵਾਦ ਨੇ ਉਸ ਕਲਚਰ ਦਾ ਕਿਰੀਟੀਕ ਪੇਸ਼ ਕਰਨ ਵਲ ਧਿਆਨ ਹੀ ਨਹੀਂ ਦਿਤਾ । ਆਧੁਨਿਕ ਬੋਲੀਆਂ ਦੇ ਜਨਮ ਤੋਂ ਲਗ ਕੇ ਵੱਖ ਵੱਖ ਇਲਾਕਿਆਂ ਦੇ ਕਲਚਰਲ ਵਿਰਸੇ ਦਾ ਇਸ ਨੇ ਕਿੰਨਾਂ ਕੁ ਕਿਰੀਟੀਕ ਪੇਸ਼ ਕੀਤਾ ਹੈ ? ਆਪਣੇ ਇਤਿਹਾਸ ਦੀ, ਆਪਣੀ ਕਲਚਰ ਦੀ, ਆਪਣੇ ਮਜ਼ੂਬਾਂ ਦੀ, ਆਪਣੀ ਕਲਾ ਤੇ ਸਾਹਿਤ ਦੀ, ਬੁਰਜੁਆ ਪੈਂਤੜੇ ਦੀ ਕੀਤੀ ਦੇ ਮੁਕਾਬਲੇ 'ਤੇ ਅਤੇ ਉਸ ਨਾਲੋਂ ਭਾਰੂ, ਇਸ ਦੀ ਕੀਤੀ ਵਿਆਖਿਆ ਕਿਥੇ ਹੈ ? ਜੇ ਤੁਰੀ ਆਉਂਦੀ ਕਲਚਰ ਦਾ ਕਿਰੀਟੀਕ ਹੀ ਇਸ ਨੇ ਪੇਸ਼ ਨਹੀਂ ਕੀਤਾ ਤਾਂ ਪਰੋਲਤਾਰੀ ਦੇ ਪੈਂਤੜੇ ਦੀ ਕਲਚਰ ਇਸ ਨੇ ਕਿਥੋਂ ਉਸਾਰਨੀ ਸੀ ? ਇਸ ਨੂੰ ਵੀ ਛੱਡੋ । ਆਪਣੇ ਸਮਾਜ ਦੇ ਵੱਖ ਵੱਖ ਹਿੱਸਿਆਂ ਦਾ ਜਮਾਤੀ ਵਿਸ਼ਲੇਸ਼ਨ ਵੀ ਐਸਾ ਨਹੀਂ ਕੀਤਾ ਜਿਸ ਦੇ ਆਧਾਰ 'ਤੇ ਮੁਲਖੱਈਏ ਦੇ ਮਸਲਿਆਂ ਨੂੰ ਤਸੱਲੀ ਨਾਲ ਹੱਥ ਪਾਇਆ ਜਾ ਸਕੇ ।

ਮੁਲਕ ਦੀ ਕਲਚਰ ਵਿਚ, ਉਸ ਦੀ ਸਿਆਸਤ ਵਿਚ ਸਾਡੇ ਮਾਰਕਸਵਾਦ ਦੀ ਅਹਿਮੀਅਤ ਕੀ ਹੈ ? ਅਧੀ ਸਦੀ ਤੋਂ ਉਪਰ ਦੀ ਇਸ ਦੀ ਕਮਾਈ ਕੀ ਹੈ ? ਮੁਲਕ ਦੇ ਮੁਲਖੱਈਏ ਨੂੰ ਇਹ ਵਿਸ਼ਵਾਸ ਹੀ ਨਹੀਂ ਕਿ ਬੁਰਜੁਆ ਪਾਰਟੀਆਂ ਦੇ ਰਾਹਾਂ ਦੇ ਵਿਰੁਧ, ਉਹਨਾਂ ਦੀ ਥਾਂ ਮਾਰਕਸਵਾਦ ਦਾ ਰਾਹ ਵੀ ਹੈ ਅਤੇ ਮਾਰਕਸਵਾਦ ਦੀ ਪਟੜੀ 'ਤੇ ਵੀ ਚੜ੍ਹ ਸਕੀਦਾ ਹੈ । ਇਸ ਦਸ਼ਾ ਦਾ ਬੁਨਿਆਦੀ ਕਾਰਨ ਹੈ—ਸਾਡੇ ਮਾਰਕਸਵਾਦ ਦੀ ਕਲੋਨੀਅਲ ਜ਼ਹਿਨੀਅਤ ।

---

1. Division of labour and private property are, moreover, identical expressions : in the one the same thing is affirmed with reference to activity as is affirmed in the other with reference to the product of the activity. Marx

2. ...the nature of relationship between the base and superstructure is a contradiction in which the base is the overall principal aspect, but in which the superstructure may become under certain conditions, the principal aspect. But in addition, the superstructure plays the initiating role in transforming the base. It is for both the reasons that the superstructure is of crucial importance in any revolution.

...when the question of which class will actually rule comes to the fore, the superstructure plays the principal and decisive role in socialist society. Mao

## ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ

ਸੈਕਟਰ 22-ਸੀ, ਚੰਡੀਗੜ੍ਹ

### ਸਾਡੀਆਂ ਮਾਣ-ਯੋਗ ਪ੍ਰਕਾਸ਼ਨਾਵਾਂ

### ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ

ਹੁਣ ਤਕ ਛਪੀਆਂ ਸਭ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀਆਂ ਦੇ ਟਾਕਰੇ ਇਹ ਹਰ ਪਖੋਂ ਸਰਬੋਤਮ ਡਿਕਸ਼ਨਰੀ ਹੈ। ਇਸ ਦੀ ਪਹਿਲੀ ਜਿਲਦ ਮਾਰਕਿਟ ਵਿਚ ਆ ਗਈ ਹੈ ਜਿਸ ਦਾ ਮੁੱਲ 32.50 ਰੁਪੈ ਹੈ। ਇਸ ਦੀ ਦੂਜੀ ਜਿਲਦ ਵੀ ਜਨਵਰੀ ਵਿਚ ਹੀ ਆ ਰਹੀ ਹੈ। ਦੋਹਾਂ ਦੀ ਕੀਮਤ ਲਗਭਗ 65 ਰੁਪੈ ਹੋਵੇਗੀ।

### ਤਕਨੀਕੀ ਸ਼ਬਦਾਵਲੀਆਂ

ਬੋਰਡ ਵਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਹੂਲਤ ਲਈ ਵੱਖ ਵੱਖ ਮਜ਼ਮੂਨਾਂ ਦੀਆਂ ਤਕਨੀਕੀ ਸ਼ਬਦਾਵਲੀਆਂ ਤਿਆਰ ਕਰਵਾਈਆਂ ਗਈਆਂ ਹਨ। ਲੋਕ ਪ੍ਰਸ਼ਾਸਨ, ਇਤਿਹਾਸ, ਭੂਗੋਲ, ਜ਼ੁਆਲੋਜੀ, ਸੋਸ਼ਿਆਲੋਜੀ, ਫਲਸਫਾ, ਰਾਜਨੀਤੀ ਵਿਗਿਆਨ, ਅਰਥ-ਅੰਕੜਾ, ਬਾਟਨੀ, ਭੌਤਿਕ ਵਿਗਿਆਨ ਤੇ ਰਸਾਇਣ ਵਿਗਿਆਨ ਦੀਆਂ ਸ਼ਬਦਾਵਲੀਆਂ ਵਿਕਰੀ ਅਧੀਨ ਹਨ।

### ਨਵੀਆਂ ਪ੍ਰਕਾਸ਼ਿਤ ਪੁਸਤਕਾਂ

1. ਪੰਜਾਬੀ ਰੂਪ ਵਿਗਿਆਨ ਲੇਖਕ : ਡਾ: ਚਮਨ ਲਾਲ ਮੁੱਲ : 7.65 ਰੁਪੈ
2. ਅਲੰਕਾਰ ਵਿਧਾਨ ਲੇਖਕ : ਡਾ: ਓਮ ਪ੍ਰਕਾਸ਼ ਮੁਲ : 4.65 ਰੁਪੈ
3. ਇਕਾਂਗੀ ਕਲਾ ਲੇਖਕ : ਡਾ: ਰੋਸ਼ਨ ਲਾਲ ਅਹੂਜਾ ਮੁੱਲ : 6.15
4. ਰੇਡੀਓ ਪੱਤਰਕਾਰੀ ਲੇਖਕ : ਭੁਪਿੰਦਰ ਸਿੰਘ ਮੁੱਲ : 6.50 ਰੁਪਏ
5. ਸੰਗੀਤ ਪ੍ਰਕਾਸ਼ ਲੇਖਕ : ਐਸ. ਸੀ. ਬਾਲੀ ਮੁੱਲ : 12 ਰੁਪਏ
6. ਅਨੁਵੰਸ਼ਿਕ ਵਿਗਿਆਨ ਅਤੇ ਵਿਕਾਸ ਲੇਖਕ : ਬਚਿਤਰ ਸਿੰਘ ਮੁੱਲ : 13.50
7. ਸਿਖਿਆ ਵਿਚ ਸਮਵਾਇ (ਜੇ. ਬੀ. ਟੀ. ਤੇ ਬੀ. ਐਡ. ਲਈ)
   ਲੇਖਕ : ਜੀ. ਐਸ. ਧਾਮੀ ਮੁੱਲ : 4.30 ਰੁਪਏ
8. ਲੇਖਾ ਪੜਤਾਲ ਦੀ ਪਾਠ ਪੁਸਤਕ (ਬੀ. ਕਾਮ. ਲਈ) ਲੇਖਕ : ਡਾ. ਆਰ. ਐਸ. ਗੁਪਤਾ
9. ਰੂਪਾਂਤਰੀ ਵਿਆਕਰਨ ਲੇਖਕ : ਡਾ: ਹਰਕੀਰਤ ਸਿੰਘ ਮੁੱਲ : 6.00 ਰੁਪਏ

ਇਹ ਤੇ ਬੋਰਡ ਦੀਆਂ ਹੋਰ ਪੁਸਤਕਾਂ ਖਰੀਦਣ ਲਈ ਆਪਣੇ ਸ਼ਹਿਰ ਦੇ ਬੁਕਸੈਲਰ ਨੂੰ ਮਿਲੋ ਜਾਂ ਬੋਰਡ ਦੇ ਪ੍ਰਕਾਸ਼ਨ ਤੇ ਵਿਕਰੀ ਅਫਸਰ ਨਾਲ ਸੰਪਰਕ ਪੈਦਾ ਕਰੋ।



ਅਸਾਂ ਏਤਨੀ ਗੱਲ ਮਾਲੂਮ ਕੀਤੀ
ਤੇਰਾ ਨਿਕਲ ਈਮਾਨ ਹੁਣ ਚਲਿਆ ਈ। —ਵਾਰਿਸ

## "ਅੱਜ ਦੀ ਪੰਜਾਬੀ ਆਲੋਚਨਾ"—੨

[ਡਾ: ਗੁਰਬਖਸ਼ ਸਿੰਘ ਫਰੈਂਕ ਦੇ ਪੇਪਰ "ਅੱਜ ਦੀ ਪੰਜਾਬੀ ਆਲੋਚਨਾ" ਬਾਰੇ ਇਸ ਵਿਚਾਰ-ਲੜੀ ਦੀ ਪਹਿਲੀ ਕਿਸ਼ਤ ਦਸੰਬਰ 1980 ਅੰਕ ਵਿਚ ਛਪੀ ਸੀ]

ਸਮਾਜਕ ਮਨੁਖੀ ਜ਼ਿੰਦਗੀ ਨਾਲ ਸਬੰਧਤ ਕਿਸੇ ਬੁਨਿਆਦੀ ਮਸਲੇ ਬਾਬਤ ਜੋ ਕੋਈ ਕੁਛ ਕਹਿੰਦਾ ਹੈ, ਅਚੇਤ ਜਾਂ ਸੁਚੇਤ, ਉਸ ਦਾ ਕੋਈ ਸਿਧਾਂਤਕ ਆਧਾਰ ਹੁੰਦਾ ਹੈ, ਜ਼ਿੰਦਗੀ ਬਾਬਤ ਕੋਈ ਨਜ਼ਰੀਆ ਹੁੰਦਾ ਹੈ। ਆਪਣੇ ਪੇਪਰ ਵਿਚ ਡਾਕਟਰ ਫਰੈਂਕ ਨੇ ਆਪਣੀ ਸਿਧਾਂਤਕ ਨੀਂਹ ਆਪ ਹੀ ਦਸ ਦਿੱਤੀ ਹੈ। ਸਾਫ਼ ਹੈ ਕਿ ਪੰਜਾਬੀ ਸਾਹਿਤ ਦੀ ਹੋਈ ਆਲੋਚਨਾ ਬਾਬਤ ਜੋ ਲਾਈਨ ਡਾ: ਫਰੈਂਕ ਨੇ ਆਪਣੇ ਪੇਪਰ ਵਿਚ ਲਈ ਹੈ ਉਹ ਅਨਭੋਲ ਹੋਈ ਗ਼ਲਤੀ ਨਹੀਂ, ਸੋਚਿਆ ਸਮਝਿਆ, ਚੇਤੰਨ ਤੌਰ 'ਤੇ ਲਿਆ ਰਾਹ ਹੈ, ਮੱਲਿਆ ਪੈਂਤੜਾ ਹੈ।

ਗਿਆਨ ਬਾਬਤ ਮਾਰਕਸਵਾਦੀ ਸਿਧਾਂਤ ਅਮਲ ਦੀ ਕੇਂਦਰਤਾ (**centrality of practice**) ਤੇ ਜ਼ੋਰ ਦੇਂਦਾ ਹੈ। ਸਿਧਾਂਤ ਅਮਲ ਤੋਂ ਪੈਦਾ ਹੁੰਦਾ ਹੈ, ਸਮਾਜਕ ਅਮਲ ਤੋਂ। ਮਾਰਕਸਵਾਦ ਅਨੁਸਾਰ ਗਿਆਨ ਹਾਸਲ ਕਰਨ ਦਾ ਵੇਗ ਹੈ। ਅਮਲ ਦੇ ਵੇਗ ਵਿਚ ਪਹਿਲਾਂ ਬੰਦਾ 'ਫਿਨੋਮਿਨਾਂ' ਨੂੰ ਹੀ, 'ਜ਼ਾਹਿਰ' ਨੂੰ ਹੀ ਵੇਖਦਾ ਹੈ। (**perceptual stage of cognition**) ਇਹ ਸਟੇਜ ਹੁੰਦੀ ਹੈ **sense perception** ਦੀ, **impressions** ਦੀ। ਜਿਵੇਂ ਜਿਵੇਂ ਸਮਾਜਕ ਅਮਲ ਚਲਦਾ ਹੈ ਬੰਦੇ ਦੀ ਸਮਝ ਜ਼ਾਹਿਰ ਤੋਂ ਬਾਤਨ 'ਤੇ ਪਹੁੰਚਦੀ ਹੈ। **sense perception** ਤੋਂ ਬੰਦੇ ਦੇ ਦਿਮਾਗ ਵਿਚ ਸੰਕਲਪ (**concepts**) ਪੈਦਾ ਹੋ ਜਾਂਦੇ ਹਨ। ਬਾਹਰਲੀ ਕੁਦਰਤ ਵਿਚ 'ਫਿਨੋਮਿਨਾਂ' ਹੀ ਹੁੰਦੇ ਹਨ; ਸੰਕਲਪ ਬੰਦੇ ਦੇ ਦਿਮਾਗ ਵਿਚ ਪੈਦਾ ਹੁੰਦੇ ਹਨ। ਸੰਕਲਪਾਂ ਦਾ ਪੈਦਾ ਹੋਣਾ ਗਿਆਨ ਦੀ ਪਰਾਪਤੀ ਵਿਚ ਪਹਿਲੀ ਸਟੇਜ ਨਾਲੋਂ ਬਹੁਤ ਅਗੇਰੇ ਕਦਮ ਹੈ। ਸੰਕਲਪ ਸਿਧਾਂਤ ਹੈ। ਸਿਧਾਂਤ ਕੀ ਹੈ ? ਜਨਰਲਾਈਜੇਸ਼ਨ। ਜਨਰਲਾਈਜੇਸ਼ਨ ਕੀ ਹੈ ? ਸਾਇੰਸ। ਸਾਇੰਸ ਕੀ ਹੈ ? ਫਿਨੋਮਿਨਾਂ ਦੀ, ਅਸਲੀਅਤ ਦੀ ਸਮਝ। ਸੋ ਸਿਧਾਂਤ ਅਸਲੀਅਤ ਦੀ ਸਮਝ ਹੈ। ਅਸਲੇ ਦੀ ਸਮਝ ਦਾ ਮਸਲਾ ਸਿਧਾਂਤ ਹੀ ਹਲ ਕਰਦਾ ਹੈ। ਇਸ ਤੋਂ ਸਿਧਾਂਤ ਦੀ ਥਿਓਰੀ ਦੇ ਰੋਲ ਦੀ ਅਹਿਮੀਅਤ ਸਪਸ਼ਟ ਹੈ।

**ਸਿਧਾਂਤ** ਪਰ ਅੰਤਮ ਪੜਾਅ ਨਹੀਂ। ਸਿਧਾਂਤ ਮੁੜਦੇ-ਪੈਰੀਂ ਅਮਲ 'ਤੇ ਲਾਗੂ ਹੁੰਦਾ ਹੈ। ਸਿਧਾਂਤ ਦੇ ਸਹੀ ਜਾਂ ਗਲਤ ਹੋਣ ਦੀ ਪਰਖ ਅੰਤ ਅਮਲ ਵਿਚ ਹੀ ਹੁੰਦੀ ਹੈ। ਏਸ ਤਰ੍ਹਾਂ ਅਮਲ ਤੋਂ ਪੈਦਾ ਹੋ ਕੇ ਸਿਧਾਂਤ ਅਮਲ ਦੀ ਅਗਵਾਈ ਕਰਦਾ ਹੈ। ਅਗਲੇ ਪੜਾਅ ਦਾ ਅਮਲ ਸਿਧਾਂਤ ਨੂੰ ਅਗਲੇ ਪੜਾਅ 'ਤੇ ਚੜ੍ਹਾਉਂਦਾ ਹੈ। ਏਸ ਵੇਗ ਵਿਚ ਅਮਲ ਹੀ ਅੱਗੇ ਛਾਲ ਨਹੀਂ ਮਾਰਦਾ, ਗਿਆਨ ਵੀ ਅਗਾਂਹ ਨੂੰ ਛੜੱਪ ਜਾਂਦਾ ਹੈ। ਸਿਧਾਂਤ ਦੇ ਅਮਲ 'ਤੇ ਲਾਗੂ ਹੋਣ ਦਾ ਅਰਥ ਕੀ ਹੈ? ਅਰਥ ਹੈ ਕਿ ਉਹ ਮਸਲੇ ਦੇ ਸਬੰਧਤ ਤੱਥਾਂ ਨੂੰ ਥਾਂ ਪੁਰ ਥਾਂ ਨਿਜਿੱਠਦਾ ਹੈ। ਡਾਕਟਰ ਫਰੈਂਕ ਦੇ ਸਿਧਾਂਤ ਨੂੰ ਤੱਥ ਧੁਰੋਂ ਸਿਰੋਂ ਕਟਦੇ ਹਨ।

**ਮਾਰਕਸਵਾਦ** ਸਰਮਾਏਦਾਰੀ ਦੀ ਕੁੱਖ ਵਿਚੋਂ ਪੈਦਾ ਹੋਇਆ, ਉਦੋਂ ਜਦੋਂ ਸਨਅਤੀ ਮਜ਼ਦੂਰ ਜਮਾਤ ਸਰਮਾਏਦਾਰੀ ਦੇ ਵਿਰੁਧ ਜਦੋ-ਜਹਿਦ ਕਰਨ ਦੇ ਰਾਹੇ ਪਈ। ਮਾਰਕਸਵਾਦ ਹੈ ਕੀ? ਇਹ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਸਿਧਾਂਤ ਹੈ। ਪਰੋਲਤਾਰੀ ਦੇ ਪੈਂਤੜੇ ਤੋਂ, ਬੰਦੇ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਹ ਸਰਮਾਏਦਾਰੀ ਦੀ ਅਸਲੀਅਤ, ਉਸ ਦੀ ਕਰਨੀ ਦਾ ਉਹ ਵਿਸ਼ਲੇਸ਼ਨ ਹੈ ਜੋ ਇਸ ਦੇ ਅੰਤ ਹੋਣ ਦਾ, ਬੰਦੇ ਦੀ ਇਸ ਤੋਂ ਬੰਦ-ਖਲਾਸ ਦਾ ਰਾਹ ਵਿਖਾਉਂਦਾ ਹੈ, ਉਸ ਵਾਸਤੇ ਜਮਾਤੀ ਜਦੋ-ਜਹਿਦ ਕਰਵਾਉਂਦਾ ਹੈ, ਸਿਰ-ਧੜ ਦੀ ਲਵਾਉਂਦਾ ਹੈ। ਡਾਕਟਰ ਫਰੈਂਕ ਦੇ ਬਣਾਏ ਸਿਧਾਂਤ ਦੇ ਅਨਸਾਰ ਸਾਡੀ ਸਮਾਜਕ ਅਸਲੀਅਤ ਅਜੇ ਮਾਰਕਸਵਾਦ ਨੂੰ ਰਾਹ ਨਹੀਂ ਦੇਂਦੀ, ਦੇ ਨਹੀਂ ਸਕਦੀ; ਮਾਰਕਸਵਾਦ ਵਾਸਤੇ ਸਾਡੀ ਸਮਾਜਕ ਅਸਲੀਅਤ ਵਿਚ ਅਜੇ ਜਮਾਤੀ ਆਧਾਰ (class base) ਹੀ ਨਹੀਂ ਹੈ; ਥੋਹੜੇ ਬਹੁਤ ਵਰਕਰ ਤਾਂ ਸਾਡੇ ਹਨ, ਪਰ ਪਰੋਲਤਾਰੀ ਸਾਡੇ ਅਜੇ ਹੈ ਹੀ ਨਹੀਂ। ਜੇ ਪਰੋਲਤਾਰੀ ਹੀ ਸਾਡੇ ਅਜੇ ਨਹੀਂ, ਤਾਂ ਮਾਰਕਸਵਾਦ ਨੂੰ ਰਾਹ ਕਿਥੋਂ? ਅਸੀਂ ਐਵੇਂ ਓਪਰਾ ਓਪਰਾ ਫੈਸ਼ਨ ਵਜੋਂ ਹੀ ਮਾਰਕਸਵਾਦ ਬਣਾਈ ਫਿਰਦੇ ਹਾਂ। ਇਹ ਹੈ ਡਾਕਟਰ ਫਰੈਂਕ ਦਾ ਸਿਧਾਂਤ ਜਿਸ ਦੇ ਆਧਾਰ 'ਤੇ ਉਹ ਸਾਡੇ ਮਾਰਕਸਵਾਦ ਨੂੰ ਜਾਇਜ਼ ਹੀ ਨਹੀਂ ਸਮਝਦੇ, ਅਫਰਾਉਂ, ਓਪਰਾ ਹੀ ਸਮਝਦੇ ਹਨ।

**ਡਾਕਟਰ ਫਰੈਂਕ** ਦਾ ਸਿਧਾਂਤ ਜੇ ਠੀਕ ਹੁੰਦਾ ਤੇ ਮਾਰਕਸਵਾਦ ਪਰੋਲਤਾਰੀ ਦੀ ਗਿਣਤੀ 'ਤੇ, ਵਸੋਂ ਵਿਚ ਉਸ ਦੀ ਨਿਸਬਤ 'ਤੇ ਹੀ ਮੁਨਹੱਸਰ ਹੁੰਦਾ ਤਾਂ ਸਨਅਤੀ ਤੌਰ 'ਤੇ ਉੱਸਰੇ ਹੋਏ, ਸਰਮਾਏਦਾਰੀ, ਸਾਮਰਾਜੀ ਪਛਮੀਂ ਮੁਲਕਾਂ ਵਿਚ ਮਾਰਕਸਵਾਦ ਸਭ ਨਾਲੋਂ ਵਧ ਤੇ ਤੇਜ਼ ਹੋਣਾ ਚਾਹੀਦਾ ਸੀ। ਉਹਨਾਂ ਮੁਲਕਾਂ ਵਿਚ ਅਜ ਤਕ ਸਮਾਜਵਾਦੀ ਇਨਕਲਾਬ ਆਏ ਹੋਣੇ ਚਾਹੀਦੇ ਸਨ। ਪਰ ਤੱਥ ਕੀ ਹਨ? ਪਹਿਲਾ ਸਮਾਜਵਾਦੀ ਇਨਕਲਾਬ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕ—ਰੂਸ—ਵਿਚ ਆਇਆ ਜੋ ਸੰਸਾਰ ਸਰਮਾਏਦਾਰੀ ਦੀ ਕਮਜ਼ੋਰ ਕੜੀ ਸੀ। ਚੀਨ, ਵੀਤ-ਨਾਮ, ਉਤਰੀ ਕੋਰੀਆ, ਕਿਊਬਾ ਆਦਿ, ਜਿਨ੍ਹਾਂ ਮੁਲਕਾਂ ਵਿਚ ਸਮਾਜਵਾਦੀ ਇਨਕਲਾਬ ਆਏ ਹਨ ਉਹਨਾਂ ਵਿਚ ਪਰੋਲਤਾਰੀ ਕਿੰਨੀ ਕੁ ਸੀ? ਉਹਨਾਂ ਦੀ ਵਸੋਂ ਵਿਚ ਪਰੋਲਤਾਰੀ ਦੀ ਨਿਸਬਤ, ਸਾਡੀ ਵਸੋਂ ਵਿਚ ਪਰੋਲਤਾਰੀ ਦੀ ਨਿਸਬਤ ਨਾਲੋਂ ਕਿੰਨੀ ਕੁ ਜ਼ਿਆਦਾ ਸੀ?

**ਤੱਥ** ਅੰਨ੍ਹਿਆਂ ਨੂੰ ਵੀ ਦਿਸਦਾ ਹੈ ਕਿ ਸਮਾਜਵਾਦੀ ਇਨਕਲਾਬ ਆਏ ਹਨ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ, ਨਾ ਕਿ ਸਨਅਤੀ ਤੌਰ 'ਤੇ ਉੱਸਰੇ ਹੋਏ ਮੁਲਕਾਂ ਵਿਚ, ਜਿਥੇ ਪਰੋਲਤਾਰੀ ਭਰ ਗਿਣਤੀ ਵਿਚ ਸੀ। ਅਤੇ ਸਮਾਜਵਾਦੀ ਇਨਕਲਾਬ ਮਾਰਕਸਵਾਦ ਤੋਂ ਬਗੈਰ, ਮਾਰਕਸਵਾਦੀ ਚੇਤਨਤਾ ਤੋਂ ਬਗੈਰ, ਉਹਨਾਂ ਮੁਲਕਾਂ ਦੀ ਸਮਾਜਕ ਅਸਲੀਅਤ 'ਤੇ ਲਾਗੂ ਹੋਣ ਤੋਂ ਬਗੈਰ ਹੀ ਨਹੀਂ ਆ ਗਏ। ਜਿਸ ਸਮਾਜਕ ਅਸਲੀਅਤ ਨੇ ਕਬਰਾਲ ਤੇ ਉਸ ਦੇ ਪੈਰੋਕਾਰ ਪੈਦਾ ਕੀਤੇ, ਉਥੇ



ਡਾਕਟਰ ਫਰੈਂਕ ਦੇ ਅਰਥਾਂ ਵਾਲੀ ਪਰੋਲਤਾਰੀ ਕਿਥੇ ਹੈ? ਈਰਾਨ ਵਰਗੇ ਪਛੜੇ ਤੋਂ ਪਛੜੇ ਮੁਲਕ ਵਿਚ ਮਾਰਕਸਵਾਦ ਹੈ, ਮਾਰਕਸਵਾਦੀ ਪਾਰਟੀ ਹੈ। ਪਛੜੇ ਹੋਏ ਮੁਲਕਾਂ ਦੀ ਗਿਣਤੀ ਕੀ ਕਰਨੀ ਹੈ। ਦੁਨੀਆਂ ਵਿਚ ਕਿਹੜਾ ਮੁਲਕ ਹੈ, ਪਛੜੇ ਹੋਏ ਦੇਸ਼ਾਂ ਵਿਚੋਂ ਕਿਹੜਾ ਦੇਸ਼ ਹੈ ਜਿਥੇ ਮਾਰਕਸਵਾਦ ਨਹੀਂ? ਜੇ ਇਹਨਾਂ ਦੇਸ਼ਾਂ ਦੀ ਸਮਾਜਕ ਅਸਲੀਅਤ ਮਾਰਕਸਵਾਦ ਨੂੰ ਰਾਹ ਨਾ ਦੇਂਦੀ ਹੁੰਦੀ ਤਾਂ ਉਸ ਨੇ ਬਦੋ ਬਦੀ ਅਸਮਾਨੋਂ ਤਾਂ ਨਹੀਂ ਸੀ ਉਤਰ ਆਉਣਾ? ਸਪਸ਼ਟ ਹੈ ਕਿ ਸੰਸਾਰ ਦੀ ਸਮਕਾਲੀ ਜ਼ਿੰਦਗੀ ਦੇ ਤੱਥ ਡਾਕਟਰ ਫਰੈਂਕ ਦੇ ਸਿਧਾਂਤ ਨੂੰ ਕਟਦੇ ਹਨ।

**ਡਾਕਟਰ ਫਰੈਂਕ** ਦੀ ਗਲਤੀ ਕੀ ਹੈ? ਉਹਨਾਂ ਦੀ ਗਲਤੀ ਇਹ ਹੈ ਕਿ ਉਹ ਸਮਝਦੇ ਹਨ ਕਿ ਅਜ ਵੀ ਹਰ ਮੁਲਕ ਵਿਚ ਮਾਰਕਸਵਾਦ ਇਨ-ਬਿਨ ਸਿਰਫ਼ ਉਸ ਤਰ੍ਹਾਂ ਹੀ ਪੈਦਾ ਹੋ ਸਕਦਾ ਹੈ ਜਿਸ ਤਰ੍ਹਾਂ ਸੰਸਾਰ ਸਟੇਜ 'ਤੇ ਉਹ ਪਹਿਲੀ ਵੇਰ ਵਜੂਦ ਵਿਚ ਆਇਆ ਸੀ। ਉਹ ਇਸ ਗੱਲ ਤੋਂ ਅਣਜਾਣ ਹਨ ਕਿ ਸਮਾਜ ਦੀ ਇਤਿਹਾਸਕ ਉਸਾਰੀ ਦੇ ਕਾਨੂੰਨ ਨੇ, ਸੰਸਾਰ ਦੀ ਡਾਇਲੈਕਟਿਕ ਨੇ ਸਮਾਜਾਂ ਦੀ ਸਥਿਤੀ ਬਦਲ ਦਿੱਤੀ ਹੈ। ਅਜ ਮਾਰਕਸਵਾਦ ਦਾ ਮੂੰਹ, ਉਸ ਦਾ ਮੁਹਾਣ ਸਨਅਤੀ ਤੌਰ 'ਤੇ ਉੱਸਰੇ ਹੋਏ ਮੁਲਕਾਂ ਵਲ ਜਾਂ ਉਨ੍ਹਾਂ ਦੀ ਪਰੋਲਤਾਰੀ ਵਲ ਨਹੀਂ, ਪਛੜੇ ਹੋਏ ਦੇਸ਼ਾਂ ਵਲ, ਉਹਨਾਂ ਦੇ ਮੇਹਨਤਕਸ਼ ਤਬਕੇ ਵਲ ਹੈ। ਮਾਓ ਇਸ ਤੱਥ ਨੂੰ ਬਹੁਤ ਸਪਸ਼ਟ ਕਰਦਾ ਹੈ। ਉਸ ਦਾ ਕਥਨ ਹੈ ਕਿ ਜਿੰਨੀ ਆਰਥਕਤਾ ਪਛੜੀ ਹੋਈ ਹੈ ਮੁਕਾਬਲਤਨ ਓਨਾ ਹੀ ਸੌਖਾ ਹੈ ਸਰਮਾਏਦਾਰੀ ਤੋਂ ਸਮਾਜਵਾਦ ਵਲ ਨੂੰ ਤਬਦੀਲੀ ਦਾ ਰਾਹ। ਅਹਿਮ ਸਵਾਲ ਹੈ ਬੰਦਿਆਂ ਦੀ, ਇਨਕਲਾਬ ਲਿਆਉਣ ਵਾਲਿਆਂ ਦੀ ਕਾਇਆਂ-ਪਲਟੀ ਕਰਨ ਦਾ।[1] ਸਾਫ਼ ਹੈ ਕਿ ਸਰਮਾਏਦਾਰੀ ਤੋਂ ਸਮਾਜਵਾਦ ਵਿਚ ਤਬਦੀਲੀ ਮਾਰਕਸਵਾਦ ਦੇ ਜਨਮ, ਉਸ ਦੇ ਵਿਕਾਸ ਤੇ ਉਸ ਦੇ ਸਮਾਜਕ ਅਸਲੀਅਤ 'ਤੇ ਲਾਗੂ ਹੋਣ ਤੋਂ ਬਗੈਰ ਮੁਮਕਿਨ ਹੀ ਨਹੀਂ ਹੈ।

**ਡਾ: ਫਰੈਂਕ** ਨੂੰ, ਜਾਪਦਾ ਹੈ, ਸੰਸਾਰ ਦੀ ਸਥਿਤੀ ਵਿਚ ਜੋ ਤਬਦੀਲੀ ਆਈ ਹੈ ਉਸ ਦੀ ਲੋ ਨਹੀਂ ਲੱਗੀ। ਜਦੋਂ ਸਾਮਰਾਜ ਪੈਦਾ ਹੋ ਗਿਆ ਅਤੇ ਜਿਥੇ ਜਿਥੇ ਉਹ ਕਾਰਗਰ ਤੌਰ 'ਤੇ ਮਾਰ ਕਰ ਸਕਿਆ, ਉਥੇ ਉਥੇ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਦੀ ਬੁਰਜੁਆਜ਼ੀ ਆਪਣਾ ਇਤਿਹਾਸਕ ਰੋਲ ਅਦਾ ਕਰਨੋਂ, ਬੁਰਜੁਆ ਜਮਹੂਰੀ ਇਨਕਲਾਬ ਨੂੰ ਨੇਪਰੇ ਚੜ੍ਹਾਉਣੋਂ ਅਸਮਰੱਥ ਹੋ ਗਈ। ਇਸ ਦੇ ਅਸਮਰੱਥ ਹੋਣ ਨਾਲ ਬੁਰਜੁਆ ਜਮਹੂਰੀ ਇਨਕਲਾਬ ਦੀ ਪੁਜ਼ੀਸ਼ਨ ਅਮਲੀ ਪੱਧਰ 'ਤੇ ਡਾਇਲੈਕਟਿਕ ਹੋ ਗਈ। ਸਮਾਜ ਦੀ ਇਤਿਹਾਸਕ ਉਸਾਰੀ ਇਸ ਸਟੇਜ 'ਤੇ ਪਹੁੰਚ ਗਈ ਕਿ ਪਛੜੇ ਹੋਏ ਮੁਲਕਾਂ ਵਿਚ ਪਰੋਲਤਾਰੀ ਦਾ ਪੈਂਤੜਾ ਹੀ ਬੁਰਜੁਆ ਜਮਹੂਰੀ ਇਨਕਲਾਬ ਨੂੰ ਨੇਪਰੇ ਚੜ੍ਹਾਅ ਸਕਦਾ ਸੀ। ਰੂਸ ਦੀ ਬੁਰਜੁਆਜ਼ੀ ਬੁਰਜੁਆ ਜਮਹੂਰੀ ਇਨਕਲਾਬ ਨੂੰ ਨੇਪਰੇ ਚੜ੍ਹਾਉਣੋਂ ਅਸਮਰੱਥ ਰਹੀ। ਸੋ ਉਥੋਂ ਦੇ ਪਰੋਲਤਾਰੀ ਦੇ ਪੈਂਤੜੇ ਨੇ ਸ਼ਹਿਰਾਂ ਵਿਚ ਤਾਂ ਸਮਾਜਵਾਦੀ ਇਨਕਲਾਬ ਲਿਆਂਦਾ ਤੇ ਪਿੰਡ ਦੇ ਸੀਨ 'ਤੇ ਬੁਰਜੁਆ ਜਮਹੂਰੀ ਇਨਕਲਾਬ। ਚੀਨ ਆਦਿ ਅਤੇ ਹੋਰਨਾਂ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ ਨਵਾਂ ਬੁਰਜੁਆ ਜਮਹੂਰੀ ਇਨਕਲਾਬ ਆਇਆ। ਅਤੇ ਆਇਆ ਪਰੋਲਤਾਰੀ ਦੇ ਪੈਂਤੜੇ ਦਾ ਲਿਆਂਦਾ। ਸਨਅਤੀ ਤੌਰ 'ਤੇ ਪਛੜੇ ਹੋਏ ਸਭ ਦੇਸ਼, ਜਿਨ੍ਹਾਂ ਵਿਚ ਸਮਾਜਵਾਦੀ ਇਨਕਲਾਬ ਨਹੀਂ ਆਏ, ਉਹ ਸਾਮਰਾਜ ਦੇ ਕਲਾਵੇ ਵਿਚ ਹਨ। ਇਸ ਦਾ ਅਰਥ ਕੀ ਹੈ? ਅਰਥ ਇਹ ਹੈ ਕਿ ਉਹ ਸਨਅਤੀ ਤੌਰ 'ਤੇ ਸਿਰਫ਼ ਪਛੜੇ ਹੋਏ ਹੀ ਨਹੀਂ, ਸਾਮਰਾਜ ਦੇ ਕਲਾਵੇ ਵਿਚ ਰਹਿੰਦੇ ਹੋਏ, ਬੁਰਜੁਆ ਰਾਹੇ ਤੁਰਦੇ ਹੋਏ, ਸਨਅਤੀ ਤੌਰ 'ਤੇ ਉਹ ਉੱਸਰ ਸਕਦੇ ਹੀ ਨਹੀਂ। ਉਹ ਵਧ ਤੋਂ ਵਧ ਨਿਉਕਲੋਨੀਅਲ ਸਟੇਜ 'ਤੇ

ਹੀ ਪਹੁੰਚ ਸਕਦੇ ਹਨ। ਮਤਲਬ ਹੈ ਬੁਰਜੁਆ ਰਾਹੇ, ਬੁਰਜੁਆ ਪੈਂਤੜੇ ਤੋਂ ਉਹ ਸਨਅਤੀ ਤੌਰ 'ਤੇ ਉੱਸਰ ਸਕਦੇ ਹੀ ਨਹੀਂ। ਬੁਰਜੁਆ ਪੈਂਤੜੇ ਤੋਂ ਬੁਰਜੁਆ ਜਮਹੂਰੀ ਇਨਕਲਾਬ ਨੇਪਰੇ ਚੜ੍ਹਾਅ ਸਕਦੇ ਹੀ ਨਹੀਂ। ਦੂਸਰੇ ਲਫ਼ਜ਼ਾਂ ਵਿਚ ਸੰਸਾਰ ਦੀ ਡਾਇਲੈਕਟਿਕ ਨੇ ਸਾਮਰਾਜ ਦੇ ਕਲਾਵੇ ਵਿਚ ਆਏ, ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਾਸਤੇ ਸਨਅਤੀ ਉਸਾਰੀ ਦਾ ਰਾਹ, ਸਾਮਰਾਜ ਦੀ ਫਾਹੀ ਵਿਚੋਂ ਬੰਦ-ਖਲਾਸ ਦਾ ਰਾਹ, ਆਜ਼ਾਦੀ ਦਾ ਰਾਹ, ਪਰੋਲਤਾਰੀ ਦੇ ਪੈਂਤੜੇ ਦੇ ਹੱਥ ਲਿਆ ਫੜਾਇਆ ਹੈ।

**ਸਮਾਜ** ਦੀ ਇਤਿਹਾਸਕ ਉਸਾਰੀ ਦੇ ਕਾਨੂੰਨ ਨੇ, ਸੰਸਾਰ ਦੀ ਡਾਇਲੈਕਟਿਕ ਨੇ, ਜਦ ਇਹਨਾਂ ਦੇਸ਼ਾਂ ਦੀ ਉਸਾਰੀ ਨੂੰ ਪਰੋਲਤਾਰੀ ਦੇ ਪੈਂਤੜੇ ਦੇ ਸਪੁਰਦ ਆਣ ਕੀਤਾ ਹੈ, ਤਾਂ ਸਿਰ ਪਾਈ ਇਤਿਹਾਸਕ ਜ਼ੁਮੇਵਾਰੀ ਨੂੰ ਨਿਭਾਉਣ ਵਾਸਤੇ ਰਾਹ ਵੀ ਲਾਜ਼ਮੀ ਖੋਲ੍ਹਿਆ ਹੈ। ਇਸ ਦਾ ਮਤਲਬ ਹੈ ਕਿ ਸਮਾਜ ਦੀ ਇਤਿਹਾਸਕ ਉਸਾਰੀ ਦਾ ਕਾਨੂੰਨ, ਸੰਸਾਰ ਦੀ ਡਾਇਲੈਕਟਿਕ, ਹਰ ਪਛੜੇ ਹੋਏ ਮੁਲਕ ਦੀ ਸਮਾਜਕ ਅਸਲੀਅਤ ਪਰੋਲਤਾਰੀ ਦੇ ਪੈਂਤੜੇ ਦੇ ਵਜੂਦ ਵਿਚ ਆਉਣ ਨੂੰ, ਮਾਰਕਸਵਾਦ ਦੇ ਜਨਮ ਨੂੰ, ਉਸ ਦੀ ਉਸਾਰੀ ਨੂੰ, ਉਸ ਦੇ ਸਮਾਜਕ ਅਸਲੀਅਤ 'ਤੇ ਲਾਗੂ ਹੋਣ ਨੂੰ ਰਾਹ ਦੇਂਦੀ ਹੈ। ਇਸ ਦਾ ਅਰਥ ਹੈ ਕਿ ਸਾਮਰਾਜ ਦੀ ਮਾਰ ਹੇਠ ਆਏ, ਹਰ ਪਛੜੇ ਹੋਏ ਮੁਲਕ ਵਿਚ ਪਰੋਲਤਾਰੀ ਦਾ ਪੈਂਤੜਾ ਵਜੂਦ ਵਿਚ ਆ ਸਕਦਾ ਹੈ। ਉਸ ਪੈਂਤੜੇ ਤੋਂ, ਦੂਸਰੇ ਲਫ਼ਜ਼ਾਂ ਵਿਚ ਮਾਰਕਸਵਾਦ ਦੀ ਅਗਵਾਈ ਹੇਠ ਆਜ਼ਾਦੀ ਵਾਸਤੇ ਜਮਾਤੀ ਜਦੋ-ਜਹਿਦ ਹੋ ਸਕਦੀ ਹੈ। ਇਹਨਾਂ ਮੁਲਕਾਂ ਦੀ ਸਮਾਜਕ ਅਸਲੀਅਤ ਮਾਰਕਸਵਾਦ ਨੂੰ ਰਾਹ ਦੇਂਦੀ ਹੈ। ਪਰ ਰਾਹ ਹੀ ਦੇਂਦੀ ਹੈ। ਕਿਸੇ ਸਮਾਜ ਵਿਚ ਮਾਰਕਸਵਾਦ ਕਦੋਂ ਜਨਮ ਲੈਂਦਾ ਹੈ, ਕਿੰਨਾ ਕੁ ਤੇ ਕਿਸ ਤਰ੍ਹਾਂ ਦਾ—ਕੱਚਾ ਜਾਂ ਪੱਕਾ—ਉੱਸਰਦਾ ਹੈ ਇਹ ਉਥੋਂ ਦੇ ਮਨੁਖੀ ਅੰਸਰ 'ਤੇ ਮੁਨਹੱਸਰ ਹੈ। ਇਹ ·ubjective f:ctor ਦਾ ਤਅਲਕ ਹੈ। ਕੋਈ ਮੁਲਕ ਵੀ ਕਿਸੇ ਦੂਸਰੇ ਮੁਲਕ ਦੀ 'ਕਾਰਬਨ ਕਾਪੀ ਨਹੀਂ ਹੁੰਦਾ। ਹਰ ਮੁਲਕ ਦੀ ਸਥਿਤੀ ਵਿਲੱਖਣ ਹੁੰਦੀ ਹੈ।

**ਪਛੜੇ ਹੋਏ ਮੁਲਕਾਂ** ਦੀ ਸਮਾਜਕ ਅਸਲੀਅਤ ਨੂੰ ਸਮਝਣ ਵਾਸਤੇ ਉਹਨਾਂ ਦੇ ਸਾਮਰਾਜ ਨਾਲ ਰਿਸ਼ਤੇ ਨੂੰ ਗੌਹ ਨਾਲ ਵੇਖਣਾ ਜ਼ਰੂਰੀ ਹੈ। ਇਹਨਾਂ ਮੁਲਕਾਂ ਤੋਂ ਸਾਮਰਾਜ ਕੱਚਾ ਮਾਲ ਲੈਂਦਾ ਹੈ। ਜਿਥੋਂ ਤਕ ਮੁਮਕਿਨ ਹੈ ਇਹਨਾਂ ਵਿਚ ਆਪਣਾ ਸਨਅਤੀ ਮਾਲ ਵੇਚਦਾ ਹੈ। ਅਤੇ ਲਗਦੀ ਵਾਹ ਆਪਣਾ ਸਰਮਾਇਆ ਵੀ ਲਾਉਂਦਾ ਹੈ। ਇਸ ਵੇਗ ਵਿਚ ਇਹਨਾਂ ਮੁਲਕਾਂ ਨੂੰ ਲੁਟਦਾ ਹੈ। ਖਾਣਾਂ ਆਦਿ ਵਿਚ ਕੰਮ ਕਰਦੇ ਮਜ਼ਦੂਰਾਂ, ਹਲ ਵਾਹਕਾਂ, ਖੇਤ-ਮਜ਼ਦੂਰਾਂ, ਸਭ ਮੇਹਨਤਕਸ਼ ਤਬਕੇ ਦਾ ਲਹੂ ਚੂਸਦਾ ਹੈ। ਆਪਣੇ ਨਫੇ ਵਾਸਤੇ ਉਹਨਾਂ ਸਭ ਕੋਲੋਂ ਵਾਧੂ ਕਦਰ ਪੈਦਾ ਕਰਵਾਉਂਦਾ ਹੈ। ਇਹਨਾਂ ਦੀ ਇਸ ਲੁਟ-ਖਸੁਟ ਵਿਚੋਂ ਸਾਮਰਾਜੀ ਤਬਕਾ ਆਪਣੇ ਮੁਲਕ ਦੇ ਲੇਬਰ ਤਬਕੇ ਨੂੰ ਵੀ ਥੋਹੜਾ ਬਹੁਤਾ ਹਿੱਸਾ ਦੇਂਦਾ ਹੈ, ਟੁੱਕ ਪਾਉਂਦਾ ਹੈ। ਸੋ ਇਕ ਨੁਕਤੇ ਤੋਂ ਇਹਨਾਂ ਪਛੜੇ ਹੋਏ ਦੇਸ਼ਾਂ ਦਾ ਸਾਰਾ ਮੇਹਨਤਕਸ਼ ਤਬਕਾ ਸਾਮਰਾਜ ਦਾ ਮਜ਼ਦੂਰ ਤਬਕਾ ਵੀ ਹੈ। ਸਾਮਰਾਜ ਦਾ ਉਸ ਨਾਲ ਲੁਟ ਖਸੁਟ ਦਾ ਰਿਸ਼ਤਾ ਹੈ।[2] ਇਸ ਲੁਟ ਖਸੁਟ ਵਿਚ ਸਥਾਨਕ ਫਿਊਡਲ ਤੇ ਸਥਾਨਕ ਦਲਾਲ ਬੁਰਜੁਆਜ਼ੀ ਸਾਮਰਾਜ ਦੇ ਭਿਆਲ ਹਨ। ਜੇ ਇਹਨਾਂ ਮੁਲਕਾਂ ਵਿਚ ਲੋਕੀਂ ਆਪਣੇ ਸਥਾਨਕ ਫਿਊਡਲ ਵਿਰੁਧ ਵੀ ਲੜਦੇ ਹਨ ਤਾਂ ਉਹ ਫਿਊਡਲ ਤਬਕਾ ਆਪਣੀ ਰਾਖੀ ਵਾਸਤੇ ਸਾਮਰਾਜ ਦੀ ਝੋਲੀ ਪੈਂਦਾ ਹੈ। ਸਾਮਰਾਜ ਉਸ ਫਿਊਡਲ ਦੀ ਮਦਦ ਵਾਸਤੇ, ਉਸ ਦੀ ਰਾਖੀ ਵਾਸਤੇ ਆਉਂਦਾ ਹੈ। ਇਹਨਾਂ ਮੁਲਕਾਂ ਵਿਚ ਜਦੋਂ ਵੀ ਲੋਕ ਆਪਣੀ ਆਜ਼ਾਦੀ ਵਾਸਤੇ ਉਠਦੇ



ਹਨ ਤਾਂ ਸਥਾਨਕ ਫਿਊਡਲ ਤੇ ਹਾਕਮ ਜਮਾਤਾਂ ਸਾਮਰਾਜ ਦੇ ਧੜੇ ਦੀਆਂ ਹੋ ਖੜੋਂਦੀਆਂ ਹਨ। ਸਾਮਰਾਜ ਨਾਲ ਉਹ ਓਤ ਪੋਤ ਹੁੰਦੀਆਂ ਹਨ। ਇਹਨਾਂ ਮੁਲਕਾਂ ਦਾ ਮੇਹਨਤਕਸ਼ ਤਬਕਾ ਆਪਣੀ ਆਜ਼ਾਦੀ ਵਾਸਤੇ ਕਿਸੇ ਪਾਸਿਉਂ ਵੀ ਤੁਰੇ, ਕਿਸ ਤਰ੍ਹਾਂ ਵੀ ਤੁਰੇ, ਉਸ ਦਾ ਸਾਮਰਾਜ ਨਾਲ ਰਿਸ਼ਤਾ ਠੋਸ ਅਸਲੀਅਤ ਬਣ ਕੇ ਸਾਹਮਣੇ ਆਉਂਦਾ ਹੈ। ਉਸ ਨੂੰ ਪਾਸਾ ਦੇ ਕੇ ਮੇਹਨਤਕਸ਼ ਤਬਕਾ ਲੰਘ ਹੀ ਨਹੀਂ ਸਕਦਾ। ਸਾਮਰਾਜ ਤੋਂ ਬੰਦ-ਖਲਾਸੀ ਲਈ ਲੇਬਰ ਵਾਸਤੇ, ਇਸ ਲੇਬਰ ਵਾਸਤੇ ਵੀ ਪਰੋਲਤਾਰੀ ਦਾ ਪੈਂਤੜਾ ਹੀ ਹੈ।

**ਪਛੜੇ ਹੋਏ ਮੁਲਕਾਂ** ਵਿਚ ਸਥਾਨਕ ਸਨਅਤੀ ਬੁਰਜੁਆਜ਼ੀ ਹੋਵੇ ਭਾਵੇਂ ਨਾ ਹੋਵੇ (ਥੋਹੜ ਬਹੁਤ ਦਲਾਲ ਬੁਰਜੁਆਜ਼ੀ ਆਮ ਤੌਰ 'ਤੇ ਹੁੰਦੀ ਹੀ ਹੈ) ਉਹਨਾਂ ਦਾ ਮੇਹਨਤਕਸ਼ ਤਬਕਾ ਸੰਸਾਰ ਸਰਮਾਏਦਾਰੀ ਦੀ ਮੰਡੀ ਦੀ ਵਲ੍ਹੇਟ ਵਿਚ ਹੁੰਦਾ ਹੈ। ਮਤਲਬ ਹੈ ਬਤੌਰ ਲੇਬਰ ਦੇ, ਕਿਸਾਨ ਦੇ, ਮੇਹਨਤਕਸ਼ ਤਬਕਾ ਬੁਰਜੁਆ ਰਿਸ਼ਤਿਆਂ ਦੀ ਮਾਰ.ਖਾਂਦਾ ਹੈ। ਸੋ ਇਸ ਮੇਹਨਤਕਸ਼ ਤਬਕੇ ਦੀ ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ ਮਾਰਕਸਵਾਦ ਦਾ ਰਾਹ ਵਿਖਾਏਗੀ। ਬੁਰਜੁਆ ਰਿਸ਼ਤਿਆਂ ਦੀ ਮਾਰ, ਬੁਰਜੁਆਜ਼ੀ ਦੀ ਛੱਟ, ਸਾਮਰਾਜ ਦੀ ਫਾਹੀ ਪਰੋਲਤਾਰੀ ਦੇ ਪੈਂਤੜੇ ਤੋਂ ਬਗੈਰ, ਮਾਰਕਸ-ਵਾਦ ਤੋਂ ਬਗੈਰ ਚੂੰਕਿ ਖਤਮ ਹੀ ਨਹੀਂ ਹੋ ਸਕਦੀ, ਇਸ ਦਾ ਮਤਲਬ ਹੈ ਕਿ ਸਭ ਪਛੜੇ ਹੋਏ ਦੇਸ਼ਾਂ ਵਿਚ, ਚੂੰਕਿ ਉਹ ਸਾਮਰਾਜ ਦੀ ਮਾਰ ਹੇਠ ਹਨ—ਭਾਵੇਂ ਸਨਅਤੀ ਮਜ਼ਦੂਰ ਜਮਾਤ ਪਰੋਲਤਾਰੀ ਹੈ ਜਾਂ ਨਹੀਂ, ਜੇ ਹੈ ਤਾਂ ਥੋਹੜੀ ਹੈ ਜਾਂ ਬਹੁਤੀ, ਸਮਾਜਕ ਅਸਲੀਅਤ ਮਾਰਕਸਵਾਦ ਦੇ ਜਨਮ ਨੂੰ, ਉਸ ਦੀ ਉਸਾਰੀ ਨੂੰ, ਉਸ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਨੂੰ ਰਾਹ ਦੇਂਦੀ ਹੈ। ਜਦੋਂ ਅੰਤ ਸਾਹਮਣਾ ਸਰਮਾਏ ਨਾਲ, ਸਾਮਰਾਜ ਨਾਲ, ਬੁਰਜੁਆ ਰਿਸ਼ਤਿਆਂ ਨਾਲ ਹੈ ਤਾਂ ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ ਦੇ ਰਾਹ ਪਿਆਂ ਵਿਚ ਮਾਰਕਸਵਾਦ ਦਾ ਜਨਮ ਕਿਸ ਤਰ੍ਹਾਂ ਅਸੰਭਵ ਹੋ ਸਕਦਾ ਹੈ? ਅੱਜ ਦੇ ਪ੍ਰਸੰਗ ਵਿਚ ਮਾਰਕਸਵਾਦ ਦੇ ਜਨਮ ਵਾਸਤੇ ਡਾਕਟਰ ਫਰੈਂਕ ਦੇ ਸੰਕਲਪ ਦੀ, ਸਥਾਨਕ ਪਰੋਲਤਾਰੀ ਦੇ, ਸਨਅਤੀ ਮਜ਼ਦੂਰ ਜਮਾਤ ਦੇ ਹੋਣ ਜਾਂ ਨਾ ਹੋਣ ਦਾ ਸਵਾਲ ਨਹੀਂ। (ਆਮ ਤੌਰ 'ਤੇ ਖਾਨਾਂ ਆਦਿ ਵਿਚ ਕੰਮ ਕਰਦਾ ਲੇਬਰ ਹੁੰਦਾ ਹੀ ਹੈ)। ਸਵਾਲ ਹੈ ਸਰਮਾਏ ਦੀ, ਬੁਰਜੁਆ ਰਿਸ਼ਤਿਆਂ ਦੀ ਮਾਰ ਹੇਠ ਆਉਣ ਦਾ, ਸਾਮਰਾਜ ਦੀ ਫਾਹੀ ਵਿਚ ਫਸੇ ਹੋਣ ਦਾ। ਸਵਾਲ ਇਹ ਹੈ ਕਿ ਇਹਨਾਂ ਮੁਲਕਾਂ ਦਾ ਮੁਲਖੱਈਆ ਆਪਣੀ ਬੰਦ-ਖਲਾਸ ਵਾਸਤੇ ਜਦੋ-ਜਹਿਦ ਦੇ ਰਾਹ ਪੈਂਦਾ ਕਦੋਂ ਹੈ? ਜਦੋਂ ਉਸ ਨੇ ਇਸ ਜਦੋ-ਜਹਿਦ ਦਾ ਰਾਹ ਲਿਆ, ਮਾਰਕਸਵਾਦ ਦਾ ਰਾਹ ਲਾਜ਼ਮੀ ਖੁਲ੍ਹੇਗਾ। ਮਾਰਕਸਵਾਦ ਜਨਮ ਲਵੇਗਾ।

**ਅਜ ਦੀ ਸਥਿਤੀ** ਵਿਚ ਸੰਸਾਰ ਵਿਚ ਕੋਈ ਐਸਾ ਮੁਲਕ / ਸਮਾਜ ਨਹੀਂ ਹੈ ਜਿਥੇ ਮਾਰਕਸਵਾਦ ਦਾ ਜਨਮ ਜਾਂ ਉਸਾਰੀ ਅਸੰਭਵ ਹੋਵੇ। ਬੁਰਜੁਆ ਰਿਸ਼ਤਿਆਂ ਦੇ ਪ੍ਰਸੰਗ ਵਿਚ ਆਜ਼ਾਦੀ ਦਾ ਰਾਹ ਮਾਰਕਸਵਾਦ ਹੈ। ਜੋ ਵੀ ਸਰਮਾਏ ਦੀ, ਬੁਰਜੁਆ ਰਿਸ਼ਤਿਆਂ ਦੀ ਮਾਰ ਹੇਠ ਹੈ, ਸਾਮਰਾਜ ਦੇ ਅਧੀਨ, ਉਸ ਦੀ ਫਾਹੀ ਵਿਚ ਹੈ ਉਸ ਦੇ ਵਾਸਤੇ ਰਾਹ ਹੀ ਸਿਰਫ ਮਾਰਕਸਵਾਦ ਦਾ ਹੈ। ਜਦੋਂ ਸਮਾਜ ਦੀ ਡਾਇਲੈਕਟਿਕ ਕੋਈ ਮਸਲਾ ਖੜਾ ਕਰਦੀ ਹੈ ਤਾਂ ਉਸ ਦੇ ਹਲ ਦਾ ਰਾਹ ਵੀ ਨਾਲ ਹੀ ਵਿਖਾਉਂਦੀ ਹੈ।[3] ਅਜ ਮਾਰਕਸਵਾਦ ਦੇ ਜਨਮ ਦਾ ਆਧਾਰ ਹੈ—ਮੇਹਨਤਕਸ਼ ਤਬਕੇ ਦਾ, ਮੁਲਖੱਈਏ ਦਾ ਬੁਰਜੁਆ ਰਿਸ਼ਤਿਆਂ ਦੀ ਮਾਰ ਹੇਠ ਹੋਣਾ ਤੇ ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ ਦੇ ਰਾਹੇ ਪੈਣਾ। ਅਜ ਦੀ ਸਥਿਤੀ ਵਿਚ ਸਾਮਰਾਜ ਸੰਸਾਰ-ਸਿਸਟਮ ਹੈ। ਉਸ ਦੇ ਵਿਰੁਧ ਮਾਰਕਸਵਾਦ ਵੀ ਸੰਸਾਰ-ਨਜ਼ਰੀਆ, ਸੰਸਾਰ-ਵਿਚਾਰਧਾਰਾ ਹੈ।

**ਡਾਕਟਰ ਫਰੈਂਕ** ਸਾਡੇ ਸਮਾਜ ਵਿਚ ਪਰੋਲਤਾਰੀ ਦੀ ਹੋਂਦ ਤੋਂ ਇਨਕਾਰੀ ਹਨ। ਦੂਸਰੇ ਪਾਸੇ ਤੋਂ ਉਹ ਆਪ ਹੀ ਲਿਖਦੇ ਹਨ : "ਉਪਰ ਵਰਨਣ ਕੀਤੀਆਂ ਗਈਆਂ ਸਾਰੀਆਂ ਊਣਤਾਈਆਂ ਭਾਰਤੀ ਮਜ਼ਦੂਰ ਲਹਿਰ ਵਿਚਲੀਆਂ ਊਣਤਾਈਆਂ ਵਿਚੋਂ ਨਿਕਲਦੀਆਂ ਵੇਖੀਆਂ ਜਾ ਸਕਦੀਆਂ ਹਨ।" ਜੇ ਸਾਡੇ ਮਜ਼ਦੂਰ ਲਹਿਰ ਹੈ ਤਾਂ ਪਰੋਲਤਾਰੀ ਕਿਸ ਤਰ੍ਹਾਂ ਨਹੀਂ ? ਸਨਅਤੀ ਮਜ਼ਦੂਰ ਜਮਾਤ ਦਾ ਨਾਂ ਹੀ ਪਰੋਲਤਾਰੀ ਹੈ। ਸਾਡੀ ਬੁਰਜੁਆਜ਼ੀ ਨਿਰੀ ਦਲਾਲ ਬੁਰਜੁਆਜ਼ੀ ਨਹੀਂ, ਸਨਅਤੀ ਬੁਰਜੁਆਜ਼ੀ ਵੀ ਹੈ। ਸਾਡੇ ਇਥੇ ਪਰੋਲਤਾਰੀ ਦੀ ਅਣਹੋਂਦ ਕਿਸ ਤਰ੍ਹਾਂ ਹੋ ਸਕਦੀ ਹੈ ? ਇਹ ਠੀਕ ਹੈ ਕਿ ਪਰੋਲਤਾਰੀ ਦੋ ਦਿਸ਼ਾਵਾਂ ਵਿਚ ਹੋ ਸਕਦੀ ਹੈ। ਹੁੰਦੀ ਵੀ ਹੈ। ਇਕ ਜਿਸ ਤਰ੍ਹਾਂ ਉਸ ਨੂੰ ਪੈਦਾਵਾਰ ਦਾ ਬੁਰਜੁਆ ਵੇਗ ਪੈਦਾ ਕਰਦਾ ਹੈ (class in itself) ਜਮਾਤੀ ਚੇਤਨਤਾ ਤੋਂ ਕੋਰੀ, ਬੁਰਜੁਆਜ਼ੀ ਦੀ ਨਿਰੀ ਗੁਲਾਮ, ਅਤੇ ਦੂਸਰੇ ਸਰਮਾਏਦਾਰੀ ਦੇ ਵਿਰੁਧ ਲੜਦੀ (class for itself) ਜਮਾਤੀ ਚੇਤਨਤਾ ਵਰੀ ਬੈਠੀ। ਉਸ ਨੂੰ ਵਰਨ ਦੇ ਰਾਹੇ ਪਈ ਹੋਈ। ਡਾਕਟਰ ਫਰੈਂਕ ਲਿਖਦੇ ਹਨ : "ਇਸ ਦੇ ਵਾਸਤੇ ਮੰਤਕ (logic) ਅਤੇ ਸੰਬਾਦਕਤਾ (Dialectics) ਦਾ ਪੂਰਾ ਗਿਆਨ ਚਾਹੀਦਾ ਹੈ।" ਜੇ ਮਾਰਕਸਵਾਦ ਵਾਸਤੇ ਸਾਡੇ ਅਜੇ ਜਮਾਤੀ ਆਧਾਰ ਹੀ ਨਹੀਂ ਹੈ, ਜੇ ਮਾਰਕਸਵਾਦ ਅਜੇ ਸਾਡੇ ਮੁਮਕਿਨ ਹੀ ਨਹੀਂ ਹੈ ਤਾਂ ਡਾਇਲੈਕਟਿਕਸ ਦਾ ਪੂਰਾ ਗਿਆਨ ਕਿਥੋਂ ਆ ਜਾਵੇਗਾ ?

**ਡਾਕਟਰ ਫਰੈਂਕ** ਦਾ ਘੜਿਆ ਸਿਧਾਂਤ ਕਿ ਸਾਡੀ ਸਮਾਜਕ ਅਸਲੀਅਤ ਮਾਰਕਸਵਾਦ ਨੂੰ, ਪਰੋਲਤਾਰੀ ਦੇ ਪੈਂਤੜੇ ਦੇ ਵਜੂਦ ਵਿਚ ਆਉਣ ਨੂੰ ਅਜੇ ਰਾਹ ਹੀ ਨਹੀਂ ਦੇਂਦੀ, ਜ਼ਾਹਿਰ ਹੈ, ਬਿਲਕੁਲ ਬੇਬੁਨਿਆਦ ਹੈ। ਹੁਣ ਵੇਖਣਾ ਇਹ ਹੈ ਕਿ ਉਹਨਾਂ ਦਾ ਇਹ ਸਿਧਾਂਤ ਲਿਜਾਂਦਾ ਕਿਥੇ ਹੈ ? ਚੂੰਕਿ ਉਹਨਾਂ ਦੇ ਅਰਥਾਂ ਵਿਚ, ਉਹਨਾਂ ਦੇ ਸੰਕਲਪ ਦੀ ਪਰੋਲਤਾਰੀ ਦੀ ਹੀ ਸਾਡੇ ਅਣਹੋਂਦ ਹੈ, ਅਤੇ ਉਹਨਾਂ ਦੇ ਸੰਕਲਪ ਦੀ ਪਰੋਲਤਾਰੀ ਬਗ਼ੈਰ, ਉਹਨਾਂ ਦੇ ਅਨੁਸਾਰ ਮਾਰਕਸਵਾਦ ਦਾ ਜਨਮ, ਉਸ ਦੀ ਹੋਂਦ, ਉਸਦੀ ਉਸਾਰੀ ਮੁਮਕਿਨ ਹੀ ਨਹੀਂ, ਉਹਨਾਂ ਦੇ ਮੁਤਾਬਕ ਨਤੀਜਾ ਕੀ ਹੈ ? ਨਤੀਜਾ ਇਹ ਨਿਕਲਦਾ ਹੈ ਕਿ ਸਾਡੀ ਸਮਾਜਕ ਅਸਲੀਅਤ ਅਜੇ ਮਾਰਕਸਵਾਦ ਦੇ ਜਨਮ ਤੇ ਉਸਦੇ ਵਿਕਾਸ ਨੂੰ ਰਾਹ ਹੀ ਨਹੀਂ ਦੇਂਦੀ। ਇਸ ਵਾਸਤੇ ਅਸੀਂ ਮਾਰਕਸਵਾਦ ਅਜੇ ਵਰ ਨਹੀਂ ਸਕਦੇ। ਆਪਣੀ ਸਮਕਾਲੀ ਸਮਾਜਕ ਮਨੁਖੀ ਅਸਲੀਅਤ ਉਤੇ, ਆਪਣੇ ਇਤਿਹਾਸ ਉਤੇ, ਆਪਣੇ ਤੁਰੇ ਆਉਂਦੇ ਕਲਚਰਲ ਵਿਰਸੇ ਉਤੇ, ਸਾਹਿਤਕ ਵਿਰਸੇ ਉਤੇ ਮਾਰਕਸਵਾਦ ਨੂੰ ਲਾਗੂ ਕਰ ਨਹੀਂ ਸਕਦੇ। ਉਸ ਤੋਂ ਭਵਿਖ ਵਾਸਤੇ ਕਿਸੇ ਕਿਸਮ ਦੀ ਅਗਵਾਈ ਲੈ ਨਹੀਂ ਸਕਦੇ। ਜੋ ਕੋਸ਼ਿਸ਼ ਕਰਦੇ ਹਨ ਐਵੇਂ ਅੰਨ੍ਹੇ ਥੇਹ ਟੱਕਰਾਂ ਮਾਰਦੇ ਹਨ। ਡਾ: ਫਰੈਂਕ ਦੀ ਗੱਲ ਪਹੁੰਚੀ ਕਿਥੇ ? ਇਹ ਪਹੁੰਚਦੀ ਹੈ ਕਿ ਬੁਰਜੁਆ ਵੇਗ ਜੋ ਚਲ ਰਿਹਾ ਹੈ ਉਹ ਠੀਕ ਹੈ। ਬੁਰਜੁਆ ਨਜ਼ਰੀਆ ਜੋ ਕਾਬਜ਼ ਹੈ, ਉਹ ਸਹੀ ਹੈ।

**ਪੰਜਾਬ** ਨੂੰ ਇਸ ਸਬੰਧ ਵਿਚ ਬਾਕੀ ਦੇ ਮੁਲਕ ਨਾਲੋਂ ਕੱਟ ਕੇ ਵੇਖਣਾ ਗ਼ਲਤ ਹੈ। ਪਰ ਕੱਟ ਕੇ ਵੇਖਿਆਂ ਵੀ ਪੰਜਾਬ ਵਿਚ ਪਰੋਲਤਾਰੀ ਦੀ ਅਣਹੋਂਦ ਨਹੀਂ ਹੈ। ਪੰਜਾਬ ਵਿਚ ਭਾਰੀ ਸਨਅਤ ਤਾਂ ਨਹੀਂ ਹੈ, ਪਰ ਹਲਕੀ, ਛੋਟੇ ਪੈਮਾਨੇ ਦੀ ਸਨਅਤ ਹੈ। ਸੋ ਸਨਅਤੀ ਮਜ਼ਦੂਰ ਜਮਾਤ ਵੀ ਹੈ। ਬਰਤਾਨਵੀ ਸਾਮਰਾਜ ਨੇ ਵੀ ਅਤੇ ਸਾਡੀ ਆਪਣੀ ਬੁਰਜੁਆ ਸਰਕਾਰ ਨੇ ਵੀ ਪੰਜਾਬ ਨੂੰ ਬਹੁਤ ਹੱਦ ਤਕ ਫੌਜੀ ਭਰਤੀ ਦਾ ਖੇਤਰ ਹੀ ਬਣਾਈ ਰਖਿਆ ਹੈ। ਹੋਰ ਵੀ ਕਾਰਨ ਹਨ ਜਿਨ੍ਹਾਂ ਕਰਕੇ ਪੰਜਾਬ ਨੂੰ ਭਾਰੀ ਸਨਅਤ ਨਾ ਅੱਜ ਤਕ ਮਿਲੀ ਹੈ ਤੇ ਇਸ ਨਿਜ਼ਾਮ ਵਿਚ ਨਾ ਹੀ ਮਿਲਣ ਦੀ



ਕੋਈ ਸੰਭਾਵਨਾ ਹੈ। ਸੋ ਜੇ ਪੰਜਾਬ ਦੀ ਸਨਅਤੀ ਮਜ਼ਦੂਰ ਜਮਾਤ **ਡਾਕਟਰ ਫਰੈਂਕ** ਦੇ ਅਰਥਾਂ ਵਿਚ ਪਰੋਲਤਾਰੀ ਨਹੀਂ ਤਾਂ ਉਹਨਾਂ ਦੇ ਸੰਕਲਪ ਦੀ ਪਰੋਲਤਾਰੀ ਦੇ ਪੈਦਾ ਹੋਣ ਦੀ ਪੰਜਾਬ ਵਿਚ ਤਾਂ ਕੋਈ ਸੰਭਾਵਨਾ ਦਿੱਸ-ਹੱਦੇ 'ਤੇ ਦਿਸਦੀ ਨਹੀਂ। ਡਾਕਟਰ ਫ਼ਰੈਂਕ ਦੇ ਹਿਸਾਬ ਨਾਲ ਉਸ ਦੇ ਬਗ਼ੈਰ ਮਾਰਕਸਵਾਦ ਨੂੰ ਰਾਹ ਨਹੀਂ। ਦੂਸਰੇ ਪਾਸੇ ਲੈਨਿਨ ਦੇ ਮੁਤਾਬਕ ਇਨਕਲਾਬੀ ਸਿਧਾਂਤ ਬਗ਼ੈਰ ਇਨਕਲਾਬੀ ਲਹਿਰ ਮੁਮਕਿਨ ਨਹੀਂ। ਮਾਰਕਸਵਾਦੀ ਚੇਤਨਤਾ ਬਗ਼ੈਰ ਸਮਾਜਵਾਦੀ ਇਨਕਲਾਬ ਸੰਭਵ ਨਹੀਂ। ਡਾਕਟਰ ਫਰੈਂਕ ਦੇ ਅਨੁਸਾਰ ਚੂੰਕਿ ਲੋੜੀਂਦੀ ਪਰੋਲਤਾਰੀ ਸਾਡੇ ਹੈ ਨਹੀਂ, ਹੋਣ ਦੀ ਸੰਭਾਵਨਾ ਨਹੀਂ; ਸੋ ਇਸ ਲਈ ਮਾਰਕਸਵਾਦ ਦੇ ਜਨਮ ਤੇ ਵਿਕਾਸ ਵਾਸਤੇ, ਸਮਾਜਵਾਦੀ ਇਨਕਲਾਬ ਵਾਸਤੇ ਕੋਸ਼ਿਸ਼ ਕਰਨ ਨੂੰ ਸਾਡੀ ਸਮਾਜਕ ਅਸਲੀਅਤ ਰਾਹ ਹੀ ਨਹੀਂ ਦੇਂਦੀ। ਸਮਾਜਵਾਦੀ ਇਨਕਲਾਬ ਲਿਆਉਣ ਵਾਸਤੇ ਅਸੀਂ ਤੀਲਾ ਵੀ ਭੰਨ ਕੇ ਦੂਹਰਾ ਨਹੀਂ ਕਰ ਸਕਦੇ। ਨਤੀਜਾ ਸਪੱਸ਼ਟ ਹੈ। ਗੋਡਿਆਂ 'ਤੇ ਸਿਰ ਰੱਖ ਕੇ ਬਹਿ ਰਹਿਣ ਦੇ ਬਗ਼ੈਰ ਸਾਡੇ ਵਾਸਤੇ ਹੋਰ ਕੋਈ ਰਾਹ ਹੀ ਨਹੀਂ। ਸੋ ਜਦੋਂ ਤੇ ਜੇ ਸਾਡੇ ਮੁਲਕ ਵਿਚ ਡਾਕਟਰ ਫਰੈਂਕ ਦੇ ਸੰਕਲਪ ਵਾਲੀ ਪਰੋਲਤਾਰੀ ਪੈਦਾ ਹੋ ਜਾਵੇਗੀ ਤਾਂ ਮੁਲਕ ਦੀ ਸਨਅਤੀ ਬੈਲਟ ਸਮਾਜਵਾਦੀ ਇਨਕਲਾਬ ਲੈ ਆਵੇਗੀ। ਅਸੀਂ ਤਾਂ ਉਸ ਅੱਗੇ ਤਰਲਾ ਹੀ ਲੈ ਸਕਦੇ ਹਾਂ ਕਿ ਉਹ ਸਾਨੂੰ ਵੀ ਆਜ਼ਾਦੀ ਦੇ ਕੜਾਹ-ਪ੍ਰਸ਼ਾਦ ਦਾ ਗੱਫਾ ਦੇ ਦੇਵੇ !

**ਤੀਸਰੀ ਦੁਨੀਆ** ਦੇ ਸਭ ਦੇਸ਼ ਸਨਅਤੀ ਤੌਰ 'ਤੇ ਪਛੜੇ ਹੋਏ ਹਨ; ਸਾਮਰਾਜ ਦੀ ਫਾਹੀ ਵਿਚ ਹਨ। ਨਵੇਂ ਬੁਰਜੁਆ ਜਮਹੂਰੀ ਇਨਕਲਾਬ ਰਾਹੀਂ ਸਮਾਜਵਾਦੀ ਇਨਕਲਾਬ ਲਿਆਉਣ ਤੋਂ ਬਗ਼ੈਰ ਇਹ ਦੇਸ਼ ਸਾਮਰਾਜ ਦੇ ਪੰਜੇ ਵਿਚੋਂ ਨਿਕਲ ਨਹੀਂ ਸਕਦੇ। ਆਪਣੀ ਸਨਅਤੀ ਉਸਾਰੀ ਕਰ ਨਹੀਂ ਸਕਦੇ। ਆਪਣੀ ਆਜ਼ਾਦੀ ਦੇ ਰਾਹ ਪੈ ਹੀ ਨਹੀਂ ਸਕਦੇ। ਜੇ ਡਾਕਟਰ ਫਰੈਂਕ ਦਾ ਸਿਧਾਂਤ ਠੀਕ ਹੋਵੇ, (ਜਿਹੜਾ ਕਿ ਨਹੀਂ ਹੈ) ਤਾਂ ਉਹਨਾਂ ਦੇ ਸੰਕਲਪ ਦੀ ਪਰੋਲਤਾਰੀ ਤਾਂ ਇਹਨਾਂ ਦੇਸ਼ਾਂ ਵਿਚ ਪੈਦਾ ਹੋ ਹੀ ਨਹੀਂ ਸਕਦੀ। ਉਹਨਾਂ ਅਨੁਸਾਰ, ਤਾਂ ਲਗਦਾ ਹੈ ਉਹ ਸਨਅਤੀ ਤੌਰ 'ਤੇ ਉੱਸਰੇ ਮੁਲਕਾਂ ਵਿਚ ਹੀ ਹੋ ਸਕਦੀ ਹੈ। ਸੋ ਉਹਨਾਂ ਦੇ ਸਿਧਾਂਤ ਅਨੁਸਾਰ ਇਹ ਸਭ ਮੁਲਕ ਤਾਂ ਬੰਦ-ਗਲੀ ਵਿਚ ਹਨ। ਜਿੰਨਾਂ ਚਿਰ ਇਹ ਮੁਲਕ ਸਾਮਰਾਜ ਦੀ ਮਾਰ ਹੇਠ ਹਨ, ਸਨਅਤੀ ਤੌਰ 'ਤੇ ਇਹ ਉੱਸਰ ਨਹੀਂ ਸਕਦੇ। ਸਾਮਰਾਜ, ਸਾਮਰਾਜ ਹੁੰਦਾ ਹੋਇਆ ਇਹਨਾਂ ਮੁਲਕਾਂ ਵਿਚ ਸਨਅਤੀ ਉਸਾਰੀ ਹੋਣ ਨਹੀਂ ਦੇਵੇਗਾ। ਉਸ ਦੇ ਅਧੀਨ ਇਹ ਦੇਸ਼ ਵਧ ਤੋਂ ਵਧ ਨਿਓਕਲੋਨੀਅਲ ਸਟੇਜ 'ਤੇ ਹੀ ਪਹੁੰਚ ਸਕਦੇ ਹਨ। ਸਨਅਤੀ ਉਸਾਰੀ ਬਗ਼ੈਰ ਡਾਕਟਰ ਫਰੈਂਕ ਦੇ ਸੰਕਲਪ ਦੀ ਪਰੋਲਤਾਰੀ ਇਹਨਾਂ ਮੁਲਕਾਂ ਵਿਚ ਜਨਮ ਲੈ ਨਹੀਂ ਸਕਦੀ। ਉਹਨਾਂ ਦੇ ਸਿਧਾਂਤ ਅਨੁਸਾਰ, ਉਹਨਾਂ ਦੇ ਸੰਕਲਪ ਦੀ ਪਰੋਲਤਾਰੀ ਦੇ ਪੈਦਾ ਹੋਣ ਤੋਂ ਬਗ਼ੈਰ ਇਹਨਾਂ ਮੁਲਕਾਂ ਵਿਚ ਮਾਰਕਸਵਾਦ ਜਨਮ ਲੈ ਨਹੀਂ ਸਕਦਾ। ਵਿਕਾਸ ਕਰ ਨਹੀਂ ਸਕਦਾ।[4] ਲੋਕ ਉਸ ਨੂੰ ਵਰ ਨਹੀਂ ਸਕਦੇ। ਲੋਕਾਂ ਦੇ ਮਾਰਕਸਵਾਦ ਵਰਨ ਤੋਂ ਬਗ਼ੈਰ, ਮਾਰਕਸਵਾਦ ਦੀ, ਮਾਰਕਸਵਾਦੀ ਪਾਰਟੀ ਦੀ ਅਗਵਾਈ ਬਗ਼ੈਰ ਨਾ ਨਵਾਂ ਬੁਰਜੁਆ ਜਮਹੂਰੀ ਇਨਕਲਾਬ ਆ ਸਕਦਾ ਹੈ, ਨਾ ਉਹ ਸਮਾਜਵਾਦੀ ਇਨਕਲਾਬ ਵਿਚ ਬਦਲ ਸਕਦਾ ਹੈ। ਨਾ ਮੁਲਕ ਸਨਅਤੀ ਉਸਾਰੀ ਕਰਨ ਦੇ ਰਾਹੇ ਪੈ ਸਕਦਾ ਹੈ।

**ਡਾਕਟਰ ਫਰੈਂਕ** ਦੇ ਸਿਧਾਂਤ ਅਨੁਸਾਰ ਨਤੀਜਾ ਸਾਫ਼ ਹੈ ਕਿ ਪਛੜੇ ਹੋਏ ਦੇਸਾਂ ਵਿਚ ਇਨਕਲਾਬ ਕਦੇ ਵੀ ਨਹੀਂ ਆ ਸਕਦੇ। ਅਤੇ ਉਹ ਸਨਅਤੀ ਤੌਰ 'ਤੇ ਕਦੇ ਵੀ ਨਹੀਂ ਉੱਸਰ

ਸਕਦੇ । ਪਛੜੇ ਹੋਏ ਮੁਲਕਾਂ ਦੇ ਲੋਕ ਆਪਣੀ ਆਜ਼ਾਦੀ ਵਾਸਤੇ ਕਦੇ ਲੜ ਨਹੀਂ ਸਕਦੇ । ਸੋ ਉਹਨਾਂ ਵਾਸਤੇ ਇਕੋ ਹੀ ਰਾਹ ਹੈ ਕਿ ਉਹ ਉਡੀਕਣ ਕਿ ਕਦੋਂ ਸਨਅਤੀ ਤੌਰ 'ਤੇ ਉੱਸਰੇ ਮੁਲਕਾਂ ਦੀ ਪਰੋਲਤਾਰੀ ਦੁਨੀਆਂ ਵਿਚੋਂ ਸਾਮਰਾਜ ਨੂੰ, ਸਰਮਾਏਦਾਰੀ ਨੂੰ ਖ਼ਤਮ ਕਰਦੀ ਹੈ ਤੇ ਕਦੋਂ ਉਹ ਇਹਨਾਂ ਨਿਆਸਰਿਆਂ ਨੂੰ ਵੀ ਆਣ ਕੇ ਆਜ਼ਾਦ ਕਰਵਾਉਂਦੀ ਹੈ !

**ਸੰਸਾਰ ਦੀ ਡਾਇਲੈਕਟਿਕ** ਪਰੰਤੂ ਇਸ ਸਿਧਾਂਤ ਨੂੰ ਜੜ੍ਹੋਂ ਵੱਢ ਰਹੀ ਹੈ ਪਛੜੇ ਹੋਏ ਦੇਸ਼ਾਂ ਵਿਚ ਮਾਰਕਸਵਾਦ ਦੀ ਅਗਵਾਈ ਹੇਠ ਇਨਕਲਾਬ ਆਏ ਹਨ ਅਤੇ ਹੋਰ ਵੀ ਆਉਣਗੇ । ਡਾਕਟਰ ਫਰੈਂਕ ਦਾ ਸਿਧਾਂਤ ਸਾਡੇ ਤੇ ਹੋਰ ਪਛੜੇ ਹੋਏ ਮੁਲਕਾਂ ਵਿਚ ਪਰੋਲਤਾਰੀ ਦੇ ਪੈਂਤੜੇ ਨੂੰ ਘੂਕ ਸੁਵਾਉਂਦਾ ਹੈ । ਜੋ ਉਸ ਤੋਂ ਬਦੋਬਦੀ ਜਾਗ ਰਿਹਾ ਹੈ ਉਸ ਨੂੰ ਉਹ ਨਾਜਾਇਜ਼ ਕਰਾਰ ਦੇਂਦਾ ਹੈ । ਸਪੱਸ਼ਟ ਹੀ ਉਹਨਾਂ ਦਾ ਇਹ ਨਜ਼ਰੀਆ ਬੁਰਜੂਆ ਪੈਂਤੜੇ ਦੇ ਹੱਕੀ ਹੈ; ਉਸ ਦਾ ਵਿਚਾਰਧਾਰਕ ਸੰਦ ਹੈ ।

---

1. Lenin said "the more backward the country, the more difficult the transition from capitalism to socialim." Now it seems that this way of thinking is incorrect...the more backward the economy, the easier...the transition...The important question is the remoulding of human beings. Mao (Reading Notes)

2. That class which produces its product in the form of, say, 'British' capital, slaves in, among other places, the tea gardens of Sri Lanka, the gold mines and diamond mines of South Africa, and the child labour in sweetshops of Hong Kong. Philip Corrigan

3. Therefore, mankind always takes up only such problems as it can solve, since, looking at the matter more closely, we will always find that the problem itself arises only when the material conditions necessary for its solution already exist or are in the process of formation. Marx

4. The idea that an illiterate peasant country could produce revolutionary people seemed utterly absurd to this 'highly educated' supercilious and extremely stupid leader of the bourgeois reformists. Lenin (1917.c.238)

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ ।



ਆਏ ਇਨਕਲਾਬ ਕੁਰਾਹੇ ਕਿਉਂ ?—20

"ਆਜ਼ਾਦੀ ਤੇ ਗੁਲਾਮੀ ਇਕੋ ਥਾਲੀ ਵਿਚੋਂ ਨਹੀਂ ਖਾ ਸਕਦੀਆਂ; ਇਕ ਬੋਲੀ ਨਹੀਂ ਬੋਲ ਸਕਦੀਆਂ ।"

## ਸਾਇੰਸ-ਟੈਕਨਾਲੋਜੀ : ਬੁਰਜੂਆ ਪੈਂਤੜੇ ਵਾਲਿਆਂ ਦੇ ਢੁੱਚਰ ਤੇ ਦਲੀਲਾਂ

ਕਿਸ਼ਨ ਸਿੰਘ

ਸਭਿਅਤਾ ਦੀ ਉਸਾਰੀ ਇਸ ਸਟੇਜ 'ਤੇ ਪਹੁੰਚ ਚੁਕੀ ਹੈ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਨਿਪੁਣਤਾ ਤੋਂ ਬਗੈਰ ਕੰਮ ਚਲ ਨਹੀਂ ਸਕਦਾ । ਅਗੋਂ ਤਰੱਕੀ ਵਾਸਤੇ ਵੀ ਮਾਹਿਰਾਨਾ ਖੋਜ ਤੋਂ ਬਗੈਰ ਸਰ ਨਹੀਂ ਸਕਦਾ । ਜਿਵੇਂ ਜਿਵੇਂ ਸਭਿਅਤਾ ਤਰੱਕੀ ਕਰਦੀ ਜਾਵੇਗੀ ਸਭ ਪਹਿਲੂਆਂ ਵਿਚ ਕੰਮ ਨੇ ਜ਼ਿਆਦਾ ਤੋਂ ਜ਼ਿਆਦਾ ਮਾਹਿਰਾਨਾ ਹੁੰਦੇ ਤੁਰੇ ਜਾਣਾ ਹੈ । ਹੋਰ ਖੇਤਰਾਂ ਦੇ ਕੰਮ ਵਾਂਗ ਸਾਇੰਸ ਦੀ ਖੋਜ ਤੇ ਟੈਕਨਾਲੋਜੀ ਦੀ ਉਸਾਰੀ ਵੀ ਬੇਹੱਦ ਪ੍ਰਬੀਨਤਾ ਦੇ ਕੰਮ ਹਨ । ਗਿਆਨ ਐਨਾ ਵਿਸ਼ਾਲ ਹੋ ਗਿਆ ਹੈ ਕਿ ਕੋਈ ਬੰਦਾ, ਭਾਵੇਂ ਕਿੰਨੀ ਵੀ ਪ੍ਰਤਿਭਾ ਵਾਲਾ ਕਿਉਂ ਨਾ ਹੋਵੇ, ਕੁਲ ਗਿਆਨ ਨੂੰ, ਵੱਖ ਵੱਖ ਮਜ਼ਮੂਨਾਂ ਦੇ ਸਭ ਗਿਆਨ ਨੂੰ ਆਪਣੇ ਢਿੱਡ ਵਿਚ ਨਹੀਂ ਪਾ ਸਕਦਾ ।

ਕੰਮ ਦੇ ਮਾਹਿਰ ਹੋਣ ਦਾ ਇਕ ਨੁਕਤੇ ਤੋਂ ਅਰਥ ਕੀ ਹੈ ? ਅਰਥ ਇਹ ਹੈ ਕਿ ਕੰਮ ਦੀ ਕੁੰਜੀ ਮਾਹਿਰ ਦੀ ਮੁੱਠ ਵਿਚ ਆ ਗਈ । ਬੁਰਜੂਆਜ਼ੀ ਨੇ ਇਸ ਅਸਲੀਅਤ ਤੋਂ ਬਹੁਤ ਖੱਟਿਆ ਹੈ । ਪ੍ਰਬੀਨਤਾ ਦੀ ਆੜ ਹੇਠ ਉਹ ਆਪਣੀ ਕੰਮ-ਵੰਡ ਨੂੰ ਜ਼ਿਆਦਾ ਤੋਂ ਜ਼ਿਆਦਾ ਪੱਕਿਆਂ ਕਰੀ ਜਾਂਦੀ ਹੈ । ਉਸ ਸਿਧਾਂਤ ਹੀ ਇਹ ਪ੍ਰਚਲਤ ਕਰ ਛਡਿਆ ਹੈ ਕਿ ਮਾਹਿਰਾਂ ਦੀ ਅਗਵਾਈ ਬਗੈਰ, ਅਫਸਰਸ਼ਾਹੀ ਬਗੈਰ ਸਰ ਨਹੀਂ ਸਕਦਾ । ਜੇ ਕੋਈ ਖੇਤਰ ਸਟੇਟ ਦੀ ਮਲਕੀਅਤ ਵੀ ਹੋ ਜਾਵੇ, ਤਾਂ ਵੀ ਅਗਵਾਈ ਮਾਹਿਰਾਂ ਦੀ ਹੀ ਰਹਿੰਦੀ ਹੈ ਤੇ ਪ੍ਰਧਾਨਗੀ ਅਫਸਰਸ਼ਾਹੀ ਦੀ ਹੀ । ਮਾਰਕਸੀ ਸੂਝ ਨਾ ਹੋਵੇ ਤਾਂ ਬੰਦੇ ਨੂੰ ਯਕੀਨ ਆ ਜਾਂਦਾ ਹੈ ਕਿ ਅਫਸਰਸ਼ਾਹੀ ਹੈ ਤਾਂ ਭਾਵੇਂ ਕੈਂਸਰ ਹੀ, ਪਰ ਇਸ ਤੋਂ ਛੋਟ ਦਾ ਕੋਈ ਰਾਹ ਵੀ ਨਹੀਂ ਹੈ । ਅਜ ਦੀ ਸਟੇਜ 'ਤੇ ਵਰਕਰ ਤੇ ਕਿਸਾਨੀ ਜਮਾਤਾਂ ਦੇ ਸਭ ਬੰਦਿਆਂ ਰਾਤੋ ਰਾਤ ਮਾਹਿਰ ਤਾਂ ਬਣ ਨਹੀਂ ਜਾਣਾ । ਇਹ ਹੈ ਸਥਿਤੀ ਦਾ ਇਕ ਪਾਸਾ । ਦੂਸਰੇ ਪਾਸੇ ਜੇ ਸਰਬਤ ਨੇ ਆਜ਼ਾਦ ਹੋਣਾ ਹੈ, ਜੇ ਜਮਾਤ-ਰਹਿਤ ਸਮਾਜ ਨੇ ਸਾਕਾਰ ਹੋਣਾ ਹੈ ਤਾਂ ਸਭ ਕੰਮ ਉਤੇ ਮੁਲੱਖਈਏ ਦੀ ਮਲਕੀਅਤ ਤੇ ਸਰਦਾਰੀ ਲਾਜ਼ਮੀ ਹੈ । ਜੇ ਪੈਦਾਵਾਰ ਦੀਆਂ ਸ਼ਕਤੀਆਂ ਨੇ, ਉਹਨਾਂ ਦੀ ਉਸਾਰੀ ਨੇ, ਕੰਮ ਨੇ ਲੋਕਾਂ ਦੇ ਕਬਜ਼ੇ ਤੋਂ ਬਾਹਰ ਹੀ ਰਹਿਣਾ ਹੈ ਤਾਂ ਉਹਨਾਂ ਦੀ ਆਜ਼ਾਦੀ ਖੋਖਲੀ ਹੈ । ਕੰਮ ਦੇ ਰਹਿਮ 'ਤੇ ਰਹਿਣਾ ਪਰਲੇ ਦਰਜੇ ਦੀ ਗੁਲਾਮੀ ਹੈ ।

ਕੰਮ ਦੀ ਕੁੰਜੀ ਦੇ ਮਾਹਿਰ ਦੀ ਮੁੱਠ ਵਿਚ ਆ ਜਾਣ ਦੇ ਮਸਲੇ ਦਾ ਮਾਰਕਸਵਾਦ ਕੋਲ ਹੱਲ

ਹੈ। ਮਾਰਕਸਵਾਦ ਇਸ ਬੁਰਜੁਆ ਸਿਧਾਂਤ ਨੂੰ ਕਟਦਾ ਹੈ ਕਿ ਮਾਹਿਰਾਨਾ ਕੰਮ ਦੀ ਅਗਵਾਈ ਤੇ ਮਾਹਿਰਾਨਾ ਕੰਮ ਕਰਦੇ ਅਡੰਬਰ ਦਾ ਪ੍ਰਬੰਧ ਸਿਰਫ਼ ਮਾਹਿਰ ਹੀ ਕਰ ਸਕਦਾ ਹੈ। ਮਾਰਕਸਵਾਦੀ ਸਿਧਾਂਤ ਹੈ ਕਿ ਪੇਸ਼ਾਵਰਾਂ ਦੀ ਅਗਵਾਈ, ਹੱਥ ਹੀ ਗੈਰ-ਪੇਸ਼ਾਵਰਾਂ ਦੇ ਹੋਣੀ ਚਾਹੀਦੀ ਹੈ। ਇਸ ਨੁਕਤੇ ਦਾ ਜ਼ਿਕਰ ਪਿੱਛੇ ਹੋ ਚੁਕਾ ਹੈ। ਸਮਾਜ ਵਿਚ ਅਜ ਤਕ ਪੈਦਾ ਹੋਇਆ ਬੁਧੀਮਾਨ ਤਬਕਾ ਗਿਣਤੀ ਵਿਚ ਤਾਂ ਥੋਹੜਾ ਹੈ, ਪਰ ਇਸ ਦੀ ਪੁਜ਼ੀਸ਼ਨ ਚੂਲੀ ਹੋਣ ਕਰਕੇ ਸਮਾਜ ਦੀ ਤੋਰ 'ਤੇ ਇਸ ਦਾ ਅਸਰ ਇਸ ਦੀ ਗਿਣਤੀ ਦੇ ਮੁਕਾਬਲੇ 'ਤੇ ਕਈ ਗੁਣਾ ਜ਼ਿਆਦਾ ਹੁੰਦਾ ਹੈ। ਬੁਰਜੁਆ ਸਮਾਜ ਨੇ ਇਸ ਨੂੰ ਆਪਣੀ ਰਾਸੇ ਕੀਤਾ ਹੋਇਆ ਹੈ। ਬੁਰਜੁਆ ਸਮਾਜ ਵਿਚ ਪਹਿਲਾਂ ਤਾਂ ਇਹ ਹੁੰਦਾ ਹੀ ਇਕ ਜਾਂ ਦੂਸਰੇ ਬੁਰਜੁਆ ਤਬਕੇ ਦਾ ਜੰਮ ਪਲ ਹੈ ਅਤੇ ਦੂਸਰੇ ਦਿੱਤੀ ਜਾਂਦੀ ਵਿਦਿਆ ਇਸ ਨੂੰ ਬੁਰਜੁਆ ਜ਼ਹਿਨੀਅਤ ਵਿਚ ਹੋਰ ਪੱਕਿਆਂ ਕਰ ਲੈਂਦੀ ਹੈ। ਜਦੋਂ ਨੂੰ ਇਹ ਬੁਧੀਮਾਨ ਬਣਦਾ ਹੈ ਬੁਰਜੁਆ ਜ਼ਹਿਨੀਅਤ ਵਲੋਂ ਉਸ ਦੀ ਰਹਿੰਦੀ ਖੂੰਧੀ ਸਭ ਕਸਰ ਨਿਕਲ ਚੁਕੀ ਹੁੰਦੀ ਹੈ। ਕੰਮ ਕਿਉਂਕਿ ਇਸ ਦਾ ਚੂਲੀ ਹੈ, ਬੁਰਜੁਆ ਵੇਗ ਵਿਚ ਤਾਕਤ ਤਾਂ ਇਸ ਦੇ ਹੱਥ ਆਉਣੀ ਹੀ ਹੁੰਦੀ ਹੈ। ਬੁਰਜੁਆ ਜ਼ਹਿਨੀਅਤ ਵਿਚ ਗੁੜ੍ਹਿਆ ਹੋਣ ਕਰਕੇ, ਉਸ ਵਿਚ ਖਿੰਗਰ ਹੋਇਆ ਹੋਣ ਕਰਕੇ, ਜਿਹੜੀ ਵੀ ਤਾਕਤ ਇਸ ਦੇ ਹੱਥ ਵਿਚ ਆਉਂਦੀ ਹੈ ਉਸ ਦੇ ਨਾਲ ਇਹ ਆਪਣੇ ਵਾਸਤੇ ਉਚੇਚੀਆਂ ਸਹੂਲਤਾਂ ਪੈਦਾ ਕਰ ਲੈਂਦਾ ਹੈ। ਇਹਨਾਂ ਸਹੂਲਤਾਂ ਨੂੰ ਆਪਣੀ ਜ਼ਿੰਦਗੀ ਦਾ ਮੂਲ ਮਨੋਰਥ, ਆਪਣਾ ਦੀਨ ਈਮਾਨ ਬਣਾ ਕੇ ਇਹ ਹਾਕਮ ਅਫ਼ਸਰਸ਼ਾਹੀ ਬਣੀ ਤੁਰਿਆ ਜਾਂਦਾ ਹੈ। ਇਹਨਾਂ ਸਹੂਲਤਾਂ ਨੂੰ ਹਿੱਕ ਨਾਲ ਲਾਉਣ ਕਰਕੇ, ਉਹਨਾਂ ਦਾ ਮਿੱਠਾ ਮਹੁਰਾ ਖਾਣ ਕਰਕੇ ਮੁਲੱਤਈਏ ਨਾਲੋਂ ਵਿਜੋਗ, ਉਸ ਨਾਲੋਂ ਦੂਰੀ ਤੇ ਉਸ ਨਾਲ ਵਿਰੋਧ ਇਸ ਦਾ ਅਸਲਾ ਹੁੰਦਾ ਹੈ, ਤੇ ਇਸ ਵਾਸਤੇ ਇਹ ਸਮਾਜ ਦੇ ਜਮਾਤੀ ਅੰਗ ਦਾ ਹੋਇਆ ਮਰਦਾ ਹੈ ਤੇ ਹੱਸ ਕੇ ਉਸ ਦਾ ਥੰਮ੍ਹ ਬਣ ਕੇ ਵਗਦਾ ਹੈ।

**''ਮਾਰਕਸਵਾਦ, ਵਿਚਾਰਧਾਰਕ ਜਦੋ-ਜਹਿਦ ਰਾਹੀਂ, ਬੁਧੀਮਾਨ ਤਬਕੇ ਦੀ ਬੁਰਜੁਆ ਜ਼ਹਿਨੀਅਤ ਨੂੰ ਬਦਲਦਾ ਹੈ, ਵਿਚਾਰ-ਧਾਰਕ ਤੌਰ 'ਤੇ ਉਸ ਨੂੰ ਪਰੋਲਤਾਰੀ ਦੇ ਪੈਂਤੜੇ 'ਤੇ ਲਿਆਉਂਦਾ ਹੈ, ਈਮਾਨੋਂ ਉਸ ਨੂੰ ਵਰਕਰ ਦਾ ਗੁਰਭਾਈ ਬਣਾਉਂਦਾ ਹੈ।''**

ਮਾਰਕਸਵਾਦ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਰਾਹੀਂ ਬੁਧੀਮਾਨ ਤਬਕੇ ਦੀ ਜ਼ਹਿਨੀਅਤ ਨੂੰ ਬਦਲਦਾ ਹੈ, ਵਿਚਾਰਧਾਰਕ ਤੌਰ 'ਤੇ ਇਸ ਨੂੰ ਪਰੋਲਤਾਰੀ ਦੇ ਪੈਂਤੜੇ 'ਤੇ ਲਿਆਉਂਦਾ ਹੈ, ਈਮਾਨੋਂ ਉਸ ਨੂੰ ਵਰਕਰ ਦਾ ਗੁਰਭਾਈ ਬਣਾਉਂਦਾ ਹੈ। ਇਸ ਵਿਚਾਰਧਾਰਕ ਕਾਇਆਂ-ਪਲਟੀ ਦਾ ਨਤੀਜਾ ਇਹ ਹੋਵੇਗਾ ਕਿ ਸਾਇੰਸ ਦੀਆਂ ਥਿਊਰੀਆਂ ਵਿਚ ਬੁਰਜੁਆ ਨਜ਼ਰੀਆ ਨਹੀਂ ਪੁੜਿਆ ਜਾਵੇਗਾ। ਬੁਧੀਮਾਨ ਤਬਕੇ ਦੀ ਵਿਚਾਰਧਾਰਕ ਕਾਇਆਂ-ਪਲਟੀ 'ਤੇ ਜਿੰਨਾਂ ਵੀ ਜ਼ੋਰ ਦਿੱਤਾ ਜਾਵੇ, ਥੋਹੜਾ ਹੈ। ਜਿੰਨਾ ਚਿਰ ਮਾਰਕਸਵਾਦ ਹਰ ਮੁਹਾਜ਼ 'ਤੇ ਧਾੜ ਦੀ ਧਾੜ ਪਰੋਲਤਾਰੀ ਦੇ ਨਜ਼ਰੀਏ ਵਾਲੇ ਬੁਧੀਮਾਨ ਪੈਦਾ ਨਹੀਂ ਕਰਦਾ, ਪਰੋਲਤਾਰੀ ਦੇ ਪੈਂਤੜੇ ਵਾਸਤੇ ਨਤੀਜੇ ਮਾਰੂ ਨਿਕਲਦੇ ਹਨ।

ਪਰੋਲਤਾਰੀ ਦੇ ਪੈਂਤੜੇ ਦੀ ਜਿੰਦ-ਜਾਨ ਹੀ ਚੂੰਕਿ ਅਮਲ ਤੇ ਸਿਧਾਂਤ ਦੀ ਏਕਤਾ ਹੈ ਇਸ ਵਾਸਤੇ ਸਾਇੰਸ ਤੇ ਟੈਕਨਾਲੋਜੀ ਦੇ ਦਾਇਰੇ ਵਿਚ ਵੀ ਇਹ ਦਿਮਾਗੀ ਤੇ ਜਿਸਮਾਨੀ ਕੰਮ ਦੇ ਪਾੜੇ



ਨੂੰ ਮੇਟਦਾ ਹੈ। ਸੁਮੇਤ ਸਾਇੰਸਦਾਨਾਂ ਦੇ ਇਹ ਸਭ ਮਾਹਿਰਾਂ ਨੂੰ, ਆਪਣੇ ਕਸਬ ਦਾ ਕੰਮ ਕਰਦਿਆਂ ਹੋਇਆਂ ਨੂੰ ਪੈਦਾਵਾਰ ਦੇ ਕੰਮ ਵਿਚ ਲਾਉਂਦਾ ਹੈ ਤਾਕਿ ਵਰਕਰਾਂ ਨਾਲ ਇਹਨਾਂ ਦੀ ਸਾਂਝ ਪੱਕੀ ਤਰ੍ਹਾਂ ਬਣੀ ਰਹੇ; ਇਹ ਜਿਸਮਾਨੀ ਕੰਮ ਨਾਲੋਂ ਓਪਰੇ ਨਾ ਹੋ ਜਾਣ। ਪਰ ਪਰੋਲਤਾਰੀ ਦਾ ਪੈਂਤੜਾ ਏਥੇ ਬੱਸ ਨਹੀਂ ਕਰਦਾ। ਉਹ ਸਾਇੰਸਦਾਨਾਂ ਤੇ ਹੋਰ ਮਾਹਿਰਾਂ ਦੇ ਜਿਗਰੀ ਕੰਮ ਦੀ, ਉਹਨਾਂ ਦੇ ਕਸਬੀ ਕੰਮ ਦੀ ਸਾਇੰਸ ਦੀ, ਖੋਜ ਤੇ ਟੈਕਨਾਲੋਜੀ ਦੀ ਉਸਾਰੀ ਦੇ ਕੰਮ ਦੀ ਕਾਇਆਂ-ਪਲਟੀ ਕਰਦਾ ਹੈ। ਮੁਢੋਂ ਸੁਢੋਂ ਸਾਇੰਸ ਦੀ ਖੋਜ ਦਾ ਤਰੀਕਾ ਹੀ ਬਦਲਦਾ ਹੈ। ਜੋ ਕਾਣੋਂ ਸਾਣੋਂ, ਗੈਰ ਕੁਦਰਤੀ ਅੰਗ ਤੇ ਵਿਗਾੜ ਬੁਰਜੁਆ ਨਿਜ਼ਾਮ ਨੇ ਸਾਇੰਸ ਦੀ ਖੋਜ ਵਿਚ ਪਾਇਆ ਹੈ, ਉਸ ਨੂੰ ਉਹ ਧਰ ਕੇ ਲੈਂਦਾ ਹੈ। ਬੁਰਜੁਆ ਤੌਰ ਨੇ ਗਿਆਨ ਦੀ ਲੜੀ ਨੂੰ ਜੋ ਸਿਰ-ਪਰਨੇ ਕੀਤਾ ਹੋਇਆ ਸੀ ਉਸ ਨੂੰ ਇਹ ਸਿੱਧਿਆਂ ਕਰਦਾ ਹੈ।

**''ਸਾਇੰਸ ਤੇ ਟੈਕਨਾਲੋਜੀ ਦੇ ਮੁਹਾਜ਼ 'ਤੇ ਲੋਕ-ਲਹਿਰ ਵਿੱਢਿਆਂ ਕਾਮਿਆਂ ਕਿਸਾਨਾਂ ਦੇ ਮਨਾਂ ਤੋਂ ਅੰਧ-ਵਿਸ਼ਵਾਸ ਦਾ ਪਰਦਾ ਪਾਟ ਜਾਂਦਾ ਹੈ।''**

ਗਿਆਨ ਦੀ ਲੜੀ ਕੀ ਹੈ ? ਗਿਆਨ ਦੀ ਲੜੀ ਹੈ—ਅਮਲ—ਸਿਧਾਂਤ—ਤੇ ਫੇਰ ਅਮਲ। ਅਮਲ ਬੁਨਿਆਦੀ ਹੈ; ਸਿਧਾਂਤ ਦੀ ਜੜ੍ਹ ਹੈ। ਸਿਧਾਂਤ ਅਮਲ ਤੋਂ ਪੈਦਾ ਹੁੰਦਾ ਹੈ। ਉਸ ਦੀ ਹੀ ਜਨਰਲਾਈਜੇਸ਼ਨ ਹੁੰਦਾ ਹੈ ਤੇ ਸਿਧਾਂਤ ਦੇ ਸਹੀ ਜਾਂ ਗ਼ਲਤ ਹੋਣ ਦਾ ਟੈਸਟ ਵੀ ਅਮਲ ਹੀ ਹੁੰਦਾ ਹੈ। ਸਾਇੰਸ ਦਾ ਗਿਆਨ ਇਸ ਲੜੀ ਤੋਂ ਬਾਹਰ ਨਹੀਂ। ਇਸ ਦੁਨੀਆਂ ਵਿਚ ਇਕ ਹੀ ਕਿਸਮ ਦੀ ਥਿਊਰੀ ਸਹੀ ਹੈ ਤੇ ਉਹ ਹੈ ਜੋ ਬਾਹਰਲੀ ਅਸਲੀਅਤ 'ਚੋਂ ਜਨਮ ਲੈਂਦੀ ਹੈ ਅਤੇ ਜਿਸ ਦਾ ਖਰਾ ਖੋਟਾ ਹੋਣਾ ਬਾਹਰਲੀ ਅਸਲੀਅਤ ਦੀ ਕਸਵੱਟੀ 'ਤੇ ਹੀ ਪਰਖਿਆ ਜਾਂਦਾ ਹੈ।[1] ਸਮਾਜ ਦਾ ਸਭ ਤੋਂ ਬੁਨਿਆਦੀ ਅਮਲ ਹੈ—ਸਮਾਜ ਦੀ ਪਦਾਰਥਕ ਪੈਦਾਵਾਰ। ਪਦਾਰਥਕ ਪੈਦਾਵਾਰ ਦਾ ਹੀ ਅਮਲ ਹੈ ਜੋ ਕੁਦਰਤ ਦੀ ਸਾਇੰਸ ਦੀ ਬੁਨਿਆਦ ਹੈ। ਅੰਤਲੀ ਵਿਆਖਿਆ ਅਨੁਸਾਰ, ਕੁਦਰਤ ਦੀ ਸਾਇੰਸ ਦੀਆਂ ਥਿਊਰੀਆਂ ਪੈਦਾਵਾਰ ਦੇ ਅਮਲ ਤੋਂ ਹੀ ਜਨਮ ਲੈਂਦੀਆਂ ਤੇ ਉਸੱਰਦੀਆਂ ਹਨ। ਕੁਦਰਤ ਦੀ ਸਾਇੰਸ ਦਾ, ਇਸ ਪੈਦਾਵਾਰ ਨਾਲ ਸਬੰਧ ਉਸ ਦੀ ਉਸਾਰੀ ਤੋਂ ਦਿਸ ਆਉਂਦਾ ਹੈ। ਸਮਾਜ ਦੀ ਲੋੜ, ਟੈਕਨੀਕਲ ਕਾਢਾਂ ਦੀ ਮਾਂ ਹੁੰਦੀ ਹੈ। ਧਾੜ ਦੀ ਧਾੜ ਯੂਨੀਵਰਸਟੀਆਂ ਸਾਇੰਸ ਦੀ ਉਹ ਤਰੱਕੀ ਨਹੀਂ ਕਰਵਾ ਸਕਦੀਆਂ ਜੋ ਸਮਾਜ ਦੀ ਟੈਕਨੀਕਲ ਲੋੜ ਕਰਵਾ ਦੇਂਦੀ ਹੈ।[2] ਜਦੋਂ ਸਮਾਜ ਨੂੰ ਕੋਈ ਟੈਕਨੀਕਲ ਲੋੜ ਹੁੰਦੀ ਹੈ ਸਾਇੰਸ ਉਸ ਨੂੰ ਪੂਰੀ ਕਰਦਿਆਂ ਛਾਲਾਂ ਮਾਰ ਮਾਰ ਪੌੜੀਆਂ ਚੜ੍ਹਦੀ ਹੈ। ਪੈਦਾਵਾਰ ਦੀ ਲੋੜ ਦਾ ਲੀਵਰ ਕੁਦਰਤ ਦੀ ਸਾਇੰਸ ਨੂੰ ਖੜਿਆਂ ਕਰਦਾ ਹੈ। ਕਾਸ਼ਤਕਾਰੀ ਤੇ ਸਨਅਤੀ ਖੇਤਰਾਂ ਵਿਚ ਵੀ, ਹੁਮ ਹੁਮਾਕੇ, ਦਬਾ ਦਬ ਹੁੰਦੀ ਆਉਂਦੀ ਪੈਦਾਵਾਰ ਦੀ ਉਸਾਰੀ ਧੜਾ ਧੜ ਥਿਊਰੀ ਦੇ ਮਸਲੇ ਖੜੇ ਕਰੀ ਆਉਂਦੀ ਹੈ। ਪੈਦਾਵਾਰ ਦੇ ਖੜੇ ਕੀਤੇ ਜਾ ਰਹੇ ਥਿਊਰੀ ਦੇ ਇਹ ਮਸਲੇ ਸਾਇੰਸ ਕੋਲੋਂ ਆਪਣਾ ਫੌਰੀ ਹਲ ਮੰਗਦੇ ਹਨ। ਇਹਨਾਂ ਨੂੰ ਸਾਇੰਸ ਨਾ ਪਾਸਾ ਦੇ ਕੇ ਲੰਘ ਸਕਦੀ ਹੈ, ਨਾ ਇਹਨਾਂ ਵਲੋਂ ਅਵੇਸਲੀ ਹੀ ਰਹਿ ਸਕਦੀ ਹੈ। ਪੈਦਾਵਾਰ ਦੇ ਅਮਲ ਦਾ ਇਹਨਾਂ ਮਸਲਿਆਂ ਨੂੰ ਖੜਿਆਂ ਕਰਨਾ, ਤੇ ਸਾਇੰਸ ਕੋਲੋਂ ਇਹਨਾਂ ਦੇ ਹਲ ਦੀ ਮੰਗ ਕਰਨਾ ਕੋਈ ਅਲੋਕਾਰ ਗੱਲ ਨਹੀਂ। ਪੈਦਾਵਾਰ ਤੇ ਸਾਇੰਸ ਦਾ ਇਹ ਆਪਸ ਵਿਚ ਕੁਦਰਤੀ ਰਿਸ਼ਤਾ ਹੈ। ਪੈਦਾਵਾਰ ਤੇ ਉਸ ਦੇ ਲਗ-ਲਬੇੜ ਦੀਆਂ

ਲੋੜਾਂ ਤੋਂ ਹੀ ਸਾਇੰਸ ਦਾ ਜਨਮ ਹੋਇਆ ਹੈ ਤੇ ਸ਼ੁਰੂ ਤੋਂ ਲੱਗ ਕੇ ਹੁਣ ਤਕ ਇਹਨਾਂ ਲੋੜਾਂ ਤੋਂ ਹੀ ਉਸ ਦੀ ਉਸਾਰੀ ਹੁੰਦੀ ਤੁਰੀ ਆਈ ਹੈ।[3]

ਪੈਦਾਵਾਰ ਦਾ ਵੇਗ ਇਕ ਪਾਸੇ ਤੋਂ ਤਾਂ ਥਿਊਰੀ ਲਈ ਮਸਲੇ ਤੇ ਮਸਲਾ ਖੜਾ ਕਰੀ ਆਉਂਦਾ ਹੈ, ਪਰ ਨਾਲ ਹੀ ਦੂਸਰੇ ਪਾਸੇ ਤੋਂ ਉਹ ਰੱਜਵਾਂ ਅਨੁਭਵ ਉਸਾਰ ਮਾਰਦਾ ਹੈ ਜਿਹੜਾ ਉਹਨਾਂ ਖੜੇ ਕੀਤੇ ਮਸਲਿਆਂ ਦੇ ਹਲ ਵਾਸਤੇ ਸੀਧਾ ਹੁੰਦਾ ਹੈ; ਸਾਇੰਸ ਦੀਆਂ ਥਿਊਰੀਆਂ ਉਸਾਰਨ ਵਾਸਤੇ ਲੋੜੀਂਦਾ ਹੁੰਦਾ ਹੈ। ਪੈਦਾਵਾਰ ਦੇ ਅਮਲ ਦੇ ਲੰਮੇ ਵੇਗ ਵਿਚ, ਪੈਦਾਵਾਰ ਕਰਦੇ ਲੋਕਾਂ ਨੇ ਆਪਣੀਆਂ ਜਿੱਤਾਂ ਤੇ ਹਾਰਾਂ ਦੇ, ਸਭ ਕਿਸਮ ਦੇ ਅਨੁਭਵਾਂ ਦੇ ਅੰਬਾਰ ਲਾਏ ਹੁੰਦੇ ਹਨ। ਸਾਇੰਸ ਦੀਆਂ ਥਿਊਰੀਆਂ ਦੀ ਉਸਾਰੀ ਵਾਸਤੇ ਪੈਦਾਵਾਰ ਦੇ ਇਹ ਅਨੁਭਵ ਸੋਮਾਂ ਹੁੰਦੇ ਹਨ। ਮੁਲੱਖਈਏ ਨੂੰ ਹੋ ਰਹੇ ਨਵੇਂ ਅਨੁਭਵ ਦੇ ਸਮਝਿਆਂ, ਉਸ ਤੋਂ ਅਧੀਨਗੀ ਨਾਲ ਸਿਖਿਆਂ, ਉਸ ਦਾ ਨਿਚੋੜ ਕੱਢਿਆਂ, ਤੇ ਉਸ ਦੀ ਖਿੰਡੀ ਪੁੰਡੀ ਸਿਆਣਪ ਦੇ ਟੋਟਕਿਆਂ ਨੂੰ ਇਕੱਠਿਆਂ ਕਰਕੇ ਆਪਣੀ ਸਾਇੰਸੀ-ਜਾਚ ਨਾਲ ਕਿਸੇ ਲੜੀ ਵਿਚ ਪਰੋ ਕੇ, ਉਸ 'ਤੇ ਉਸੇ ਜਾਚ ਨਾਲ ਕੰਮ ਕੀਤਿਆਂ ਹੀ ਸਾਇੰਸ ਤੇ ਟੈਕਨਾਲੋਜੀ ਦੇ ਮਾਹਿਰ ਆਪਣੇ ਕਸਬ ਦੀ ਜਾਚ ਦਾ ਭਰਵਾਂ ਇਜ਼ਹਾਰ ਕਰ ਸਕਦੇ ਹਨ। ਆਪਣੇ ਕਸਬ ਵਿਚ ਰੱਜਵਾਂ ਹਿੱਸਾ ਪਾ ਸਕਦੇ ਹਨ। ਕੁਦਰਤ ਦੀ ਸਾਇੰਸ ਦੀ ਉਸਾਰੀ ਦਾ ਸਮਾਜ ਦੀ ਪਦਾਰਥਕ ਪੈਦਾਵਾਰ ਦੇ ਅਮਲ ਨਾਲ ਜਿਗਰੀ ਸਬੰਧ ਸਪਸ਼ਟ ਹੈ। ਜ਼ਾਹਿਰ ਹੈ ਕਿ ਸਾਇੰਸ ਦੀ ਉਸਾਰੀ ਤਾਂ ਹੀ ਸਿੱਧੇ ਰਾਹੇ ਤੇਜ਼ੀ ਨਾਲ ਹੋ ਸਕਦੀ ਹੈ ਜੇ ਇਸ ਰਿਸ਼ਤੇ ਨੂੰ ਮੁਖ ਰਖਿਆ ਜਾਵੇ ਅਤੇ ਇਸ ਨੂੰ ਸਾਇੰਸ ਦੀ ਖੋਜ ਦਾ ਧੁਰਾ ਬਣਾਇਆ ਜਾਵੇ, ਜੋ ਉਸ ਦੀ ਖੋਜ ਚੀਨ ਦੇ ਲਿਆਂਦੇ ਕਲਚਰਲ ਇਨਕਲਾਬ ਦੀ ਬੋਲੀ ਵਿਚ ਖੁਲ੍ਹੀਂ ਦਰਵਾਜ਼ੀਂ (open door way) ਹੋਵੇ। ਮਤਲਬ ਹੈ ਕਿ ਸਾਇੰਸ ਤੇ ਟੈਕਨਾਲੋਜੀ ਦੇ ਮਾਹਿਰ ਟੈਕਨੀਸ਼ਨ ਵਰਕਰਾਂ ਤੇ ਕਿਸਾਨਾਂ ਨਾਲ ਗੁੰਦੇ ਜਾਣ ਅਤੇ ਲਬਾਰੇਟਰੀ ਵਿਚ ਕੀਤੀ ਜਾ ਰਹੀ ਖੋਜ, ਪੈਦਾਵਾਰ ਦੇ ਅਮਲ ਵਿਚ ਮੁਲੱਖਈਏ ਦੇ ਕੀਤਿਆਂ ਤਜਰਬਿਆਂ ਤੇ ਉਸ ਦੇ ਪੱਲੇ ਪਏ ਅਨੁਭਵ ਨੂੰ ਆਪਣੇ ਤਨ ਦਾ ਸਾਥੀ ਸਮਝੇ। ਉਸ ਨਾਲ ਘਿਉ ਖਿਚੜੀ ਹੋ ਕੇ ਚੱਲੇ।

"ਵਰਕਰਾਂ ਆਦਿ ਦੇ ਖ਼ੂਨ ਵਿਚ ਕੋਈ ਖਰਾਬੀ ਤਾਂ ਨਹੀਂ ਹੁੰਦੀ ਕਿ ਮੌਕੇ / ਵਸੀਲੇ ਦਿਤੇ ਜਾਣ ਤਾਂ ਉਹ ਕਲਚਰ ਵਰ ਨਹੀਂ ਸਕਦੇ।"

ਸਾਇੰਸ ਦੀ ਉਸਾਰੀ ਦਾ ਇਹ ਸਿੱਧਾ ਰਾਹ ਪਰੋਲਤਾਰੀ ਦੇ ਪੈਂਤੜੇ ਨੂੰ ਹੀ ਪੁਗ ਸਕਦਾ ਹੈ। ਇਸ ਵਾਸਤੇ ਨਹੀਂ ਕਿ ਇਸ ਰਾਹੇ ਪਿਆਂ ਸਾਇੰਸ ਦੀ ਉਸਾਰੀ ਸਮਾਜ ਦੀ, ਲੋਕਾਂ ਦੀ ਲੋੜ ਦੇ ਨੁਕਤੇ ਤੋਂ ਸਿੱਧੇ ਰਾਹੇ ਤੇ ਤੇਜ਼ੀ ਨਾਲ ਹੁੰਦੀ ਹੈ ਬਲਕਿ ਸਗੋਂ ਇਸ ਵਾਸਤੇ ਵੀ ਕਿ ਇਹ ਉਹ ਹੀ ਰਾਹ ਹੈ ਜਿਸ ਰਾਹੇ ਪਿਆਂ ਵਰਕਰ ਜਮਾਤ, ਮੋਹਨਤਕਸ਼ ਤਬਕਾ ਸਾਇੰਸ ਤੇ ਟੈਕਨਾਲੋਜੀ ਨੂੰ ਵਰ ਸਕਦਾ ਹੈ। ਉਹਨਾਂ ਨੂੰ ਬੁਰਜੂਆਜ਼ੀ ਦੇ ਕਬਜ਼ੇ ਵਿਚੋਂ ਕਢ ਕੇ ਆਪਣੇ ਕਬਜ਼ੇ ਵਿਚ ਲੈ ਸਕਦਾ ਹੈ। ਪੈਦਾਵਾਰ ਦੀਆਂ ਸ਼ਕਤੀਆਂ ਦਾ, ਉਹਨਾਂ ਦੀ ਉਸਾਰੀ ਦਾ ਮਾਲਕ ਬਣ ਸਕਦਾ ਹੈ। ਜਿਸ ਤਰ੍ਹਾਂ ਪਰੋਲਤਾਰੀ ਦਾ ਪੈਂਤੜਾ ਮੁਲੱਖਈਏ ਨੂੰ ਸਟੇਟ ਦੇ ਮਸਲੇ ਦਾ, ਸਿਆਸਤ ਦਾ ਗੌਹਰੀ ਬਣਾਉਂਦਾ ਹੈ, ਏਸੇ ਤਰ੍ਹਾਂ ਹੀ ਉਹ ਕਸਬੀ ਕੰਮ ਦੀ ਵੀ ਕਾਇਆਂ-ਪਲਟੀ ਕਰਦਾ ਹੈ। ਮੁਲੱਖਈਏ ਦੇ ਮਨਾਂ ਤੋਂ ਮਾਹਿਰਾਂ ਦਾ ਹਊਆ ਚੁਕਦਾ ਹੈ। ਹੋਰਨਾਂ ਮੁਹਾਜ਼ਾਂ ਵਾਂਗ ਪਰੋਲਤਾਰੀ ਦਾ ਪੈਂਤੜਾ ਸਾਇੰਸ



ਤੇ ਟੈਕਨਾਲੋਜ਼ੀ ਦੇ ਮੁਹਾਜ਼ ਉਤੇ ਵੀ ਮੁਲੱਖਈਏ ਨੂੰ ਹਰਕਤ ਵਿਚ ਲਿਆਉਂਦਾ ਹੈ। ਮੁਲੱਖਈਏ ਨੂੰ ਹਰਕਤ ਵਿਚ ਲਿਆਉਣਾ ਸਿਆਸੀ ਲਾਈਨ ਨਾਲ ਸਬੰਧਤ ਹੈ। ਉਸ ਦਾ ਸਵਾਲ ਹੈ। ਪਰੋਲਤਾਰੀ ਦੇ ਪੈਂਤੜੇ ਦੀ ਬੁਨਿਆਦੀ ਲਾਈਨ ਹੀ ਇਹ ਹੈ ਕਿ ਸਭ ਕੰਮ ਵਿਚ ਮੁਲੱਖਈਆ ਲਹਿਰ (mass movement) ਲਾਜ਼ਮੀ ਹੈ ਅਤੇ ਉਸ ਬਗੈਰ ਕੰਮ ਤੁਰਦਾ ਹੀ ਨਹੀਂ। ਪਰੋਲਤਾਰੀ ਦੇ ਪੈਂਤੜੇ ਦੀ ਜਿੰਦ-ਜਾਨ ਹੀ ਲੋਕ ਲਾਈਨ ਹੈ, ਮੁਲੱਖਈਏ ਦੇ ਖੜੇ ਹੋਣ ਤੋਂ ਬਗੈਰ ਉਸ ਦੀ ਜਦੋ-ਜਹਿਦ ਤੋਂ ਬਗੈਰ ਇਹ ਕਾਸੇ ਜੋਗਾ ਵੀ ਨਹੀਂ।[4] ਸੋ ਇਹ ਪੈਂਤੜਾ ਸਾਇੰਸ ਤੇ ਟੈਕਨਾਲੋਜੀ ਦੇ ਮੁਹਾਜ਼ ਉਤੇ ਵੀ ਖੁਲ੍ਹ ਕੇ ਰਜਵੀਂ ਮੁਲੱਖਈਆ-ਲਹਿਰ ਵਿੱਢਦਾ ਹੈ। ਇਸ ਮੁਹਾਜ਼ ਉਤੇ ਵੀ ਇਹ ਚੰਦ ਬੰਦਿਆ 'ਤੇ ਨਿਰਭਰ ਨਹੀਂ ਰਹਿੰਦਾ। ਇਹ ਸਿਆਸੀ ਤੌਰ 'ਤੇ ਜਾਗੇ ਹੋਏ ਮੁਲੱਖਈਏ ਦੀ ਸਿਆਣਪ ਤੇ ਤਾਕਤ 'ਤੇ ਓਟ ਲਾਉਂਦਾ ਹੈ।

"ਬੰਦੇ ਦੀ ਗ਼ੁਲਾਮੀ ਤੇ ਬੰਦੇ ਦੀ ਆਜ਼ਾਦੀ—ਇਹਨਾਂ ਦਾ ਆਪਸ ਵਿਚ ਰਿਸ਼ਤਾ ਹੈ—ਮਾਰੂ ਵਿਰੋਧ ਦਾ, ਸਿਰ-ਵੱਢਵੇਂ ਵੈਰ ਦਾ।"

ਸਾਇੰਸ ਤੇ ਟੈਕਨਾਲੋਜੀ ਦੇ ਮੁਹਾਜ਼ 'ਤੇ ਮੁਲੱਖਈਆ-ਲਹਿਰ ਵਿੱਢਿਆਂ ਵਰਕਰਾਂ, ਕਿਸਾਨਾਂ ਆਦਿ ਦੇ ਮਨਾਂ ਤੋਂ ਅੰਧ ਵਿਸ਼ਵਾਸ਼ ਦਾ ਪਰਦਾ ਪਾਟ ਜਾਂਦਾ ਹੈ। ਅੰਧ ਵਿਸ਼ਵਾਸ਼ ਤੋਂ ਉਹਨਾਂ ਦੇ ਆਜ਼ਾਦ ਹੋਏ ਮਨ ਬੜੇ ਉਦਮ ਤੇ ਉਤਸ਼ਾਹ ਨਾਲ ਸਾਇੰਸ ਦੇ ਤਜਰਬੇ ਕਰਨ ਦੀ ਲਹਿਰ ਵਿਚ ਹਿੱਸਾ ਲੈਂਦੇ ਹਨ। ਤੇ ਇਸ ਨਾਲ ਆਮ ਮਜ਼ਦੂਰ ਵੀ ਸਾਇੰਸ ਤੇ ਟੈਕਨਾਲੋਜੀ ਨੂੰ ਹੱਥ ਪਾਉਂਦਾ ਪਾਉਂਦਾ, ਉਸ ਦਾ ਗੌਹਰੀ ਹੁੰਦਾ ਹੁੰਦਾ ਉਸ ਦਾ ਮਾਲਕ ਬਣ ਜਾਂਦਾ ਹੈ ਅਤੇ ਇਸ ਤਰ੍ਹਾਂ ਹੀ ਲੋਟੂ ਜਮਾਤਾਂ ਦੀ ਸਾਇੰਸ ਤੇ ਟੈਕਨਾਲੋਜੀ 'ਤੇ ਵਾਹਿਦ ਮਾਲਕੀ ਟੁਟਦੀ ਟੁਟਦੀ ਟੁਟ ਜਾਂਦੀ ਹੈ। ਲੋਕਾਂ ਦੀ ਧਾੜ ਦੀ ਧਾੜ ਦੇ ਸਾਇੰਸ ਦੇ ਤਜਰਬੇ ਕਰਨ ਨਾਲ ਇਕ ਪਾਸੇ ਤੋਂ ਸਾਇੰਸ ਠਾਠਾਂ ਮਾਰਦੀ ਉੱਸਰਦੀ ਹੈ ਅਤੇ ਦੂਸਰੇ ਪਾਸੇ ਤੋਂ ਵਰਕਰ ਜਮਾਤ / ਮੁਲੱਖਈਆ ਸਾਇੰਸ ਦਾ ਮਾਲਕ ਬਣਦਾ ਜਾਂਦਾ ਹੈ। ਇਹ ਹੈ ਮੁਲੱਖਈਏ ਦੇ ਸਹੀ ਅਰਥਾਂ ਵਿਚ ਨਾਇਕ ਬਣਨ ਦਾ ਰਾਹ। ਸਾਇੰਸ ਤੇ ਟੈਕਨਾਲੋਜੀ ਦੇ ਮਾਹਿਰਾਂ, ਵਰਕਰਾਂ ਦਾ ਕਿਸਾਨਾਂ, ਵਰਕਰਾਂ ਨਾਲ ਗੁੰਦੇ ਜਾਣਾ ਅਤੇ ਸਾਇੰਸ ਦੀ ਖੋਜ ਦਾ ਖੁਲ੍ਹੀਂ-ਦਰਵਾਜ਼ੀਂ ਹੋਣਾ ਪਰੋਲਤਾਰੀ ਦੇ ਪੈਂਤੜੇ ਦੇ ਹਿੱਤੀ ਹੈ। ਜਦੋਂ ਸਾਇੰਟਿਫਿਕ ਤੇ ਟੈਕਨੀਕਲ ਵਰਕਰ, ਸਿਆਸੀ ਤੌਰ 'ਤੇ ਚੇਤੰਨ, ਪੈਦਾਵਾਰ ਦੇ ਕੰਮ ਨਾਲ ਦੋ ਹੱਥ ਕਰਦੇ ਕਿਸਾਨਾਂ ਤੇ ਵਰਕਰਾਂ ਨਾਲ ਘਿਉ ਖਿਚੜੀ ਹੁੰਦੇ ਹਨ ਤਾਂ ਉਹ ਉਹਨਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਸਾਇੰਟਿਫਿਕ ਤਜਰਬਿਆਂ ਤੋਂ ਇਲਾਵਾ ਪੈਦਾਵਾਰ ਲਈ ਜਦੋ-ਜਹਿਦ ਤੇ ਜਮਾਤੀ ਜਦੋ-ਜਹਿਦ ਵਿਚ ਵੀ ਹੁਮ ਹੁਮਾ ਕੇ ਹਿੱਸਾ ਲੈਂਦੇ ਹਨ। ਇਸ ਵੇਗ ਵਿਚ ਉਹ ਸਿਆਸੀ ਤੌਰ 'ਤੇ ਚੇਤੰਨ ਹੀ ਨਹੀਂ ਹੁੰਦੇ, ਆਪਣਾ ਸਾਰੀ ਜ਼ਿੰਦਗੀ ਦਾ ਨਜ਼ਰੀਆ ਵੀ ਬਦਲਦੇ ਹਨ। ਇਕ ਪਾਸੇ ਤੋਂ ਸਾਇੰਟਿਫਿਕ-ਟੈਕਨਾਲੋਜੀ ਦੇ ਕੰਮ ਵਿਚ ਲੋਕ-ਲਾਈਨ ਤੇ ਦੂਸਰੇ ਪਾਸੇ ਤੋਂ ਸਾਇੰਸ ਆਦਿ ਵਾਲਿਆਂ ਦੀ ਵਿਚਾਰਧਾਰਕ ਕਾਇਆਂ-ਪਲਟੀ ਤੇ ਜਮਾਤੀ ਜਦੋ-ਜਹਿਦ ਵਿਚ ਸ਼ਮੂਲੀਅਤ ਨਾਲ ਸਾਇੰਸ ਤੇ ਟੈਕਨਾਲੋਜੀ ਦੇ ਮੁਹਾਜ਼ ਉਤੇ ਵੀ ਪਰੋਲਤਾਰੀ ਦੇ ਪੈਂਤੜੇ ਦੀ ਸਰਦਾਰੀ ਦੇ ਪੈਰ ਬਝਣੇ ਸ਼ੁਰੂ ਹੁੰਦੇ ਹਨ। ਇਸ ਦੇ ਨਾਲ ਹੀ ਇਕ ਪਾਸੇ ਤੋਂ ਮੁਲੱਖਈਏ ਦੇ ਸਾਇੰਟਿਫਿਕ ਖੋਜ ਨੂੰ ਹੱਥ ਪਾਉਣ ਤੇ ਦੂਸਰੇ ਪਾਸੇ ਤੋਂ ਸਾਇੰਟਿਫਿਕ ਟੈਕਨੀਕਲ ਵਰਕਰਾਂ ਦੇ, ਪੈਦਾਵਾਰ ਦੀ ਜਦੋ-ਜਹਿਦ ਵਿਚ ਨਿਝੱਕ

ਸ਼ਾਮਲ ਹੋਣ ਨਾਲ, ਬੁਰਜੁਆ ਸਮਾਜ ਦੇ ਪਾਏ ਵਰਕਰਾਂ ਕਿਸਾਨਾਂ, ਪਿੰਡ ਤੇ ਸ਼ਹਿਰ ਅਤੇ ਦਿਮਾਗੀ ਤੇ ਜਿਸਮਾਨੀ ਕੰਮ ਦੇ ਦਰਮਿਆਨ ਤਿੰਨਾਂ ਪਾੜਿਆਂ ਦੇ ਮੇਟਣ ਦਾ ਰਾਹ ਖੁਲ੍ਹਦਾ ਹੈ। ਬੁਰਜੁਆ ਹੱਕ ਅੱਗੇ ਨਾਲੋਂ ਮਹਿਦੂਦ ਹੁੰਦਾ ਹੈ। ਤੇ ਇਸ ਤਰ੍ਹਾਂ ਸਾਇੰਸ ਤੇ ਟੈਕਨਾਲੋਜੀ ਦੀ ਉਸਾਰੀ ਤੋਂ ਇਲਾਵਾ ਪਰੋਲਤਾਰੀ ਦਾ ਪੈਂਤੜਾ ਸਿਆਸੀ ਤੌਰ 'ਤੇ ਵੀ ਖੱਟਦਾ ਹੈ। ਸਾਇੰਸ ਤੇ ਟੈਕਨਾਲੋਜੀ ਦੇ ਮਾਹਿਰਾਂ ਦਾ ਮਸਲਾ ਤਾਂ ਬੁਧੀਮਾਨ ਤਬਕੇ ਦੇ ਮਸਲੇ ਦਾ ਅੰਗ ਹੈ ਹੀ, ਤੇ ਇਹਨਾਂ ਦਾ ਹਲ ਉਹ ਹੀ ਹੈ ਜੋ ਉਸ ਮਸਲੇ ਦਾ ਹੈ—ਇਹਨਾਂ ਦਾ ਮੁਲੱਖਈਏ ਨਾਲ ਗਲ-ਘਸਾਵਾ ਤੇ ਪੈਦਾਵਾਰ ਦੇ ਕੰਮ ਵਿਚ ਉਹਨਾਂ ਨਾਲ ਸ਼ਮੂਲੀਅਤ। ਬੁਰਜੁਆ ਜੰਮ ਪਲ ਬੁਧੀਮਾਨਾਂ ਦੀ ਵਿਚਾਰਧਾਰਕ ਕਾਇਆਂ-ਪਲਟੀ ਅਤੇ ਹਰ ਮੁਹਾਜ਼ 'ਤੇ ਧਾੜ ਦੀ ਧਾੜ ਪਰੋਲਤਾਰੀ ਬੁਧੀਮਾਨਾਂ ਦੀ ਉਸਾਰੀ ਤੇ ਹਾਜ਼ਰੀ।

ਜਦੋਂ ਕਿਸਾਨਾਂ ਤੇ ਸਨਅਤੀ ਮਜ਼ਦੂਰਾਂ ਨੂੰ ਪੈਦਾਵਾਰ ਦਾ ਕੰਮ ਕਰਦਿਆਂ ਕੋਈ ਮੁਸ਼ਕਲ ਸਾਹਮਣੇ ਆਉਂਦੀ ਹੈ ਤਾਂ ਉਹਨਾਂ ਦੇ ਦਿਮਾਗ ਦੀ ਕਾਢ-ਸ਼ਕਤੀ ਹਰਕਤ ਵਿਚ ਆਉਂਦੀ ਹੈ। ਉਹ ਸਾਹਮਣੇ ਆਈ ਮੁਸ਼ਕਲ ਨੂੰ ਹਲ ਕਰਨ ਦਾ ਰਾਹ ਲਭਦੀ ਹੈ। ਪੇਸ਼ ਮੁਸ਼ਕਲ ਨਾਲ ਘੁਲਦੀ ਘੁਲਦੀ ਉਹ ਉਸ ਦੇ ਹੱਲ ਲਈ ਅਕਸਰ ਕੋਈ ਨਾ ਕੋਈ ਕਾਢ ਕੱਢ ਲੈਂਦੀ ਹੈ। ਪੈਦਾਵਾਰ ਕਰਦੇ ਹਰ ਬੰਦੇ ਦੀ ਇਹ ਕਾਢ-ਸ਼ਕਤੀ ਇਕ ਮਹਾਨ ਤਾਕਤ ਹੈ। ਪਰ ਇਸ ਨੂੰ ਬੁਰਜੁਆ ਪੈਂਤੜਾ ਵਰਤ ਨਹੀਂ ਸਕਦਾ। ਉਸ ਦੀ ਇਹ ਜਾਨੀ ਦੁਸ਼ਮਣ ਹੈ। ਕੰਮ ਦੀ ਬੁਰਜੁਆ ਵੰਡ ਵਰਕਰ ਦੇ ਦਿਮਾਗ ਦੀ ਇਸ ਕਾਢ-ਸ਼ਕਤੀ ਨੂੰ ਦਬਾਅ ਕੇ ਰਖਦੀ ਹੈ। ਉਸ ਨੂੰ ਉਠਣ ਫੁਟਣ ਤਕ ਨਹੀਂ ਦੇਂਦੀ। ਬੁਰਜੁਆ ਪੈਂਤੜੇ ਦੇ ਨੁਕਤੇ ਤੋਂ ਉਸ ਦਾ ਇਹ ਰਵੱਈਆ ਸਹੀ ਹੈ। ਬੁਰਜੁਆ ਪੈਂਤੜੇ ਨੂੰ ਕੁਦਰਤੀ ਸਭ ਨਾਲੋਂ ਪਿਆਰੀ ਹੈ ਉਸ ਦੇ ਨਿਜ਼ਾਮ ਦੀ ਪੱਕਿਆਈ। ਬੁਰਜੁਆ ਨਿਜ਼ਾਮ ਦੀ ਤੌਰ ਤੇ ਉਸ ਦੀ ਪੱਕਿਆਈ ਆਧਾਰਤ ਹਨ—ਉਸ ਦੀ ਕੰਮ ਦੀ ਵੰਡ 'ਤੇ। ਉਸ ਨੇ ਵਰਕਰ ਦੀ ਕਾਢ-ਸ਼ਕਤੀ ਨੂੰ ਤਾਂ ਕੀ ਹਲਾਸ਼ੇਰੀ ਦੇਣੀ ਹੈ, ਉਸ ਦਾ ਸਿਰੋਂ ਪਾਰ ਜ਼ੋਰ ਤਾਂ ਇਸ ਗੱਲ 'ਤੇ ਲਗਦਾ ਹੈ ਕਿ ਸਨਅਤੀ ਕੰਮ ਦੀ ਜਾਚ ਮਸ਼ੀਨ ਵਿਚ ਪਵੇ, ਮਾਹਿਰ ਦੇ ਹੱਥ ਰਹੇ, ਵਰਕਰ ਦੇ ਪੱਲੇ ਨਾ ਪਵੇ। ਇਹ ਹੀ ਉਸ ਦੀ ਕੰਮ ਦੀ ਵੰਡ ਦੀ ਨੀਂਹ ਹੈ। ਇਸ ਨੂੰ ਉਹ ਉਖੜਨ ਨਹੀਂ ਦੇ ਸਕਦਾ। ਉਹ ਸਾਇੰਸ ਤੇ ਟੈਕਨਾਲੋਜੀ ਨੂੰ ਕਿਸੇ ਹਾਲਤ ਵਿਚ ਵੀ ਮੁਲੱਖਈਏ ਦੇ ਹੱਥ ਵਿਚ ਨਹੀਂ ਆਉਣ ਦੇਂਦਾ। ਬੁਰਜੁਆਜ਼ੀ ਨੇ ਸਾਇੰਸ ਤੇ ਟੈਕਨਾਲੋਜੀ ਬੇਇੰਤਹਾ ਉਸਾਰੀ ਹੈ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਉਸ ਨੇ ਉਸਾਰੀ ਹੈ ਆਪਣੀ ਕੰਮ ਦੀ ਵੰਡ ਦੇ ਚੌਖਟੇ ਵਿਚ। ਉਹ ਸਾਇੰਸ ਦੀ ਖੋਜ ਤੇ ਟੈਕਨਾਲੋਜੀ ਦੀ ਉਸਾਰੀ ਕਰਵਾਉਂਦਾ ਹੈ—ਬੰਦ ਦਰਵਾਜ਼ੀਂ। ਸਿਵਾਏ ਮਾਹਿਰਾਂ ਤੇ ਉਹਨਾਂ ਦੇ ਸਹਾਇਕਾਂ ਦੇ ਲਬਾਰੇਟਰੀਆਂ ਦੇ ਅੰਦਰ ਉਹ ਕਿਸੇ ਐਰ ਗੈਰ ਨੂੰ ਫਟਕਣ ਤਕ ਨਹੀਂ ਦੇਂਦਾ। ਮੁਲੱਖਈਏ ਨੂੰ ਹੱਥਲ ਰਖਣ ਵਾਸਤੇ ਬੰਦ-ਦਰਵਾਜ਼ੀਂ ਖੋਜ ਕਰਵਾਉਣਾ ਉਸ ਦਾ ਜਮਾਤੀ ਹਿਤ ਹੈ। ਜੇ ਉਹ ਸਾਇੰਸ ਤੇ ਟੈਕਨਾਲੋਜੀ ਦੀ ਉਸਾਰੀ ਵਿਚ ਮੁਲੱਖਈਏ ਨੂੰ ਵਾੜ ਲਵੇ, ਉਸ ਦੀ ਸਮਝ ਤੇ ਸਿਆਣਪ ਨੂੰ ਵਿਕਾਸ ਵਾਸਤੇ ਖੁਲ੍ਹ ਦੇ ਦੇਵੇ, ਉਸ ਦੀ ਈਜਾਦ-ਸ਼ਕਤੀ ਨੂੰ ਟੁੰਬ ਕੇ ਜਗਾ ਲਵੇ ਤੇ ਹਲਾਸ਼ੇਰੀ ਦੇ ਕੇ ਉਸ ਨੂੰ ਉਸਾਰੀ ਵਿਚ ਜੋ ਲਵੇ ਤਾਂ ਉਸ ਦੀ ਕੰਮ ਦੀ ਵੰਡ ਦੀਆਂ ਜੜ੍ਹਾਂ ਹੀ ਵੱਢੀਆਂ ਜਾਣਗੀਆਂ। ਆਪਣੀਆਂ ਜੜ੍ਹਾਂ 'ਤੇ ਕੁਹਾੜਾ ਉਹ ਕਿਉਂ ਮਰਵਾਏਗਾ? ਸੋ ਇਨਕਲਾਬ ਦੇ ਮਗਰੋਂ ਵੀ ਬੁਰਜੁਆ ਪੈਂਤੜੇ ਵਾਲੇ ਹਰ ਮੁਮਕਿਨ ਢੁੱਚਰ ਡਾਹੁੰਦੇ ਹਨ ਕਿ ਸਾਇੰਸ ਦੀ ਖੋਜ ਤੇ ਟੈਕਨਾਲੋਜੀ ਦੀ ਉਸਾਰੀ ਬੁਰਜੁਆ ਰਾਹੇ ਹੀ ਹੋਵੇ, ਪਰੋਲਤਾਰੀ ਦੇ ਰਾਹੇ ਨਾ ਪਵੇ।

ਬੁਰਜੁਆਜ਼ੀ ਨੂੰ ਪੂਰਾ ਅਹਿਸਾਸ ਹੈ ਕਿ ਸਾਇੰਸ ਤੇ ਟੈਕਨਾਲੋਜੀ ਤਾਕਤ ਹਨ, ਕਿਤੇ ਇਹ



ਮੁਲੱਖਈਏ ਦੇ ਹਥ ਨਾ ਆ ਜਾਣ। ਉਹ ਪਰੋਲਤਾਰੀ ਦੇ ਰਾਹ ਨੂੰ ਗ਼ਲਤ, ਨੁਕਸਾਨਦੇਹ ਤੇ ਅਸੰਭਵ ਕਰਾਰ ਦੇਂਦੀ ਹੈ। ਹਰ ਮੁਮਕਿਨ ਢੁੱਚਰ ਨਾਲ ਉਸ ਦਾ ਦਰ ਬੰਦ ਕਰਨ ਦਾ ਹੀਲਾ ਕਰਦੀ ਹੈ। ਪਰੋਲਤਾਰੀ ਦੇ ਪੈਂਤੜੇ ਦਾ ਰਾਹ ਹੈ ਸਾਇੰਸ ਦੀ ਖੋਜ ਆਦਿ ਨੂੰ ਪੈਦਾਵਾਰ ਦੇ ਕੰਮ ਨਾਲ ਗੁੰਦਣਾ। ਉਸ ਦੀ ਖੋਜ ਖੁਲ੍ਹੀਂ-ਦਰਵਾਜ਼ੀਂ ਕਰਵਾਉਣਾ। ਬੁਰਜੁਆ ਪੈਂਤੜੇ ਵਾਲੇ ਢੁੱਚਰ ਡਾਹੁੰਦੇ ਹਨ ਕਿ ਪੈਦਾਵਾਰ ਦੇ ਅਮਲ ਨਾਲ ਜੁੜ ਕੇ ਖੋਜ ਕੀਤਿਆਂ ਸਾਇੰਸ ਦੀ ਥਿਊਰੀ ਵਲੋਂ ਅਣਗਹਿਲੀ ਹੋ ਜਾਵੇਗੀ। ਜੇ ਮਾਹਿਰ ਕਿਸਾਨਾਂ ਤੇ ਵਰਕਰਾਂ ਨਾਲ ਘਿਉ ਖਿਚੜੀ ਹੋ ਗਏ, ਤਾਂ ਥਿਊਰੀ ਨਾਲ ਮੱਥਾ ਮਾਰਨ ਵਾਸਤੇ ਦਿਲ ਗੁਰਦਾ ਕੌਣ ਕੱਢੇਗਾ? ਦੂਸਰੇ ਪਾਸੇ ਤੋਂ ਉਹਨਾਂ ਦੀ ਵੱਡੀ ਦਲੀਲ ਇਹ ਹੈ ਕਿ ਵਰਕਰਾਂ ਕਿਸਾਨਾਂ ਆਦਿ ਦਾ ਕਲਚਰਲ ਪੱਧਰ ਐਨਾ ਨੀਵਾਂ ਹੈ ਕਿ ਉਹ ਖੋਜ ਦਾ ਕੰਮ ਕਰ ਹੀ ਨਹੀਂ ਸਕਦੇ। ਉਹ ਕਹਿੰਦੇ ਹਨ ਕਿ ਵਰਕਰਾਂ ਕੋਲੋਂ ਸਾਇੰਸ ਦੀ ਖੋਜ ਕਰਵਾਉਣੀ ਰੰਨਾਂ ਕੋਲੋਂ ਚੋਰ ਮਰਵਾਉਣ ਵਾਲੀ ਗੱਲ ਹੈ। ਇਹਨਾਂ ਢੁੱਚਰਾਂ ਤੇ ਇਹਨਾਂ ਦਲੀਲਾਂ ਦਾ ਸਪਸ਼ਟ ਹੀ ਮਨੋਰਥ ਇਹ ਹੈ ਕਿ ਸਾਇੰਸ ਦੀ ਖੋਜ ਬੰਦ ਦਰਵਾਜ਼ੀਂ ਹੋਵੇ ਅਤੇ ਮਾਹਿਰਾਂ ਤੇ ਵਰਕਰਾਂ ਦੀ ਆਪਸ ਵਿਚ ਦੂਰੀ ਤੇ ਵਿਰੋਧ ਹੀ ਰਹੇ ਅਤੇ ਮੁਲੱਖਈਆ ਸਾਇੰਸ ਤੇ ਟੈਕਨਾਲੋਜੀ ਦੇ ਦਾਇਰੇ ਤੋਂ ਹਮੇਸ਼ਾਂ ਵਾਸਤੇ ਬਾਹਰ ਹੀ ਰਹੇ, ਹੱਥਲ ਹੀ ਤੁਰਿਆ ਜਾਵੇ। ਇਹ ਠੀਕ ਹੈ ਕਿ ਜਿਸ ਤਰ੍ਹਾਂ ਕੰਮ ਦਾ ਬੁਰਜੁਆ ਵੇਗ ਵਰਕਰ ਆਦਿ ਨੂੰ ਸਿਰਜਦਾ ਤੇ ਰਖਦਾ ਹੈ ਉਸ ਦਾ ਕਲਚਰਲ ਪੱਧਰ ਸਾਇੰਸ ਦੀ ਖੋਜ ਕਰਨ ਦੇ ਯੋਗ ਨਹੀਂ ਹੁੰਦਾ। ਪਰ ਕਲਚਰ ਪਰਾਪਤੀ ਹੈ, ਕੀਤੀ ਕਰਵਾਈ ਜਾ ਸਕਦੀ ਹੈ। ਵਰਕਰਾਂ ਆਦਿ ਦੇ ਖੂਨ ਵਿਚ ਕੋਈ ਖਰਾਬੀ ਤਾਂ ਨਹੀਂ ਹੁੰਦੀ ਕਿ ਮੌਕੇ, ਵਸੀਲੇ ਦਿਤੇ ਜਾਣ ਤਾਂ ਉਹ ਕਲਚਰ ਵਰ ਨਹੀਂ ਸਕਦੇ। ਪਰੋਲਤਾਰੀ ਦੇ ਪੈਂਤੜੇ ਦਾ ਬੁਨਿਆਦੀ ਅਸਲਾ ਹੀ ਇਹ ਹੈ ਕਿ ਹਰ ਪਹਿਲੂ ਵਿਚ ਬੁਰਜੁਆ ਵੇਗ ਦੀ ਪਾਈ ਘਾਟ ਨੂੰ ਪੂਰਿਆਂ ਕਰੇ। ਅਤੇ ਹਰ ਕੰਮ ਕੀਤਿਆਂ ਹੀ ਆਉਂਦਾ ਹੈ। ਇਹ ਗੱਲ ਕਦੇ ਨਹੀਂ ਭੁਲਣੀ ਚਾਹੀਦੀ ਕਿ ਆਇਆ ਹੋਇਆ ਇਨਕਲਾਬ ਸਿੱਧੇ ਰਾਹੇ ਤਾਂ ਹੀ ਰਹਿ ਸਕਦਾ ਹੈ ਜੇ ਪਰੋਲਤਾਰੀ ਨੀਂਹ ਤੇ ਉਸਾਰ, ਦੋਹਾਂ 'ਤੇ ਭਾਰੂ ਰਹੇ। ਜੇ ਸਾਇੰਸ ਤੇ ਟੈਕਨਾਲੋਜੀ ਇਸ ਤੋਂ ਨਾਬਰ ਰਹਿਣ ਤਾਂ ਕੰਮ ਦੇ ਵੇਗ ਦੀ ਨਾੜ ਦੁਸ਼ਮਣਾਂ ਦੇ ਹੱਥ ਰਹੀ। ਜੇ ਕੰਮ ਦੇ ਵੇਗ 'ਤੇ ਪਰੋਲਤਾਰੀ ਦਾ ਪੈਂਤੜਾ ਕਾਬਜ਼ ਨਹੀਂ ਤਾਂ ਉਸ ਦੇ ਪੈਰ ਪੱਕੇ ਨਹੀਂ। ਮਾਹਿਰਾਂ ਦਾ ਮੁਲੱਖਈਏ ਨਾਲ ਨੇੜ ਤੇ ਉਸ ਨਾਲ ਉਹਨਾਂ ਦਾ ਮਿਲਵਰਤਣ, ਉਸ ਦੀ ਸਿਰਜਣਾਤਿਮਕ ਤੇ ਖੋਜ ਸ਼ਕਤੀ ਦਾ ਜਾਗਣਾ, ਸਵਾਧਾਨ ਹੋਣਾ ਅਤੇ ਧਾੜ ਦੀ ਧਾੜ ਲੋਕਾਂ ਦਾ ਸਾਇੰਸ ਦੀ ਖੋਜ ਵਿਚ ਪੈ ਜਾਣਾ ਇਸ ਮੁਹਾਜ਼ 'ਤੇ ਪਰੋਲਤਾਰੀ ਦੇ ਪੈਂਤੜੇ ਦੀ ਪੱਕਿਆਈ ਹੈ। ਪਰ ਸਭ ਨਾਲੋਂ ਵੱਡੀ ਗੱਲ ਹੈ ਮੁਹਾਜ਼ ਦੀ ਲੀਡਰਸ਼ਿਪ। ਸਵਾਲ ਹੈ ਕਿ ਉਹ ਕਿਸ ਜਮਾਤ ਦੇ ਹੱਥ ਹੈ।

ਇਹ ਤਾਂ ਹਰ ਕੋਈ ਜਾਣਦਾ ਹੈ ਕਿ ਪਰੋਲਤਾਰੀ ਦੇ ਪੈਂਤੜੇ ਦੀ, ਬੁਰਜੁਆ ਪੈਂਤੜੇ ਨਾਲੋਂ, ਕਮਿਊਨਿਸਟ ਇਨਕਲਾਬ ਦੀ, ਤੁਰੇ ਆਉਂਦੇ, ਕਾਬਜ਼, ਬੁਰਜੁਆ ਜਾਇਦਾਦੀ ਰਿਸ਼ਤਿਆਂ ਨਾਲੋਂ ਬਿਲਕੁਲ ਤੀਲੇ ਤੋੜ ਹੈ।[5] ਇਹਨਾਂ ਦੋਹਾਂ ਦਾ ਆਪਸ ਵਿਚ ਅੱਗ ਪਾਣੀ ਦਾ ਵੈਰ ਹੈ। ਕਾਬਜ਼ ਬੁਰਜੁਆ ਜਾਇਦਾਦੀ ਰਿਸ਼ਤਿਆਂ ਦਾ ਅਰਥ ਹੀ ਸਮਾਜ ਦੇ ਇਕ ਹਿੱਸੇ ਦਾ ਦੂਸਰੇ ਹਿੱਸੇ ਨੂੰ, ਗਿਣਤੀ ਦੇ ਬੰਦਿਆਂ ਦਾ ਬਹੁਗਿਣਤੀ ਨੂੰ ਲੁਟਣਾ ਹੈ। ਕਮਿਊਨਿਸਟ ਇਨਕਲਾਬ ਦਾ ਅਸਲਾ ਹੀ ਇਸ ਲੁਟ ਦਾ ਖੁਰਾ ਖੋਜ ਮੁਕਾਉਣਾ ਹੈ। ਬੁਰਜੁਆ ਸਮਾਜ ਵਿਚ ਵਰਕਰ ਇਕ ਵਸੀਲਾ ਹੈ ਇਕੱਠੀ ਹੋਈ ਲੇਬਰ ਨੂੰ, ਸਰਮਾਏ ਨੂੰ ਵਧਾਉਣ ਦਾ, ਵਧਾਈ ਜਾਣ ਦਾ।[6] ਦੂਸਰੇ ਪਾਸੇ ਤੋਂ ਕਮਿਊਨਿਸਟ ਸਮਾਜ ਵਿਚ ਇਤਿਹਾਸਕ ਤੌਰ 'ਤੇ ਉੱਸਰੇ ਹੋਏ ਪੈਦਾਵਾਰ ਦੇ ਸਾਧਨ, ਵਰਕਰਾਂ

ਦਾ ਕੀਤਾ ਹੋਇਆ ਕੰਮ, ਲੇਬਰ, ਵਸੀਲਾ ਹੈ ਵਰਕਰ ਦੀ, ਬੰਦੇ ਦੀ ਨਿਜਾਤ ਦਾ, ਸਰਬਤ ਦੀ ਜ਼ਿੰਦਗੀ ਨੂੰ ਵਿਸ਼ਾਲ, ਅਮੀਰ, ਸਫਲ ਤੇ ਪ੍ਫੁਲਤ ਕਰਨ ਦਾ। ਇਸ ਵਾਸਤੇ ਬੁਰਜੁਆ ਸਮਾਜ ਵਿਚ ਜਿਥੇ ਵਰਤਮਾਨ ਉਤੇ ਭੂਤ ਭਾਰੂ ਹੁੰਦਾ ਹੈ, ਕਮਿਊਨਿਸਟ ਸਮਾਜ ਵਿਚ ਵਰਤਮਾਨ ਭੂਤ 'ਤੇ ਭਾਰੂ ਹੁੰਦਾ ਹੈ। ਬੁਰਜੁਆ ਸਮਾਜ ਵਿਚ ਆਜ਼ਾਦ ਹੁੰਦਾ ਹੈ—ਸਰਮਾਇਆ; ਹਸਤੀ ਹੋਂਦ ਹੁੰਦੀ ਹੈ ਉਸਦੀ ਤੇ ਬੰਦਾ ਹੁੰਦਾ ਹੈ ਉਸ ਦਾ ਹੱਥੀਂ-ਬੱਧਾ ਗੁਲਾਮ। ਜਦੋਂ ਸਮਾਜਕ ਵੇਗ 'ਤੇ ਮਾਲਕੀ ਜ਼ਿੰਦਗੀ ਦੇ ਵਸੀਲਿਆਂ ਦੀ, ਸਰਮਾਏ ਦੀ ਹੈ ਤਾਂ ਜੀਊਂਦੇ ਬੰਦਿਆਂ ਤਾਂ ਉਸਦੀ ਮਲਕੀਅਤ ਹੋਣਾ ਹੀ ਹੋਇਆ। ਸਿੱਧੇ ਲਫ਼ਜ਼ਾਂ ਵਿਚ ਬੁਰਜੁਆ ਨਿਜ਼ਾਮ ਬੰਦੇ ਦੀ ਗ਼ੁਲਾਮੀ ਦਾ ਨਿਜ਼ਾਮ ਹੈ ਅਤੇ ਪਰੋਲਤਾਰੀ ਦਾ ਪੈਂਤੜਾ ਉਸ ਦੀ ਆਜ਼ਾਦੀ ਦਾ ਰਾਹ। ਬੰਦੇ ਦੀ ਗ਼ੁਲਾਮੀ ਤੇ ਉਸ ਦੀ ਆਜ਼ਾਦੀ ਦੀ ਆਪਸ ਵਿਚ ਸਾਂਝ ਕੀ ਹੋ ਸਕਦੀ ਹੈ? ਉਹਨਾਂ ਦਾ ਆਪਸ ਵਿਚ ਰਿਸ਼ਤਾ ਹੈ—ਮਾਰੂ ਵਿਰੋਧ ਦਾ, ਸਿਰ-ਵੱਢਵੇਂ ਵੈਰ ਦਾ। ਜੇ ਦੋਹਾਂ ਨਿਜ਼ਾਮਾਂ ਦੀਆਂ ਨੀਂਹਾਂ ਦੀ ਆਪਸ ਵਿਚ ਕੋਈ ਸਾਂਝ ਨਹੀਂ, ਮਾਰੂ ਵਿਰੋਧ ਹੈ ਤਾਂ ਸਾਫ ਹੈ ਕਿ ਉਹਨਾਂ ਦੇ ਉਸਾਰਾਂ ਦਾ ਵੀ ਆਪਸ ਵਿਚ ਮੇਲ ਮੁਮਕਿਨ ਨਹੀਂ। ਜਦੋਂ ਇਕ ਦੀ ਮੌਤ ਹੀ ਦੂਸਰੇ ਦੀ ਜ਼ਿੰਦਗੀ ਹੈ, ਜਦੋਂ ਆਉਣ ਵਾਲੇ ਨੇ ਉੱਸਰਨਾ ਹੀ ਹੁਣ ਵਾਲੇ ਦੀ ਕਬਰ 'ਤੇ ਹੈ, ਅਤੇ ਕਾਬਜ਼ ਦੇ ਖੁਰਾ ਖੋਜ ਮਿਟਣ 'ਤੇ ਹੀ ਉਸਦੇ ਪੈਰ ਬੱਝਣੇ ਹਨ, ਤਾਂ ਉਹਨਾਂ ਦੀ ਆਪਸ ਵਿਚ ਸਾਂਝ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਆਪਸ ਵਿਚ ਇਹ ਤੀਲੇ ਤੋੜ ਇਸ ਵਾਸਤੇ ਹੀ ਨਹੀਂ ਕਿ ਇਕ ਆਪਣੀ ਔਧ ਮੁਕਾ ਰਿਹਾ ਨਿਜ਼ਾਮ ਹੈ ਅਤੇ ਦੂਸਰਾ ਪੈਦਾ ਹੋਈ ਸੰਭਾਵਨਾ ਨੂੰ ਅਸਲੀਅਤ ਬਣਾ ਰਿਹਾ, ਜਨਮ ਲੈ ਰਿਹਾ ਹੈ, ਬਲਕਿ ਇਸ ਵਾਸਤੇ ਕਿ ਇਕ ਬੰਦੇ ਦੀ ਗੁਲਾਮੀ ਦਾ ਨਿਜ਼ਾਮ ਹੈ ਤੇ ਦੂਸਰਾ ਸਰਬਤ ਦੀ ਆਜ਼ਾਦੀ ਦਾ। ਅਤੇ ਆਜ਼ਾਦੀ ਤੇ ਗ਼ੁਲਾਮੀ ਇਕ ਥਾਲੀ ਵਿਚੋਂ ਨਹੀਂ ਖਾ ਸਕਦੀਆਂ, ਇਕ ਬੋਲੀ ਨਹੀਂ ਬੋਲ ਸਕਦੀਆਂ।

---

1. "There is only one kind of true theory in this world, theory that is drawn from objective reality and then verified by objective reality."

2. "If society has a technical need, that helps science forward more than ten universities."

3. "From the beginning the origin and development of the sciences has been determined by production."

4. "The mass movement is necessary in all work. Things won't go without the mass movement," Mao

5. The Communist revolution is the most radical rupture with traditional property relations: no wonder that its development involves the most radical rupture with traditional ideas. Communist Manifesto

6. In bourgeois society, living labour is but a means to increase accumulated labour. In communist society, accumulated labour is but a means to widen, to enrich, to promote the existence of the labourer.

In bourgeois society, therefore, the past dominates the present; in the communist society, the present dominates the past. In bourgeois society capital is independent and has individuality, while the living person is dependent and has no individuality. Communist Manifesto



# ਇਕ ਖ਼ਤ ਤੇਰੇ ਨਾਂ ਵੀ

ਆਦਰਯੋਗ ਡਾਕਟਰ ਹਰਿਭਜਨ ਸਿੰਘ,

"ਗੁਰਵੇਲ ਪੰਨੂੰ, ਸੰਪਾਦਕ ਸੇਧ, ਨਵੀਂ ਦਿੱਲੀ" ਦੇ ਨਾਂ ਲਿਖਿਆ ਤੁਹਾਡਾ ਖ਼ਤ ਪੜ੍ਹ ਕੇ ਚਿੱਤ ਪ੍ਰਸੰਨ ਹੋਇਆ। ਮੈਨੂੰ ਅਜਿਹੀ ਕਿਸੇ ਪ੍ਰਮਾਣਿਕ ਲਿਖਤ ਦਾ ਬੜਾ ਉਦਰੇਵਾਂ ਸੀ। ਆਲੋਚਨਾ ਸਿਧਾਂਤ, ਰੂਸੀ ਰੂਪਵਾਦ ਤੇ ਸੰਰਚਨਾਵਾਦ ਬਾਰੇ ਤੁਹਾਡੇ ਲਿਖੇ ਲੇਖ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਵਿਚ ਵੇਖਣ ਦਾ ਮੌਕਾ ਮਿਲਦਾ ਰਿਹਾ ਜਿਨ੍ਹਾਂ ਨੂੰ ਪੜ੍ਹਨ ਦਾ ਜ਼ਿਆਦਾ ਉਤਸ਼ਾਹ ਇਸ ਕਰਕੇ ਨਹੀਂ ਸੀ ਪੈਦਾ ਹੋਇਆ ਕਿਉਂਕਿ ਜਦੋਂ ਤਕ ਉਹ ਪੰਜਾਬੀ ਵਿਚ ਛੱਪਦੇ ਉਸ ਤੋਂ ਪਹਿਲਾਂ ਅੰਗ੍ਰੇਜ਼ੀ ਵਿਚ ਪੜ੍ਹਨ ਦਾ ਮੌਕਾ ਮਿਲ ਜਾਂਦਾ। ਇਸ ਖ਼ਤ ਵਿਚ ਤੁਸੀਂ ਖਾਸੀਆਂ ਮੌਲਕ ਗੱਲਾਂ ਕਰਨ ਦੀ ਦਲੇਰੀ ਕੀਤੀ ਹੈ, ਤਾਂ ਤੁਹਾਡੇ ਨਾਲ ਕੁਝ ਗੱਲਾਂ ਕਰਨ ਦਾ ਦਿਲ ਕਰ ਆਇਆ।

ਸਭ ਤੋਂ ਪਹਿਲੀ ਗੱਲ ਇਹ ਕਿ ਖ਼ਤਾਂ ਰਾਹੀਂ ਕਿਸੇ ਬਹਿਸ ਵਿਚ ਪੈਣਾ ਮੈਨੂੰ ਬੜੀ ਪੁਰਾਣੀ ਜਿਹੀ ਗੱਲ ਲਗਦੀ ਹੈ। ਪਰ ਤੁਸੀਂ ਸਿਧਾਂਤਕ ਤੇ ਵਿਗਿਆਨਕ ਬਹਿਸ ਲਈ ਇਹ ਨਵੀਂ ਸ਼ੈਲੀ ਲੱਭ ਹੀ ਲਈ, ਇਕ ਨਵੇਂ 'ਯ਼ਾਨਰ' ਨੂੰ ਜਨਮ ਦੇ ਹੀ ਦਿਤਾ। ਮੈਂ ਵੀ 'ਅਜ ਦੀ ਅਜ' ਇਸ ਦਾ ਲਾਭ ਉਠਾਣ ਲਈ ਪ੍ਰੇਰਤ ਹੋ ਗਿਆ ਹਾਂ।

ਖ਼ਤ ਪੜ੍ਹਦਿਆਂ ਮੈਨੂੰ ਇਸ ਤਰ੍ਹਾਂ ਲਗਾ ਜਿਵੇਂ ਸਿਧਾਂਤਕ ਬਹਿਸ ਦਾ ਝੰਡਾ ਬੁਲੰਦ ਕਰਨ ਤੋਂ ਪਹਿਲਾਂ ਤੁਹਾਡੇ ਮੁਖਾਰਬਿੰਦ ਦੀ ਕੁੜਿਤਨ ਤੁਹਾਨੂੰ ਤੰਗ ਕਰ ਰਹੀ ਹੋਵੇ; ਜਿਵੇਂ ਪੰਨੂੰ ਦੇ ਟੈਲੀਫ਼ੋਨ ਦੀ ਉਡੀਕ ਤੁਹਾਨੂੰ ਅਚੇਤ ਹੀ ਸੀ। ਵਰਨਾ ਪੰਨੂੰ ਏਨਾ ਦਿਲਦਾਰ ਦੋਸਤ ਤਾਂ ਦੋਸਤਾਂ ਦਾ ਵੀ ਨਹੀਂ, ਤੇ ਏਨੇ ਮਿਹਰਬਾਨ ਤੁਸੀਂ ਆਪਣੇ ਮਿਹਰਬਾਨਾਂ ਦੇ ਵੀ ਨਹੀਂ। ਫਿਰ ਵੀ ਚੰਗਾ ਹੋਇਆ ਟੈਲੀਫ਼ੋਨਾਂ ਨੇ ਤੁਹਾਡੇ ਕੋਲੋਂ ਖ਼ਤ ਲਿਖਵਾ ਲਿਆ ਤੇ ਤੁਸੀਂ ਡਾਕੇ ਪਾ ਦਿਤਾ; ਹੋਰ ਚੰਗਾ ਹੋਇਆ ਸੰਪਾਦਕ 'ਸੇਧ' ਨੇ ਤੁਹਾਡੀ ਚਾਂਦੀ ਦੇ ਵਰਕਾਂ ਨਾਲ 'ਸੋਧੀ ਪ੍ਰਬੋਧੀ' ਭਾਜੀ ਸਵੀਕਾਰ ਕਰ ਲਈ, ਤੇ ਚਿੱਠੀ ਛਾਪ ਦਿਤੀ।

ਹੁਣ ਮੁਸੀਬਤ ਇਹ ਹੋਈ ਕਿ ਇਹ ਖ਼ਤ ਮੇਰੇ ਕੋਲ ਵੀ ਪੁਜ ਗਿਆ। ਜੇ ਸਵਾਲ ਨਿਰਾ ਭਾਜੀ ਦਾ ਹੁੰਦਾ ਤਾਂ ਮੈਂ ਖ਼ਤਾਂ ਰਾਹੀਂ ਸਿਧਾਂਤਕ ਅਤੇ ਆਲੋਚਨਾਤਮਕ ਬਹਿਸ ਦੇ 'ਯ਼ਾਨਰ' ਨੂੰ ਤੁਹਾਡੇ ਤਕ ਹੀ ਸੀਮਤ ਰਹਿਣ ਦੇਂਦਾ। ਆਪਣੀ ਦਸਤਾਰ ਉਤੇ ਨਿੱਤ ਨਵੇਂ ਮੋਰ ਦੇ ਖੰਭ ਲਗਾਣ ਦਾ ਜੋ ਤੁਸੀਂ ਸ਼ੌਕ ਪਾਲ ਰਖਿਆ ਹੈ, ਉਸ ਲਈ ਵਰ੍ਹਿਆਂ ਤੋਂ ਜੋ ਮੇਰੀ ਸਤਕਾਰ-ਭਾਵਨਾ ਕਾਇਮ

ਹੈ, ਉਸ ਵਿਚ ਵਿਘਣ ਨਾ ਪੈਣ ਦੇਂਦਾ। ਮੈਂ ਏਨੀ ਦੇਰ ਤੁਹਾਡੇ ਮਿੱਤਰ-ਮੰਡਲ ਦਾ ਮੈਂਬਰ ਰਿਹਾ, ਤੁਸੀਂ ਵਰ੍ਹਿਆਂ ਤੋਂ ਵਿਦੇਸ਼ੀ ਮੋਰਾਂ ਦੇ ਖੰਭ ਦਸਤਾਰ ਉਤੇ ਸਜਾਂਦੇ ਰਹੇ, ਮੁਸਕ੍ਰਾਂਦੇ ਰਹੇ, ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਨੂੰ ਫਤਿਹ ਕਰਨ ਜਾਂਦੇ ਰਹੇ। ਮੈਂ ਹੋਰ ਮਿੱਤਰਾਂ ਵਾਂਗ ਤੁਹਾਡੇ ਇਸ ਸ਼ੌਕ ਦੀ ਚੁਪ ਰਹਿ ਕੇ ਜਾਂ ਮੁਸਕ੍ਰਾ ਕੇ ਕਦਰ ਕਰਦਾ ਰਿਹਾ। ਪਰ ਹੁਣ...

ਹੁਣ ਤੁਸੀਂ ਖ਼ਤ ਵਿਚ ਦਰਜ ਕੀਤੇ ਬਿਆਨਾਂ ਰਾਹੀਂ ਸਾਰਾ ਬ੍ਰਹਿਮੰਡ ਘੁਮਾ ਕੇ ਰੱਖ ਦਿਤਾ ਹੈ। ਬਿਆਨ ਸ਼ੁਰੂ ਕਰਨ ਤੋਂ ਪਹਿਲਾਂ 'ਸੇਧ' ਸੰਪਾਦਕ ਨਾਲ ਪਿਆਰ-ਮੁਹੱਬਤ ਦੀਆਂ ਰੰਗ-ਬਿਰੰਗੀਆਂ ਤੇ ਚਟਖਾਰੇਦਾਰ ਗੱਲਾਂ ਨੂੰ ਜਿਸ ਸੰਜੀਦਗੀ ਨਾਲ ਤੁਸੀਂ ਬਿਆਨ ਕੀਤਾ ਹੈ, ਉਸ ਲਈ ਤੁਹਾਨੂੰ ਮੁਬਾਰਕ ! ਇਹ ਦੋ ਪੰਨੇ ਪੜ੍ਹਦਿਆਂ ਮੈਨੂੰ ਲਗਾ ਮੈਂ ਜਿਵੇਂ ਜੰਤਰ ਮੰਤਰ ਪੁਜ ਗਿਆ ਹੋਵਾਂ। ਮੈਂ ਤੁਹਾਨੂੰ ਲੱਭਦਾ ਰਿਹਾ ਕਿ ਕਿਸ ਨੁੱਕਰੇ ਖੜੇ ਹੋ ਤੇ ਕਿਹੜੀ ਸੁਰ ਅਲਾਪ ਰਹੇ ਹੋ। ਤੁਸੀਂ ਬੇਲਾਗ ਹੋ ਕੇ ਗੱਲ ਸ਼ੁਰੂ ਕੀਤੀ, ਫਿਰ ਤਨਜ਼ ਵਾਲੀ ਸੁਰ ਅਲਾਪਣ ਲਗ ਪਏ। ਫਿਰ ਤੁਸੀਂ ਮਜ਼ਲੂਮਾਂ ਵਾਲੀ ਨੁੱਕਰੇ ਜਾ ਖੜੇ ਹੋਏ ਤੇ ਪੀੜਤਾਂ ਵਾਲੀ ਸੱਦ ਖਿੱਚੀ। ਅੱਖ-ਫਰੋਕੇ ਨਾਲ ਤੁਹਾਨੂੰ ਗੁੱਸਾ ਆ ਗਿਆ। ਸੱਚ ਜਾਣੋ, ਮੈਂ ਤੁਹਾਡਾ ਇਹ ਚਿਹਰਾ ਵੇਖ ਕੇ ਮੁਸਕ੍ਰਾ ਪਿਆ। ਤਦ ਤੁਸੀਂ ਸ਼ੇਰ ਬਣ ਕੇ ਖਿੱਚਵਾਂ ਵਾਰ ਕੀਤਾ। ਮੈਂ ਸੋਚਿਆ, ਆਈ ਸ਼ਾਮਤ ਸੇਧ ਅਦਾਰੇ ਦੀ। ਪਰ ਅਗਲੇ ਪਲ ਤੁਸੀਂ ਸਿਧਾਂਤਕਾਰਾਂ ਦੀ ਨੁੱਕਰੇ ਜਾ ਖੜੇ ਹੋਏ, 'ਭਾਵਕ ਇਸਤਿਆਰ' ਅਤੇ 'ਸਮਾਪਤੀ ਜੁਗਤਾਂ' ਵਿਰੁਧ ਆਵਾਜ਼ ਉਠਾਈ। ਅੰਤ ਤੁਸੀਂ 'ਵਿਕਟਮ' ਬਣ ਕੇ ਸ਼ਹੀਦਾਂ ਵਾਂਗ ਬੋਲਣ ਲਗੇ। ਮੈਂ ਤੁਹਾਡੇ ਅਨੇਕ ਚਿਹਰਿਆਂ ਅਤੇ ਸੁਰਾਂ ਦੀ ਰੰਗ-ਬਰੰਗੀ ਪ੍ਰਦਰਸ਼ਨੀ ਦਾ ਆਨੰਦ ਮਾਣ ਹੀ ਰਿਹਾ ਸੀ ਕਿ ਤੁਸੀਂ ਸੰਜੀਦਾ ਹੋ ਗਏ। ਸੰਜੀਦਗੀ ਨਾਲ ਆਪਣਾ ਬਿਆਨ ਆਰੰਭ ਕਰ ਦਿਤਾ, ਜੋ ਅੰਤ ਤਕ ਚਲਦਾ ਰਿਹਾ। ਮੈਨੂੰ ਯਕੀਨ ਹੋ ਗਿਆ ਕਿ ਇਹੀ ਤੁਹਾਡੇ ਖ਼ਤ ਦੀ ਅਸਲੀ ਸੁਰ ਹੈ। ਪਹਿਲਾਂ ਤਾਂ ਤੁਸੀਂ ਟ੍ਰੇਲਰ ਹੀ ਦਿਖਾ ਰਹੇ ਸੀ।

ਪਰ ਤੁਹਾਡੇ ਅਸਲੀ ਮਜ਼ਮੂਨ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਲਗਾ ਕਿ ਤੁਸੀਂ ਪਹਿਲਾਂ ਦੇ ਦੋ ਸਫ਼ੇ ਐਵੇਂ ਨਹੀਂ ਭਰ ਦਿਤੇ। ਇਨ੍ਹਾਂ ਦਾ ਖ਼ਤ ਦੇ ਬਿਆਨਾਂ ਨਾਲ ਗਹਿਰਾ ਸੰਬੰਧ ਹੈ। ਤੁਸੀਂ ਆਪਣੇ ਮਿੱਥੇ ਹੋਏ ਵਿਰੋਧੀ ਦੀ 'ਕਮਜ਼ੋਰ ਕੜੀ' ਉਤੇ ਆਪਣੇ ਅੰਦਾਜ਼ ਅਤੇ ਬਹੁਮੁੱਖੀ ਸ਼ੈਲੀ ਰਾਹੀਂ ਵਾਰ ਕਰਨ ਦਾ ਅਚੇਤ ਜਾਂ ਸੁਚੇਤ ਯਤਨ ਕੀਤਾ। ਇਸ ਲਈ ਸ਼ਾਇਦ ਕਿ ਤੁਹਾਨੂੰ ਆਪਣੇ ਬਿਆਨਾਂ ਦੀ ਪਕਿਆਈ ਬਾਰੇ ਸ਼ੱਕ ਹੈ। ਏਸੇ ਕਰਕੇ ਤੁਸੀਂ ਉਨ੍ਹਾਂ ਨੂੰ ਲੋੜੋਂ-ਵੱਧ ਠੋਕ ਵਜਾ ਕੇ ਪੇਸ਼ ਕੀਤਾ ਹੈ। ਇਸ ਯਤਨ ਵਿਚ ਜੋ ਰਲਗੱਡ ਤੁਸੀਂ ਪੈਦਾ ਕਰਨ ਵਿਚ ਸਫ਼ਲ ਹੋਏ ਉਸ ਵਲ ਮੈਂ ਬਾਅਦ ਵਿਚ ਆਵਾਂਗਾ।

ਤੁਹਾਡਾ 'ਭਾਵਕ ਇਸਤਿਆਰੇ' ਅਤੇ 'ਸਮਾਪਤੀ ਜੁਗਤਾਂ' ਵਰਤਣ ਦਾ ਇਲਜ਼ਾਮ ਮੈਨੂੰ ਬਹੁਤ ਜਚਿਆ ਹੈ। ਤੁਸੀਂ ਬਿਲਕੁਲ ਬਜਾ ਫਰਮਾਇਆ ਕਿ ਸਿਧਾਂਤਕ ਤੇ ਵਿਗਿਆਨਕ ਬਹਿਸ ਲਈ ਅਜਿਹੀ ਵਿਧੀ ਨਾਗਵਾਰ ਹੈ, 'ਮਹਿਜ਼ ਬੋਲੀਬਾਜ਼ੀ' ਹੈ। ਪਰ ਸੋਚ ਲਉ ਕਿ ਤੁਸੀਂ ਕਹਿ ਕੀ ਰਹੇ ਹੋ ! ਕਿਉਂਕਿ ਤੁਸੀਂ ਆਪਣੇ ਬਿਆਨ ਵਿਚ 'ਸਮਾਪਤੀ ਜੁਗਤਾਂ' ਹੀ ਵਰਤੀਆਂ ਹਨ, ਤੇ ਅਜਿਹੇ ਕਰਦੇ ਹੋਏ ਤੁਸੀਂ ਆਪ ਵੀ ਨਹੀਂ ਜਾਣ ਸਕੇ ਕਿ ਕਹਿ ਕੀ ਗਏ ਹੋ।

ਜੇ 'ਭਾਵਕ ਇਸਤਿਆਰੇ' ਉਤੇ ਇਤਰਾਜ਼ ਹੈ ਤਾਂ ਆਪਣੇ ਖ਼ਤ ਵਿਚ ਗੱਲ ਤੁਸੀਂ 'ਮੈਂ-ਤੂੰ' ਦੇ ਦੋਫਾੜ ਨਾਲ ਸ਼ੁਰੂ ਕੀਤੀ ਹੈ, ਤੇ ਸਿਧਾਂਤਕ ਤੌਰ ਉਤੇ ਤੁਸੀਂ ਸੰਰਚਨਾਵਾਦੀ ਹੋ। ਜਿਹੜਾ



ਰੰਗ ਤੁਸੀਂ ਆਪਣੇ ਖ਼ਤ ਦੇ ਆਰੰਭ ਵਿਚ ਬੰਨ੍ਹਿਆ ਹੈ ਉਸਦਾ ਵਿਸ਼ਾ-ਵਸਤੂ ਤੁਹਾਡੀ "ਮੈਂ" ਹੈ, ਜਿਸਦਾ ਤਣਾਅ ਚੇਤਨਾ ਦੇ ਪੱਧਰ ਉਤੇ ਨਹੀਂ, ਜਜ਼ਬਾਤੀ ਪੱਧਰ 'ਤੇ ਕਾਇਮ ਹੈ। ਜ਼ਾਹਿਰ ਹੈ "ਮੈਂ-ਤੂੰ" ਦੇ ਇਸ ਦੋਫਾੜ ਵਿਚ ਤੁਹਾਨੂੰ 'ਤੂੰ' ਦਾ ਕਿਰਦਾਰ ਜਚਿਆ ਨਹੀਂ। ਕੁਝ ਇਕ ਮੁੱਲਾਂ ਦਾ ਪੈਟਰਨ ਤੁਸੀਂ ਵੀ ਸਾਂਭੀ ਬੈਠੇ ਹੋ ਤੇ ਤੁਹਾਡੇ ਪਾਸ ਉਚੇਰੀ ਬਹਿਸ ਦੇ ਪ੍ਰਤਿਮਾਨ ਵੀ ਮੌਜੂਦ ਹਨ। 'ਨਿਮਨਤਮ' ਬੋਲੀ ਤੁਹਾਨੂੰ ਪ੍ਰੇਸ਼ਾਨ ਕਰਦੀ ਹੈ, ਤੇ ਅਜਿਹਾ ਹੋਣਾ ਸੁਭਾਵਿਕ ਹੈ ਵੀ ! ਪਰ ਤੁਹਾਡੇ ਬਿਆਨਾਂ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਤੁਹਾਡੇ ਸੰਰਚਨਾਵਾਦ ਵਿਚ ਕਿਸੇ ਤਰ੍ਹਾਂ ਦੇ value pattern ਨੂੰ ਥਾਂ ਨਹੀਂ, ਕਿਉਂਕਿ ਇਨ੍ਹਾਂ ਦਾ ਰਿਸ਼ਤਾ ਟੈਕਸਟ-ਬਾਹਰਾ ਹੈ। 'ਵੈਲੀਊ ਪੈਟਰਨ' ਵਿਚ ਵਿਅਕਤੀ ਆ ਦਾਖਲ ਹੁੰਦਾ ਹੈ। ਸੰਰਚਨਾਵਾਦੀ ਅੰਤਰ-ਦ੍ਰਿਸ਼ਟੀ ਦਾ ਮਕਸਦ ਸਾਹਿਤ-ਬਾਹਰੇ ਤੱਤਾਂ ਤੋਂ ਸਾਹਿਤ ਨੂੰ ਮੁਕਤ ਕਰਨਾ ਹੈ। ਇਕ ਪਾਸੇ ਤੁਹਾਡੀ ਇਹ ਸਿਧਾਂਤਕ ਧਾਰਨਾ ਹੈ ਤੇ ਦੂਜੇ ਪਾਸੇ ਤੁਸੀਂ ਪੂਰਵ-ਫੀਊਡਲ ਯੁਗ ਦੀ 'We-they dichotomy' ਦੀ ਕਬੀਲਾ-ਭਾਵਨਾ ਤੋਂ ਮੁਕਤ ਨਹੀਂ, ਜਿਸਦਾ ਆਤਮ-ਕੇਂਦ੍ਰਿਤ ਤੇ ਵਿਗੜਿਆ ਰੂਪ 'ਮੈਂ-ਤੂੰ' ਦੋਫਾੜ ਹੈ।

ਮੈਂ ਇਸ ਦੋਫਾੜ ਵਲ ਸੰਕੇਤ ਗੱਲ ਬਣਾਨ ਲਈ ਨਹੀਂ ਕਰ ਰਿਹਾ। ਯੂਨੀਵਰਸਿਟੀ ਪ੍ਰੋਫ਼ੈਸਰ ਦੇ ਤੌਰ 'ਤੇ ਤੁਹਾਡੇ ਕਿਰਦਾਰ ਦਾ ਇਹ ਮੂਲ ਅੰਗ ਹੈ ਜਿਸ ਨੇ ਤੁਹਾਡੇ ਵਿਭਾਗ ਵਿਚ ਕਈ ਤਰ੍ਹਾਂ ਦੇ ਰੰਗ ਬੰਨ੍ਹੇ ਹਨ, ਤੇ ਤੁਹਾਡੀ ਅਧਿਆਪਨ ਅਤੇ ਸਾਹਿਤ-ਸਿਧਾਂਤ ਵਿਚ ਆਸਥਾ ਨੂੰ ਠਿੱਠ ਕਰ ਕੇ ਰਖ ਦਿਤਾ ਹੈ ! ਤੁਹਾਡੇ 'ਮੈਂ-ਤੂੰ' ਦੇ ਦੋਫਾੜ ਦਾ ਆਧਾਰ ਬੁਰਜੂਆ ਮਨੁੱਖ ਦਾ ਵਿਅਕਤੀਵਾਦ ਨਹੀਂ, ਫੀਊਡਲਾਂ ਵਾਲੀ ਹੈਂਕੜ ਵੀ ਨਹੀਂ। ਤੁਸੀਂ ਪ੍ਰਾਚੀਨ ਮਨੁੱਖ ਦੀ ਅਸੁਰੱਖਿਆ ਭਾਵਨਾ ਦਾ ਚਿਹਨ-ਵਿਗਿਆਨੀ ਰੂਪ ਹੋ ਜਿਸ ਨੂੰ ਹਰ 'ਦੂਸਰੇ' ਮਨੁੱਖ ਤੋਂ ਡਰ ਲਗਦਾ ਹੈ ਜਿਨ੍ਹਾਂ ਚਿਰ ਤਕ ਉਹ ਅਸ਼ਲੀਲ ਢੰਗ ਨਾਲ ਆਪਣੇ ਆਪ ਨੂੰ ਤੁਹਾਡੀ "ਮੈਂ" ਦੇ ਨਾਲ ਜੋੜ ਕੇ ਤੁਹਾਨੂੰ ਸਹਾਰਾ ਨਹੀਂ ਦੇ ਦੇਂਦਾ। ਤੁਸੀਂ ਮਨੁੱਖੀ ਰਿਸ਼ਤਿਆਂ ਨੂੰ ਇਸ ਤਰ੍ਹਾਂ ਦੀ ਅਸ਼ਲੀਲਤਾ ਰਾਹੀਂ ਹੀ ਮਾਣਦੇ ਹੋ। ਰਤਾ ਭਰ ਵਿਰੋਧ ਹੋਣ 'ਤੇ ਆਪਣੇ ਆਪ ਵਿਚ ਘੁਸ ਬੈਠਦੇ ਹੋ। ਜੋ ਤੁਹਾਡੀ ਇਸ ਅਪਾਹਜ 'ਮੈਂ' ਨੂੰ ਸਹਾਰਾ ਦੇਂਦਾ ਹੈ ਉਹ ਤੁਹਾਡੀ 'ਮੈਂ' ਦਾ ਅੰਗ ਬਣ ਜਾਂਦਾ ਹੈ। ਮਨੁੱਖੀ ਰਿਸ਼ਤਿਆਂ ਨੂੰ ਅਸ਼ਲੀਲ ਕਰਨ ਦੀ ਇਹ ਭੁੱਖ ਤੁਹਾਡੀ ਕਵਿਤਾ ਉਤੇ ਵੀ ਭਾਰੂ ਹੈ। ਅਨੇਕਾਂ ਕਵਿਤਾਵਾਂ ਤੁਸੀਂ ਇਸ "ਤੂੰ" ਨੂੰ ਸੰਬੰਧਨ ਕਰਕੇ ਲਿਖੀਆਂ ਹਨ। ਜਿਸ ਮਿੱਤਰ ਨੂੰ ਤੁਸੀਂ "ਮੈਂ" ਸਮਝਿਆ ਸੀ, ਉਹ "ਤੂੰ" ਨਿਕਲਿਆ ਤਾਂ ਤੁਸੀਂ ਕਵਿਤਾ ਲਿਖ ਦਿਤੀ। ਗੱਲ ਰਤਾ ਨਿੱਜੀ ਜਿਹੀ ਹੋ ਰਹੀ ਹੈ, ਪਰ ਐਨੀ ਨਿੱਜੀ ਵੀ ਨਹੀਂ, ਤੇ ਇਹ ਤੁਹਾਡੇ ਖ਼ਤ ਦੇ ਆਰੰਭਕ ਹਿੱਸੇ ਨੂੰ ਸਮਝਣ ਲਈ ਕਾਫ਼ੀ ਸਹਾਇਕ ਹੈ। ਇਕ ਵੇਰਾਂ ਡਾਕਟਰ ਅਤਰ ਸਿੰਘ ਨਾਲ ਤੁਸੀਂ ਕਿਸੇ ਅਸ਼ਲੀਲ ਕਾਰਨ ਕਰਕੇ ਖਫ਼ਾ ਹੋ ਗਏ ਤਾਂ ਤੁਸੀਂ ਇਕ ਕਵਿਤਾ ਲਿਖ ਦਿਤੀ ਕਿ 'ਬੇਸ਼ੱਕ ਤੂੰ ਮੇਰੇ ਤੇ ਵਾਰ ਕੀਤਾ ਹੈ ਪਰ ਯਾਦ ਰਖ ਤੂੰ ਮੇਰੇ ਮੱਥੇ ਦੀ ਜੋਤ ਨੂੰ ਨਹੀਂ ਬੁਝਾ ਸਕਦਾ।' (ਉਦੋਂ ਤੁਸੀਂ ਅਜੇ ਸੰਰਚਨਾਵਾਦੀ ਨਹੀਂ ਸੀ ਬਣੇ, ਨਹੀਂ ਤਾਂ 'ਮੱਥੇ ਦੀ ਜੋਤ' ਵਰਗੀ ਉਕਤੀ ਸ਼ਾਇਦ ਤੁਸੀਂ ਨਾ ਵਰਤਦੇ, ਭਾਵੇਂ ਇਸ ਤੋਂ ਵੀ ਵੱਧ ਗ਼ੈਰ-ਸੰਰਚਨਾਵਾਦੀ ਪ੍ਰਤੀਕ ਤੁਸੀਂ ਸੰਰਚਨਾਵਾਦੀ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਕੇ ਵੀ ਵਰਤੇ ਹਨ !) ਤੁਸੀਂ ਏਨੇ ਨਾਦਾਨ ਨਹੀਂ ਜਿੰਨਾਂ ਤੁਸੀਂ ਦੂਜਿਆਂ ਨੂੰ ਸਮਝਦੇ ਹੋ, ਤੇ ਡਾਕਟਰ ਅਤਰ ਸਿੰਘ ਏਨਾ ਅਸੁਰੱਖਿਅਤ ਜਾਂ ਇਕੱਲਾ ਨਹੀਂ ਜਿਨ੍ਹਾਂ ਉਹ ਤੁਹਾਨੂੰ ਸਮਝਦਾ ਹੈ। ਉਸ ਨੇ ਤੁਹਾਨੂੰ ਰੂਸੀ

ਇਨਾਮ ਮਿਲਣ ਉਤੇ ਜੋ ਤੁਹਾਡੀ ਰਚਨਾ ਦੀ ਨਿਰਖ ਪਰਖ ਕੀਤੀ ਹੈ ਉਸ ਦੇ ਨਾਲ ਸਮਾਪਤੀ ਜੁਗਤਾਂ ਨਾਲ ਲੱਦਿਆ ਪ੍ਰਸੰਸਾ ਦਾ ਟੋਕਰਾ ਤੁਹਾਡੇ ਵਲ ਵਗਾਹ ਮਾਰਿਆ ਹੈ, ਤੁਹਾਡੀ ਇਸ "ਮੈਂ" ਦੇ ਸਹਾਰੇ ਲਈ—ਅਖੇ ਮੈਂ ਆਪਣੀ ਗੱਲ ਵੀ ਕਹਿ ਦਿਤੀ ਹੈ, ਜੇ ਤੂੰ ਪ੍ਰਸੰਸਾ ਵੀ ਮੰਗਦਾ ਏਂ ਤਾਂ ਫੜ ਆਹ ਲੈ, ਦੋਸਤੀ ਦਾ ਹੱਥ ਤਾਂ ਅਗਾਂਹ ਕਰ ! ਤੁਸੀਂ ਹੁਣ ਸਭ ਸਮਾਪਤੀ ਜੁਗਤਾਂ ਤੇ ਪ੍ਰਸ਼ੰਸਾਤਮਕ ਬੋਲੀਬਾਜ਼ੀ ਭੁੱਲ ਜਾਣੀ ਹੈ ! ਤਾਂ ਫਿਰ ਸਾਹਿਤ ਸਿਧਾਂਤ, ਸੰਰਚਨਾਵਾਦ ਦੀ ਵਿਗਿਆਨਕ ਅੰਤਰ-ਦ੍ਰਿਸ਼ਟੀ ਕਿਸ ਭਾਅ ਵਿਕਦੀ ਹੈ, ਕਿੱਥੇ ਫਿਸਲਦੀ ਹੈ, ਕਿੱਥੇ ਲਿਫ਼ਦੀ ਹੈ ਤੇ ਕਿਹੜੇ ਰੰਗ ਫੜਦੀ ਤੇ ਛੱਡਦੀ ਹੈ ? 'ਸੋਧ ਅਦਾਰੇ' ਦੀ ਭਾਸ਼ਾ ਨਾਲ ਵਿਰੋਧ ਤੁਹਾਡਾ ਇਸ "ਮੈਂ" ਕਰਕੇ ਅਤੇ ਅਸ਼ਲੀਲ ਰਿਸ਼ਤਿਆਂ ਦੀ ਭੁੱਖ ਕਰਕੇ ਹੈ, ਸਾਹਿਤਕ ਜਾਂ ਸਿਧਾਂਤਕ ਕਾਰਨਾਂ ਕਰਕੇ ਨਹੀਂ । ਵਿਰੋਧ ਮੇਰਾ ਵੀ 'ਬੁੱਤਾਸਾਰੂ' ਭਾਸ਼ਾ-ਪ੍ਰਯੋਗ ਨਾਲ ਹੈ ।

ਪਰ ਜਦੋਂ ਵੇਖੀਦਾ ਹੈ ਕਿ ਜੋ 'ਭਾਸ਼ਾ' ਤੁਸੀਂ ਅਧਿਆਪਨ ਤੇ ਆਲੋਚਨਾ ਦੇ ਖੇਤਰ ਵਿਚ ਸਿਰਜੀ ਹੈ, ਉਸਦੀ ਅਸ਼ਲੀਲਤਾ ਜ਼ਿਆਦਾ ਅਨਾਚਾਰ ਫੈਲਾਣ ਵਾਲੀ ਹੈ ਤਾਂ ਕੋਈ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਰਹਿੰਦੀ । ਯੂਨੀਵਰਸਟੀਆਂ ਦੀਆਂ ਨਿਯੁਕਤੀ ਕਮੇਟੀਆਂ ਵਿਚ ਜੋ ਕਰਮ ਫਰਮਾਈ ਤੁਸੀਂ ਕੀਤੀ ਹੈਂ, ਤੁਸੀਂ ਆਪਣੇ ਇਨ੍ਹਾਂ 'ਭਾਸ਼ਾ-ਉਚਾਰਾਂ' ਨੂੰ ਇਗਨੋਰ ਕਰ ਦੇਂਦੇ ਹੋ । (ਇਥੇ ਮੈਂ ਇਕ ਗੱਲ ਪੱਕੀ ਕਰ ਦਿਆਂ ਕਿ ਮੇਰਾ ਮਕਸਦ ਤੁਹਾਡੀ 'ਪਿੰਜਰਾਂ ਨਾਲ ਭਰੀ ਅਲਮਾਰੀ' skeletons in the cupboard ਨੂੰ ਖੋਲ੍ਹਣ ਦਾ ਨਹੀਂ । ਇਥੇ ਮੈਂ ਸਿਰਫ਼ ਉਨ੍ਹਾਂ ਪੱਖਾਂ ਦੀ ਸੰਕੇਤ ਮਾਤਰ ਤੇ ਨਿਰਵਿਸ਼ਸ਼ ਢੰਗ ਨਾਲ ਗੱਲ ਕਰਾਂਗਾ ਜੋ ਜ਼ਰੂਰੀ ਹਨ । ਮਿਸਾਲ ਦੇ ਤੌਰ 'ਤੇ ਤੁਸੀਂ ਵਿਦੇਸ਼ੀ ਪੁਸਤਕਾਂ ਦਾ, ਬਿਨਾਂ ਸੰਦਰਭਾਂ ਨੂੰ ਸਮਝੇ ਪਹਿਚਾਣੇ, ਉਤਾਰਾ ਕਰ ਕੇ ਆਪਣੇ ਨਾਂ ਹੇਠ ਦਰਜਨਾਂ ਲੇਖ ਛਪਵਾਏ ਹਨ । ਇਰਾਦਾ ਕਿਸੇ ਨਵੀਂ ਦ੍ਰਿਸ਼ਟੀ ਨੂੰ ਪੰਜਾਬੀ ਵਿਚ ਪ੍ਰਸਾਰਨ ਦਾ ਨਹੀਂ ਸਗੋਂ ਪੰਜਾਬੀ ਦੇ ਪਛੜੇਪਣ ਅਤੇ ਖ਼ਾਲੀਪਣ ਉਤੇ ਆਪਣੀ ਨਕਲ-ਸਾਧਨਾ ਰਾਹੀਂ ਛਾਅ ਜਾਣ ਦਾ ਹੈ । ਹਰ ਨਵੀਂ ਕਿਤਾਬ ਨਾਲ ਤੁਹਾਡਾ ਚਾਂਬੁਲ ਜਾਣਾ ਜਿੱਥੇ ਨਾਬਾਲਗਾਂ ਵਾਲੀ ਹਰਕਤ ਹੈ ਉਥੇ ਉਸ ਦਾ ਪੂਰੀ ਤਰ੍ਹਾਂ ਲਾਭ ਉਠਾਣਾ ਤੇ ਉਸਦੇ ਆਸਰੇ ਥਾਂ-ਥਾਂ ਜਾ ਕੇ ਬੋਲਣਾ ਤੁਹਾਡੇ ਲਈ ਡਾਕਟਰਾਂ ਦੀ ਉਸ ਜਮਾਤ ਵਾਂਗ ਹੋ ਗਿਆ ਹੈ ਜੋ ਬਰਨਾਰਡ ਸ਼ਾਅ ਦੇ ਕਹਿਣ ਮੁਤਾਬਕ ਦੂਸਰਿਆਂ ਦੀ ਕਮਜ਼ੋਰੀ ਅਤੇ ਰੋਗ ਉਤੇ ਪਲ੍ਹਰਦੀ ਤੇ ਮੋਟੀ ਹੁੰਦੀ ਹੈ ।

ਤੁਸੀਂ ਆਪ ਹੀ ਕਿਹਾ ਹੈ, ਤੇ ਸਹੀ ਕਿਹਾ ਹੈ, ਕਿ "ਮਨੁੱਖ ਭਾਸ਼ਾ ਵਿਚ, ਭਾਸ਼ਾ ਵਾਂਗ ਭਾਸ਼ਾ ਸਿਰਜਦਾ" ਜੀਉਂਦਾ ਹੈ । ਮੈਂ ਅਜੇ ਤੁਹਾਡੀ ਏਨੀ ਕੁ ਗੱਲ ਲੈਂਦਾ ਹਾਂ, ਅਗਾਂਹ ਨਹੀਂ ਜਾਂਦਾ, ਕਿਉਂਕਿ ਤੁਸੀਂ ਭਾਸ਼ਾ ਦੀ ਸ਼ਿਸ਼ਟਤਾ ਦੇ ਚਾਹਵਾਨ ਹੋ, ਜਿਸ ਦੇ ਨਾ ਹੋਣ ਉਤੇ ਖਫ਼ਾ ਹੀ ਨਹੀਂ ਹੁੰਦੇ ਉਬਲਦੇ ਰਹਿੰਦੇ ਹੋ, ਮੂੰਹ 'ਚ ਕੁੜਿਤਣ ਆ ਜਾਂਦੀ ਹੈ, ਕਲਮ ਦੀ ਸਿਆਹੀ ਗਰਮ ਹੋ ਜਾਂਦੀ ਹੈ, ਤੇ ਉਦੋਂ ਆਪਣੀ 'ਸੰਰਚਨਾਵਾਦੀ ਅੰਤਰ ਦ੍ਰਿਸ਼ਟੀ' ਨੂੰ ਵੀ ਭੁੱਲ ਜਾਂਦੇ ਹੋ । ਪਰ ਤੁਸੀਂ ਜੋ ਆਲੋਚਨਾ ਅਤੇ ਅਧਿਆਪਨ ਦੇ ਖੇਤਰ ਵਿਚ ਆਪਣੀਆਂ 'ਟੈਕਸਟਾਂ' ਰਾਹੀਂ ਨਿਮਨਤਨ ਭਾਸ਼ਾ ਸਿਰਜਦੇ ਹੋ, ਜੋ ਗਾਲ੍ਹਾਂ ਤੁਸੀਂ ਸਾਹਿਤ ਅਤੇ ਸਾਹਿਤਕ ਅਦਾਰਿਆਂ ਨੂੰ ਆਪਣੇ ਇਨਾਮ ਲੈਣ ਦੀ ਭੁਖ ਤੇ ਮਾਇਕ ਲੋਭ ਕਾਰਨ ਦਲ-ਬਦਲੀ, ਰੰਗ-ਬਦਲੀ ਤੇ ਹੇਠਲੀ ਉਤੇ ਕਰ ਕੇ ਦੇਂਦੇ ਹੋ, ਉਸ ਦਾ ਉੱਤਰ, ਉਸ ਬਾਰੇ ਪ੍ਰਤਿਕਰਮ ਤੁਸੀਂ ਕਿਸ ਤਰ੍ਹਾਂ ਦੀ ਬੋਲੀ ਵਿਚ ਮੰਗ ਰਹੇ ਹੋ ? ਆਪਣੇ ਖ਼ਤ ਵਿਚ ਜਿਸ ਕੁਟਲ ਢੰਗ ਨਾਲ, ਤੇ ਜਿਸ ਬਿਆਨਬਾਜ਼ੀ ਰਾਹੀਂ ਅਸਪਸ਼ਟਤਾ ਤੋਂ ਅਸਪਸ਼ਟਤਾ



(ambiguity to ambiguity) ਵਲ ਛਲਾਂਗਾਂ ਲਗਾ ਕੇ ਤੁਸੀਂ ਜਿਸ ਸਿੱਟੇ 'ਤੇ ਪੁਜੇ ਹੋ, ਸਾਰੇ ਵਾਦਾਂ ਤੇ ਵਿਵਾਦਾਂ ਨੂੰ ਇਕੋ ਰੱਸੇ ਲਪੇਟ ਕੇ ਨਿਹਾਲ ਹੋਏ ਮਹਿਸੂਸ ਕੀਤਾ ਹੈ—ਇਸ ਤੁਹਾਡੀ ਸੋਧੀ ਪ੍ਰਬੋਧੀ 'ਭਾਸ਼ਾ' ਨੂੰ ਕੋਈ ਕਿਸ ਤਰ੍ਹਾਂ ਸਵੀਕਾਰ ਕਰੇ ? ਕਥਾਕਾਰਾਂ ਵਾਲੇ ਤੁਹਾਡੇ ਸਲੀਕੇ ਦੀ ਕੋਈ ਕਿਵੇਂ ਨਕਲ ਉਤਾਰੇ ?

ਤੁਹਾਡੇ ਖ਼ਤ ਤੋਂ ਪਰਗਟ ਹੁੰਦਾ ਹੈ ਕਿ 'ਸੋਧ' ਵਿਚ ਤੁਹਾਡਾ ਵਿਰੋਧ ਬਿਨਾਂ ਕਿਸੇ ਸਿਧਾਂਤਕ ਸਿਸਟਮ ਦੇ ਹੋਇਆ ਹੈ । ਬੜਾ ਚੰਗਾ ਹੁੰਦਾ ਜੇ ਤੁਸੀਂ ਉਨ੍ਹਾਂ ਵਿਸ਼ੇਸ਼ ਨੁਕਤਿਆਂ ਵਲ ਧਿਆਨ ਦਿਵਾਂਦੇ ਜੋ ਤੁਹਾਡੇ ਵਿਰੁਧ 'ਗਾਲ੍ਹਾਂ' ਭਰੀ ਬੋਲੀ ਰਾਹੀਂ ਉਠਾਏ ਗਏ ਹਨ । (ਮੇਰੀ ਇਸ ਵਿਚ ਦਿਲਚਸਪੀ ਇਸ ਕਰਕੇ ਹੈ ਕਿਉਂਕਿ ਮੈਂ ਵੀ ਵਰ੍ਹਾ ਡੇਢ ਵਰ੍ਹਾ ਪਹਿਲਾਂ ਇਕ ਦੋ ਲੇਖ ਇਸੇ ਪਰਚੇ ਵਿਚ ਲਿਖੇ ਸਨ ਤੇ ਤੁਹਾਡੇ ਬਾਰੇ ਲਿਖਦਿਆਂ ਮੈਂ ਕੁਝ ਨਾਗਵਾਰ ਸਿੱਟੇ ਕਢੇ ਸਨ ਜਿੰਨ੍ਹਾਂ ਨੂੰ ਮੈਂ ਯਥਾਸ਼ਕਤ ਸਿੱਧ ਕਰਨ ਦਾ ਯਤਨ ਕੀਤਾ ਸੀ ।) ਸਵਾਲ ਇਹ ਹੈ ਕਿ ਕੀ ਜਾਰਗਨਾਂ ਤੋਂ ਮੁਕਤ ਹੋ ਕੇ ਸਿਧਾਂਤਕ ਸਿਸਟਮ ਤਕ ਨਹੀਂ ਪੁਜਿਆ ਜਾ ਸਕਦਾ ? ਸਿਧਾਂਤਕ ਸਿਸਟਮ ਪਿਛੇ ਜ਼ਰੂਰ ਕੁਝ ਲਕਸ਼ ਹੋਵੇਗਾ, ਤੇ ਇਹ ਹੁੰਦਾ ਵੀ ਹੈ । ਪਰ ਜੇ ਲਕਸ਼ ਸਿਰਫ਼ 'ਸਿਧਾਂਤਕ ਸਿਸਟਮ' ਹੀ ਬਣ ਜਾਵੇ ਤਾਂ ਉਸ ਲਈ ਭਾਸ਼ਾ ਸਾਧਨਾ ਮਹਿਜ਼ ਮਕਾਨਕੀ ਅਭਿਆਸ ਹੀ ਨਹੀਂ ਬਣਦਾ ਸਗੋਂ ਸਮਾਜਕ ਯਥਾਰਥ ਨੂੰ ਸੁਚੇਤ ਤੌਰ 'ਤੇ ਭੰਬਲ ਭੂਸਿਆਂ ਵਿਚ ਲਪੇਟਣ ਦਾ ਯੰਤਰ ਵੀ ਬਣਦਾ ਹੈ । ਤੁਸੀਂ ਸਿਧਾਂਤਕ ਸਿਸਟਮ ਦੇ ਮਕਾਨਕੀਪਣ ਵਿਚ ਅਜਿਹੇ ਜਕੜੇ ਗਏ ਹੋ, ਤੇ ਜਿਸ ਦਾ ਕਲਾਸਕੀ ਨਮੂਨਾ ਤੁਹਾਡੇ ਖ਼ਤ ਵਿਚਲੇ ਬਿਆਨ ਹਨ, ਕਿ ਸੰਰਚਨਾਵਾਦ ਦੇ ਭੰਬਲ ਭੂਸੇ ਵਿਚ ਵੀ ਖੁੱਭਣ ਤੋਂ ਬਿਨਾਂ ਰਹਿ ਨਹੀਂ ਸਕੇ । ਇਸ ਸੰਬੰਧ ਵਿਚ ਮੈਨੂੰ ਭਾਸ਼ਾ ਵਿਗਿਆਨੀ ਚੋਮਸਕੀ ਦਾ ਇਹ ਕਥਨ ਬੜਾ ਸਾਰਥਕ ਲਗਦਾ ਹੈ : A standard and effective device for obscuring social reality is the argument that the facts are more complex than as represented in the "simplistic theories" of the "value-oriented" critics. Note first that the charge is of course correct : the facts are always more complex than any description we may give. Faced with this contingency of empirical inquiry, we may adopt several courses : (1) we may abandon the effort, (2) we may try to record the facts in enormous detail, a course that reduces in effect to the first, for all the understanding it provides, (3) we may proceed in the manner of rational inquiry in the sciences and elsewhere...Pursuing the third approach, we will always be subject to the criticism that the facts are more complex, and if rational, we dismiss the charge as correct but irrelevant. (Ref : Noam Chomsky, "Foreign Policy and the Intelligentsia", Arthus Edelstein, ed., Images and Ideas in American Culture (New Hampshire : Brandeis Univ. Press, 1979), p. 25

ਤਹਾਡਾ 'ਸੋਧ ਅਦਾਰੇ' ਉਤੇ ਇਲਜ਼ਾਮ ਦਰੁਸਤ ਹੋਵੇਗਾ, ਪਰ ਬੇਤਲਕਾ (irrelevant) ਹੈ । ਸਵਾਲ ਪੈਦਾ ਹੁੰਦਾ ਹੈ ਕਿ ਤੁਸੀਂ ਬੋਲ ਕਿਹੜੀ ਨੁਕਰੇ ਖੜੇ ਹੋ ਕੇ ਰਹੇ ਹੋ । ਜੇ ਤੁਸੀਂ 'ਸਿਧਾਂਤਕ ਸਿਸਟਮ' ਨੂੰ ਅੰਤਮ ਲਕਸ਼ ਸਮਝਦੇ ਹੋ ਅਤੇ ਜੋ, ਤੁਹਾਡੇ ਸ਼ਬਦਾਂ ਵਿਚ, "ਅਨਾਮ ਹੈ, ਅਮੂਰਤ ਹੈ, ਆਪਣੇ ਆਪ ਵਿਚ ਸਤਿ ਹੈ" ਤਾਂ ਜਿੰਨ੍ਹਾਂ ਦੀ ਆਸਥਾ ਅਜਿਹੀ ਨਹੀਂ ਉਨ੍ਹਾਂ ਦੀ ਤੁਹਾਡੇ ਨਾਲ

ਬਹਿਸ ਹੋ ਨਹੀਂ ਸਕਦੀ, ਤੇ ਦਲੀਲ ਤੁਸੀਂ ਦਿੰਦੇ ਹੋ ਕਿ ਤੁਸੀਂ 'ਨਿਮਨਤਮ' ਭਾਸ਼ਾ ਤੋਂ ਡਰੇ ਕਿਸੇ ਬਹਿਸ ਵਿਚ ਪੈਣਾ ਨਹੀਂ ਚਾਹੁੰਦੇ। ਮੈਨੂੰ ਲਗਦਾ ਤੁਸੀਂ ਪੁੱਠੇ ਬੂਟ ਪਾਈ ਤੁਰ ਫਿਰ ਰਹੇ ਹੋ। ਅਜੇ ਤਕ ਤੁਸੀਂ ਪੁੱਠੇ ਬੂਟ ਪਾ ਕੇ ਹੀ ਪੰਜਾਬ ਦੀਆਂ ਯੂਨੀਵਰਸਟੀਆਂ ਉਤੇ ਫਤਿਹ ਪ੍ਰਾਪਤ ਕੀਤੀ ਹੈ।

ਇਕ ਥਾਂ ਉਤੇ ਤੁਸੀਂ ਆਪ ਹੀ ਅਜੋਕੀ ਪੰਜਾਬੀ ਸਥਿਤੀ ਬਾਰੇ ਸਪਸ਼ਟ ਹੋ ਕੇ ਕਿਹਾ ਹੈ—"ਪਰ ਕੀ ਅਸੀਂ ਭਾਵੁਕ, ਮੂਲ ਵਿਧਾਨਕ ਸ਼ਬਦਾਵਲੀ ਨੂੰ ਆਲੋਚਨਾ-ਖੇਤਰ ਤੋਂ ਖਾਰਜ ਕਰ ਸਕਦੇ ਹਾਂ? ਆਪਣੀ ਸੰਸਕ੍ਰਿਤੀ ਦੇ ਅਜੋਕੇ ਕਾਲ—ਬਿੰਦੂ ਉਪਰ ਮੈਨੂੰ ਅਜੇਹੀ ਸੰਭਾਵਨਾ ਦੀ ਪੂਰਤੀ ਹੁੰਦੀ ਨਹੀਂ ਦਿਸਦੀ। ਸਾਡਾ ਆਲੋਚਕ ਜਿੰਨਾਂ ਕਾਵਿ-ਕਿਰਤ ਪ੍ਰਤਿ ਰੁਚਿਤ ਹੈ, ਉਸ ਤੋਂ ਵਧੀਕ ਉਹ ਸਮਾਜ ਅਤੇ ਸ੍ਰੋਤੇ ਪ੍ਰਤਿ ਰੁਚਿਤ ਹੈ। ਪੁਸਤਕ ਨਾਲ ਉਸ ਦਾ ਰਿਸ਼ਤਾ ਗਿਆਨਮੂਲਕ ਹੀ ਹੋ ਸਕਦਾ ਹੈ ਅਤੇ ਆਪਣੇ 'ਸਮਾਜ' ਪ੍ਰਤੀ ਭਾਵਮੂਲਕ।" (ਅਧਿਆਪਕੀ, ਪੰਨਾ 25-26)

ਪਰ ਤੁਸੀਂ ਇਹ ਕਹਿਕੇ ਜਿੱਥੇ ਪੁਜਦੇ ਹੋ ਉਹ ਤੁਹਾਡੀ ਇਕਪਾਸੜ ਸੋਚ ਦਾ ਪ੍ਰਤੀਕ ਹੀ ਨਹੀਂ, ਸਗੋਂ ਸਾਹਿਤ ਵਿਚ ਜਿਸ ਉਲਾਰ ਵਿਰੁਧ ਤੁਸੀਂ ਗੱਲ ਕਰਦੇ ਹੋ ਆਪਣੇ ਅੰਤਮ ਲਕਸ਼ ਤਕ ਪੁਜਦਿਆਂ ਦੂਸਰੇ ਸਿਰੇ ਦੇ ਉਲਾਰ ਤਕ ਪੁਜ ਜਾਂਦੇ ਹੋ। ਤੁਸੀਂ ਉਪਰਲੀਆਂ ਸਤਰਾਂ ਤੋਂ ਬਾਅਦ ਕਹਿੰਦੇ ਹੋ—"ਵਿਹਾਰਵਾਦੀ ਆਲੋਚਨਾ ਵਿਚ ਪ੍ਰਵਿਰਤ ਹੋਣ ਤੋਂ ਪਹਿਲਾਂ ਆਲੋਚਕ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਸ ਨੂੰ ਪੁਸਤਕ ਵਲ ਇਕਮੁਖ, ਇਕਾਗਰ ਹੋ ਕੇ ਕੰਮ ਕਰਨਾ ਪਵੇਗਾ। ਆਪਣੀ ਇਕਾਗਰਤਾ ਨੂੰ ਖੰਡਿਤ ਕਰ ਕੇ ਜੋ ਸਮਾਜ ਜਾਂ ਸਰੋਤੇ ਵਲ ਰੁਚਿਤ ਹੋਣ ਦੀ ਆਦਤ ਜਾਂ ਮਜਬੂਰੀ ਉਪਰ ਕਾਬੂ ਪਾ ਲਿਆ ਜਾਵੇ ਤਾਂ ਸ਼ਬਦਾਵਲੀ ਵੀ ਨਿਰਪੇਖ ਅਤੇ ਨਿਰਪੱਖ ਹੋ ਜਾਵੇਗੀ। ਭਾਸ਼ਾ ਦੀ ਸ਼ੈਲੀ ਦਾ ਸੰਬੰਧ ਉਸ ਦੇ ਵਰਤੋਂ-ਪ੍ਰਯੋਜਨ (function) ਨਾਲ ਹੈ। ਅਸੀਂ ਆਪਣੇ ਪ੍ਰਯੋਜਨ ਪ੍ਰਤੀ ਸੁਚੇਤ ਹੋ ਜਾਈਏ ਤਾਂ ਸਾਡੀ ਆਲੋਚਨਾ ਅਤੇ ਆਲੋਚਨਾਤਮਕ ਸ਼ਬਦਾਵਲੀ ਵਿਚ ਵੀ ਲਾਜ਼ਮੀ ਤਬਦੀਲੀ ਆਵੇਗੀ।"

ਮਸਲਾ ਤਾਂ ਸਾਹਿਤ ਦੇ ਵਰਤੋਂ-ਪ੍ਰਯੋਜਨ function ਨਾਲ ਜੁੜਿਆ ਹੋਇਆ ਹੈ। ਇਥੇ ਮੈਂ ਇਹ ਸਪਸ਼ਟ ਕਰ ਦਿਆਂ ਕਿ ਗ਼ਲਤ ਗੱਲ ਸਾਹਿਤ ਦੇ ਸਿਸਟਮ ਤਕ ਪੁਜਣਾ ਨਹੀਂ, ਰਚਨਾ ਦੇ ਅੰਦਰ ਖੁੱਭ ਕੇ ਉਸ ਵਿਚ ਕੰਮ ਕਰ ਰਹੀਆਂ ਮੂਲ-ਇਕਾਈਆਂ ਦੀ ਭਾਲ ਕਰਨੀ ਨਹੀਂ, ਅਜਿਹਾ ਕਰਨਾ ਭਾਵੁਕਤਾ ਤੋਂ ਬੌਧਿਕਤਾ ਤਕ ਪੁਜਣ ਦਾ ਯਤਨ ਹੈ, ਤੇ ਤੁਸੀਂ ਆਪਣੇ ਰੂਪਵਾਦੀ/ਨਵਾਲੋਚਨਾ/ਰੂਸੀ ਰੂਪਵਾਦ/ਸੰਰਚਨਾਵਾਦ ਦੇ ਰੂਪਵਾਦ ਦੀ ਨਕਲ-ਸਾਧਨਾ ਦੀ ਗਾਹੜ-ਮਾਹੜ ਰਾਹੀਂ ਪੰਜਾਬੀ ਆਲੋਚਨਾ ਨੂੰ ਇਸ ਪਾਸੇ ਸੁਚੇਤ ਜ਼ਰੂਰ ਕੀਤਾ ਹੈ। ਪਰ ਗ਼ਲਤ ਗੱਲ ਹੈ ਸਾਹਿਤ ਦੇ ਸਿਸਟਮ ਨੂੰ ਸਾਹਿਤ-ਬਾਹਰੇ ਸਿਸਟਮਾਂ ਨਾਲੋਂ ਤੋੜ ਕੇ ਦੇਖਣਾ ਤੇ ਉਸ ਨੂੰ 'ਪਰਮ ਸਤ' ਮੰਨ ਕੇ ਉਸ ਵਿਚ ਅਭੇਦ ਹੋ ਜਾਣਾ। ਤੁਸੀਂ ਖ਼ਤ ਵਿਚਲੇ ਆਪਣੇ ਬਿਆਨਾਂ ਨੂੰ ਇਸ ਲਕਸ਼ ਪ੍ਰਾਪਤੀ ਲਈ ਹੀ ਘੁਮਾਇਆ-ਫਿਰਾਇਆ ਹੈ।

ਤੁਹਾਡੀ ਸਾਹਿਤ ਦੇ ਵਿਗਿਆਨ ਦੀ ਭਾਲ ਪਿਛੇ ਇਕ ਪੂਰਾ ਰੈਸ਼ਨੇਲ ਕੰਮ ਕਰ ਰਿਹਾ ਹੈ। ਤੁਹਾਡੇ ਲਈ ਮਨੁੱਖ ਅਤੇ ਉਸ ਦੀ ਸਾਹਿਤ ਰਚਨਾ ਜਾਂ ਕਿਸੇ ਵੀ ਰਚਨਾ ਦਾ ਕਿਸੇ 'ਵੈਲੀਊ ਪੈਟਰਨ' ਨਾਲ ਕੋਈ ਸੰਬੰਧ ਨਹੀਂ। ਮਨੁੱਖ, ਸਮਾਜ, ਸਾਹਿਤ, ਇਤਿਹਾਸ ਤੁਹਾਡੇ ਲਈ ਅਜਿਹੀ ਭਾਸ਼ਾ ਹਨ ਜੋ ਅਨੰਤ ਕਾਲੀ ਸਿਸਟਮ ਦੇ ਜਕੜਬੰਧਾਂ ਵਿਚ ਬੱਝੇ ਹੋਏ ਹਨ ਤੇ ਤੁਹਾਡੇ ਸੰਰਚਨਾਵਾਦ ਦਾ ਕੰਮ ਹੈ..."ਉਸ ਵਿਚ ਕੰਮ ਕਰ ਰਹੇ ਸਿਸਟਮੀ ਨੇਮਾਂ ਨੂੰ ਉਜਾਗਰ" ਕਰਨਾ, ਕਿਉਂਕਿ "ਆਪਣੀ ਵਲੋਂ ਇਹ ਕੁਝ ਵੀ ਸਿੱਧ ਨਹੀਂ ਕਰਨਾ ਚਾਹੁੰਦਾ।" (ਤੁਹਾਡਾ ਖ਼ਤ—ਸੇਧ ਸਫ਼ਾ



37) ਇਹ ਪਹੁੰਚ ਅੱਤ ਨਿਮਨ ਪੱਧਰ ਦਾ ਸੰਰਚਨਾਵਾਦੀ-ਰੂਪਵਾਦ ਹੈ, ਜਿਸ ਬਾਰੇ ਆਪ ਸੰਰਚਨਾਵਾਦੀ ਸਚੇਤ ਹਨ। ਫਰਾਂਸ ਦਾ Tel Quel ਗਰੁੱਪ, ਵਾਰਸਾਅ (ਪੋਲੈਂਡ) ਦੇ 'ਇੰਸਟੀਚੂਟ ਔਫ ਲਿਟਰੇਰੀ ਸਟੱਡੀਜ਼' ਦੇ ਮਾਈਸ਼ਲ ਗਲੋਵਿੰਸਕੀ ਦੀ ਢਾਣੀ ਅਤੇ ਰੂਸ ਵਿਚ ਲੋਟਮਾਨ ਵਗੈਰਾ ਪਿਛਲੇ ਡੇਢ ਦਹਾਕੇ ਤੋਂ ਸੰਰਚਨਾਵਾਦ ਦੇ ਨਿਮਨਤਮ ਰੂਪਵਾਦੀ ਰੂਪ ਨੂੰ ਰੱਦ ਕਰ ਕੇ ਸਾਹਿਤ ਨੂੰ ਮਨੁੱਖ, ਸਮਾਜ ਅਤੇ ਕ੍ਰਾਂਤੀ ਨਾਲ ਜੋੜਨ ਵਲ ਰੁਚਿਤ ਹਨ। ਉਹ ਇਸ ਲਈ ਕਿ ਉਨ੍ਹਾਂ ਦੀ ਲਾਲਸਾ ਸਿਰਫ਼ ਵਿਦੇਸ਼ੀ ਮੋਰਾਂ ਦੇ ਖੰਭ ਦਸਤਾਰ ਵਿਚ ਸਜਾ ਕੇ ਨਿਯੁਕਤੀ ਕਮੇਟੀਆਂ ਵਿਚ ਵਿਸ਼ਾ-ਮਾਹਿਰ ਬਣਨਾ ਨਹੀਂ। ਪੰਜਾਬੀ ਵਿਚ ਤੁਹਾਨੂੰ ਨਾ ਪਟਿਆਲਾ ਯੂਨੀਵਰਸਟੀ ਵਿਚ ਹੋ ਰਹੇ ਕੰਮ ਦੀ ਸੋਝੀ ਹੈ ਤੇ ਨਾ ਹੀ ਆਪਣੇ ਸਹਿਯਾਤ੍ਰੀ ਸੁਤਿੰਦਰ ਸਿੰਘ ਨੂਰ ਦਾ ਤੁਹਾਡੀਆਂ ਇਨ੍ਹਾਂ ਧਾਰਨਾਵਾਂ ਦਾ ਬਾਦਲੀਲ ਵਿਰੋਧ ਨਜ਼ਰ ਆਉਂਦਾ ਹੈ। ਤੁਹਾਨੂੰ ਸਿਰਫ਼ ਆਪਣਾ ਆਪ ਦਿਸਦਾ ਹੈ, ਬਾਕੀ ਸਭ "ਤੂੰ" ਦੀ ਕੈਟੇਗਰੀ ਵਿਚ ਆ ਜਾਂਦੇ ਹਨ। ਇਸ ਖ਼ੁਦ-ਫ਼ਰੇਬੀ ਵਿਚ ਵੀ ਤੁਸੀਂ ਆਪਣਾ ਸਲੀਕਾ ਨਹੀਂ ਛੱਡਦੇ ਤੇ ਫਰਮਾਂਦੇ ਹੋ—"ਇਸੇ ਵਿਰੁਧ ਬੜੀ ਨਿਮਰਤਾ ਪਰ ਬੜੀ ਦ੍ਰਿੜ੍ਹਤਾ ਸਹਿਤ ਮੇਰੀ ਕਲਮੁਕੱਲੀ ਆਵਾਜ਼ ਹੈ।"

"ਅਟਾ-ਸਟਾ ਪੇਸ਼ ਕਰਨ ਵਾਲੀ, ਝਟ-ਟਪਾਊ ਅਤੀ ਸਰਲੀਕ੍ਰਿਤ ਮੁਹਾਵਰੇਬਾਜ਼ੀ ਨਾਲ ਬੁੱਤਾ ਸਾਰਨ ਵਾਲੀ" ਬੋਲੀ ਆਪਣੇ ਆਪ ਹੀ ਰੱਦ ਹੈ। ਤੁਸੀਂ ਇਸ ਵਿਰੁਧ ਆਵਾਜ਼ ਉਠਾ ਕੇ ਸੂਰਮਗਤੀ ਨਹੀਂ ਕਰ ਰਹੇ, ਸਗੋਂ ਅਸਲ ਮਸਲੇ ਤੋਂ ਲਾਂਭੇ ਜਾਣ ਦਾ ਯਤਨ ਕਰ ਰਹੇ ਹੋ। ਜੇ ਤੁਹਾਡੇ ਸਿਵਾ ਪੰਜਾਬੀ ਵਿਚ ਹੋਰ ਕਿਸੇ ਨੇ ਸੰਰਚਨਾਵਾਦ ਦੇ ਰੂਪਵਾਦੀ ਪੱਖ ਨੂੰ ਨਹੀਂ ਅਪਣਾਇਆ ਤਾਂ ਤੁਸੀਂ ਅਜਿਹਾ ਕਰ ਕੇ ਇਸ ਨੂੰ ਆਲੋਚਨਾ ਜਾਂ ਅਧਿਆਪਨ ਪ੍ਰਤੀ ਨਿਭਾਈ ਜ਼ਿੰਮੇਵਾਰੀ ਦਾ ਹਿੱਸਾ ਨਹੀਂ ਕਹਿ ਸਕਦੇ। ਜੋ ਸਮਾਜਕ-ਮਿਲੀਊ ਤੀਜੇ ਸੰਸਾਰ ਦਾ ਹੈ ਉਸ ਵਿਚ ਗ਼ੈਰ-ਸਿਧਾਂਤਕ ਜਾਂ ਗ਼ੈਰ-ਵਿਗਿਆਨਕ ਹੋਣਾ ਏਨਾ ਅਪ੍ਰਾਧ ਨਹੀਂ ਜਿਨਾ ਗਿਆਨ ਦੇ ਹਥਿਆਰਾਂ ਰਾਹੀਂ ਗ਼ੈਰ-ਮਾਨਵੀ ਅਤੇ ਗ਼ੈਰ-ਸਾਹਿਤਕ ਪ੍ਰਯੋਜਨਾਂ ਦੀ ਸਿੱਧੀ ਕਰਨਾ ਹੈ, ਜਾਂ ਗਿਆਨ ਨੂੰ ਮਹਿਜ਼ ਨਿੱਜੀ ਪ੍ਰਾਪਤੀ, ਦਿਮਾਗੀ ਤੇ ਸਰੀਰਕ ਅੱਯਾਸ਼ੀ ਅਤੇ ਆਪਣੀ "ਮੈਂ" ਨੂੰ ਸਹਾਰਾ ਦੇਣ ਲਈ ਵਰਤਣਾ ਹੈ। ਸੰਰਚਨਾਵਾਦੀ ਅੰਤਰ-ਦ੍ਰਿਸ਼ਟੀ ਦੀ ਤਰਕਸ਼ੀਲ ਉਤਰਾਧਿਕਾਰੀ 'ਵਿਜ਼ਨ' ਇਹ ਸਿਖਾਂਦੀ ਹੈ ਕਿ ਇਸ ਦੀਆਂ insights ਪ੍ਰਾਪਤ ਕਰ ਕੇ ਸੰਰਚਨਾਵਾਦ ਤੋਂ ਅਗਾਂਹ (beyond structuralism) ਜਾਇਆ ਜਾਵੇ ਅਤੇ ਨਾਲ ਹੀ ਉਸ ਪਾਸੇ ਮੁੜਿਆ ਜਾਵੇ ਜਿਨ੍ਹਾਂ ਨੂੰ ਇਸ ਵਿਧੀ ਨੇ 'ਇਗਨੋਰ' ਕੀਤਾ ਹੈ।

'ਤੀਜੇ ਸੰਸਾਰ' ਵਿਚ ਸੁਹਜ ਦੀਆਂ ਨਿਰਵਿਸ਼ੇਸ਼ (general) ਕੈਟੇਗਰੀਆਂ ਨਹੀਂ ਹੋ ਸਕਦੀਆਂ। 'ਇਤਿਹਾਸ' ਦੇ ਅਰਥ ਵੀ ਉਹ ਨਹੀਂ ਹੋ ਸਕਦੇ ਜੋ ਤੁਸੀਂ ਲਏ ਹਨ। ਤੁਸੀਂ ਨਿਰਾ ਇਤਿਹਾਸਕਾਰਾਂ ਦੇ 'ਇਤਿਹਾਸ' ਦੀ ਗੱਲ ਕਰ ਰਹੇ ਹੋ। ਇਥੇ ਇਤਿਹਾਸ ਦਾ ਭਾਵ ਹੈ ਹੰਢਾਇਆ ਜਾ ਰਿਹਾ ਇਤਿਹਾਸ (lived history) ਤੁਹਾਡੇ ਮੱਤ ਅਨੁਸਾਰ ਇਤਿਹਾਸਕ ਮਹਾਂ ਦ੍ਰਿਸ਼ਟੀ (historical vision) ਨਾਂ ਦੀ ਕੋਈ ਚੀਜ਼ ਨਹੀਂ। ਤੁਹਾਡੇ ਲਈ ਇਤਿਹਾਸ ਇਕ ਅਜਿਹੀ ਸੰਰਚਨਾ ਹੈ ਜੋ cause and effect ਤੋਂ ਮੁਕਤ ਹੈ। ਇਤਾਲਵੀ ਚਿੰਤਕ ਗਿਆਂਬਤਿਸਤਾ ਵੀਕੋ ਨੇ ਵੀ ਇਤਿਹਾਸ ਨੂੰ ਇਕ ਦਾਇਰੇ ਵਾਂਗ ਘੁੰਮਦਾ (circularity of history) ਦਸਿਆ। ਇਸ ਦੇ ਨਾਲ ਤੁਸੀਂ ਇਹ ਵੀ ਕਹਿੰਦੇ ਹੋ ਕਿ ਸੰਰਚਨਾਵਾਦ "ਮਨੁੱਖਵਾਦੀ ਗਿਆਨ ਹੈ।" ਮੈਨੂੰ ਲਗਦਾ ਹੈ ਕਿ ਜਾਂ ਤਾ ਤੁਹਾਨੂੰ ਆਪਣੇ ਸੰਕਲਪਾਂ ਦੀਆਂ implications ਦਾ ਪਤਾ

ਨਹੀਂ ਜਾਂ ਤੁਸੀਂ ਸੰਰਚਨਾਵਾਦ ਦੀ ਵਕਾਲਤ ਕਰਦੇ ਕਰਦੇ ਇਕ ਦੇ ਬਾਅਦ ਦੂਜੇ ਬਿਆਨ ਨਾਲ ਰਲਗੱਡ ਪਾਈ ਜਾ ਰਹੇ ਹੋ। ਤੁਹਾਡੇ ਖ਼ਤ ਦੀਆਂ ਅੰਤਲੀਆਂ ਸਤਰਾਂ ਹਨ : "ਚਿਹਨ ਚਿਹਨਾਂ ਵਲ ਸੰਕੇਤ ਕਰੀ ਜਾਂਦੇ ਹਨ ਜਿਵੇਂ ਦਰਿਆ ਅਗਾਂਹ ਤੋਂ ਅਗਾਂਹ ਵਧੀ ਜਾਂਦਾ ਹੈ, ਆਖਰੀ ਅਗਾਂਹ ਕੋਈ ਨਹੀਂ। ਨਿਰੰਤਰ ਗਤੀ ਦੀ ਏਸ ਯਾਤ੍ਰਾ ਵਿਚ ਕਿਤੇ ਕੋਈ ਠਹਿਰਾਉ ਨਹੀਂ। ਇਹ ਮਨੁੱਖੀ ਸੰਰਚਨਾ ਦੀ ਹੋਣੀ ਹੈ।"

ਕਿਹੋ ਜਿਹੇ ਮਨੁੱਖ ਦਾ ਸੰਕਲਪ ਤੁਸੀਂ ਸਾਂਭੀ ਬੈਠੇ ਹੋ ? ਅਜਿਹਾ ਮਨੁੱਖ ਜੋ ਸਿਸਟਮ ਦੀ ਨਿਰੰਤਰਤਾ ਦਾ ਗ਼ੁਲਾਮ ਹੈ ("ਨਿਰੰਤਰ ਗਤੀ ਦੀ ਏਸ ਯਾਤ੍ਰਾ ਵਿਚ ਕਿਤੇ ਕੋਈ ਠਹਿਰਾਉ ਨਹੀਂ") ਤੁਹਾਡੇ ਉਪਰਲੇ ਕਥਨਾਂ ਦਾ ਭਾਵ (implications) ਇਹ ਨਿਕਲਿਆ ਕਿ ਸੰਰਚਨਾਵਾਂ ਦਾ ਕਰਤਾ—ਮਨੁੱਖ—ਸਿਸਟਮ ਦੇ ਅਧੀਨ ਹੈ, ਉਹ ਮਕਾਨਕੀ ਢੰਗ ਨਾਲ ਸੰਰਚਨਾਵਾਂ ਪ੍ਰਤੀ ਰੁਚਿਤ ਹੈ, ਅਤੇ ਇਸ ਸਿਸਟਮ ਦੀ ਨਿਰੰਤਰ ਗਤੀ (cyclical and eternally recurring process) ਉਤੇ ਸਮਾਂ-ਸਥਾਨ ਦੀ is-ness ਕੋਈ ਪ੍ਰਭਾਵ ਨਹੀਂ ਪਾਉਂਦੀ। ਸਮਾਜਕ ਰਾਜਨੀਤਕ ਸਥਿਤੀਆਂ ਜੋ ਹਨ, ਸੋ ਹਨ। ਇਹ ਬਦਲਣਗੀਆਂ ਤਾਂ ਆਪਣੇ ਆਪ ਸੰਰਚਨਾਵਾਦੀ ਪ੍ਰਕ੍ਰਿਆ ਰਾਹੀਂ, ਜੇ ਨਹੀਂ ਬਦਲਣਗੀਆਂ ਤਾਂ ਮਨੁੱਖ ਕੁਝ ਨਹੀਂ ਕਰ ਸਕਦਾ। ਉਹ ਟੁੱਕੀਆਂ ਜੀਭਾਂ ਨਾਲ ਖੜਾ ਗੁੰਮ ਸੁੰਮ ਇਸ ਪ੍ਰਕ੍ਰਿਆ ਵਿਚ ਸ਼ਾਮਲ ਹੈ, ਆਪਣਾ ਉਸ ਦਾ ਕੁਝ ਵੀ ਨਹੀਂ।

ਇਹ ਮਨੁੱਖ ਚੇਤਨਾ-ਰਹਿਤ ਮਨੁੱਖ ਹੈ। ਇਹ ਮਨੁੱਖ ਕਿਸੇ ਸਮਾਜ ਵਿਗਿਆਨਕ ਕਲਪਨਾ ਤੋਂ ਸੱਖਣਾ ਹੈ। ਇਹ ਸੁਤੰਤਰਤਾ ਦੀ ਤਾਂਘ ਜਾਂ ਸਿਰਜਣਾਤਮਕਤਾ ਤੋਂ ਵੀ ਮਹਰੂਮ ਹੈ। ਮਨੁੱਖੀ ਚੇਤਨਾ ਦਾ ਸੰਰਚਨਾਤਮਕ ਕਾਰਜ ਵਿਚ ਕੋਈ ਸਥਾਨ ਹੈ ਜਾਂ ਨਹੀਂ—ਸਵਾਲ ਇਹ ਹੈ। ਅਗੋਂ ਇਸ ਚੇਤਨਾ ਦੇ ਡਾਇਲੈਕਟਿਕ ਦਾ ਕੀ ਰੂਪ ਹੈ, ਦੂਜਾ ਸਵਾਲ ਇਹ ਹੈ। ਇਹ ਚੇਤਨਾ ਇਤਿਹਾਸ ਨਾਲ ਕਿਵੇਂ ਜੁੜੀ ਹੋਈ ਹੈ, ਅਤੇ ਇਤਿਹਾਸਕ ਅਥਵਾ ਸਮਾਜਕ ਕਾਰਜ-ਗਤੀ (historical and social praxis) ਨੂੰ ਮਨੁੱਖੀ ਚੇਤਨਾ ਕਿਸ ਡਾਇਲੈਕਟਿਕ ਤੋਂ ਲੈਂਦੀ ਹੈ, ਇਹ ਅਗਲਾ ਸਵਾਲ ਹੈ। ਸਾਹਿਤ ਦਾ ਇਤਿਹਾਸਕ ਅਤੇ ਸਮਾਜਕ ਕਾਰਜ-ਗਤੀ ਵਿਚ ਕੀ ਕਿਰਦਾਰ ਹੈ, ਗੱਲ ਇਥੇ ਫਿਰ ਆ ਮੁੜਦੀ ਹੈ। ਪਰ ਤੁਸੀਂ ਮਨੁੱਖ ਨੂੰ ਮਕਾਨਕੀ ਢੰਗ ਨਾਲ ਅਜਿਹੇ ਸਿਸਟਮੀ ਸੰਸਾਰ ਨਾਲ ਜੋੜ ਕੇ ਰਖ ਦਿਤਾ "ਜੋ ਅਨਾਮ ਹੈ, ਅਮੂਰਤ ਹੈ, ਆਪਣੇ ਆਪ ਵਿਚ ਸਤਿ ਹੈ", ਤੇ "ਨਿਰੰਤਰ ਗਤੀ ਵਿਚ ਵਿਚਰ ਰਿਹਾ ਹੈ।" ਇਸ ਸਮਾਪਤੀ ਜੁਗਤ ਤੋਂ ਬਾਅਦ ਦੂਜੀ ਸਮਾਪਤੀ ਜੁਗਤ ਇਹ ਜੜ ਦਿਤੀ—"ਸੰਰਚਨਾਵਾਦ ਨੂੰ ਮਾਰਕਸਵਾਦ ਦਾ ਵਿਰੋਧੀ ਸਮਝਣਾ ਗਲਤ ਹੈ ਕਿਉਂਕਿ ਮਾਰਕਸਵਾਦ ਆਪ ਇਕ ਸੰਰਚਨਾ-ਪ੍ਰਬੰਧ ਹੈ।"

ਇਥੇ ਹੀ ਬਸ ਨਹੀਂ, ਤੁਸੀਂ ਕਹਿੰਦੇ ਹੋ "ਸੰਰਚਨਾਵਾਦ ਕੋਈ ਫਿਲਾਸਫੀ ਨਹੀਂ, ਕ੍ਰਿਆ ਹੈ।" ਜੇ ਤੁਹਾਡੇ ਰਲਗੱਡ 'ਚੋਂ ਕੋਈ ਅਰਥ ਕਢਣੇ ਹੋਣ ਤਾਂ ਮਾਰਕਸਵਾਦ ਵੀ ਸਿਰਫ਼ ਇਕ ਕ੍ਰਿਆ ਹੀ ਹੈ, ਇਸ ਤੋਂ ਵੱਧ ਕੁਝ ਨਹੀਂ। ਤੁਸੀਂ ਆਲਤੂਜ਼ਰ ਦੇ ਇਕ ਦੋ ਲੇਖ ਪੜ੍ਹ ਕੇ ਮਾਰਕਸਵਾਦ ਬਾਰੇ ਅਜਿਹੇ ਗੈਰ-ਸਿਧਾਂਤਕ ਬਿਆਨ ਦੇਣ ਦੇ ਆਪਣੇ ਆਪ ਨੂੰ ਯੋਗ ਸਮਝ ਲਿਆ, ਇਹ ਤੁਹਾਡੀ ਨਵੀਂ ਪ੍ਰਾਪਤੀ ਹੈ। ਮੈਂ ਮਾਰਕਸਵਾਦ ਨੂੰ ਜਿੰਨਾ ਵੀ ਸਮਝਦਾ ਹਾਂ ਉਸ ਵਿਚ ਇਹ ਗੱਲ ਪੱਕੀ ਹੈ ਕਿ ਇਸ ਵਿਚੋਂ ਇਤਿਹਾਸ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ, ਅਤੇ ਮਾਰਕਸਵਾਦ ਉਸ ਤਰ੍ਹਾਂ ਦੀ ਕ੍ਰਿਆ ਨਹੀਂ ਜਿਸ ਤਰ੍ਹਾਂ ਦੀ ਕ੍ਰਿਆ ਤੁਸੀਂ ਸੰਰਚਨਾਵਾਦ ਨੂੰ ਕਿਹਾ ਹੈ। ਮਾਰਕਸਵਾਦ ਸਿਧਾਂਤ ਅਤੇ ਅਮਲ ਦੇ ਡਾਇਲੈਕਟਿਕ ਉਤੇ ਵਿਗਸਦਾ ਹੈ। ਮਾਰਕਸਵਾਦ, ਸਮਾਜ ਵਿਗਿਆਨ ਵਿਚ ਸਮਾਜ



ਵਿਗਿਆਨਕ ਕਲਪਨਾ (sociological imagination) ਨੂੰ ਪਰਮ ਥਾਂ ਹੈ। ਇਸ ਰਾਹੀਂ ਮਨੁੱਖ ਤਬਦੀਲੀ ਲੋਚਦਾ ਹੈ, ਆਪਣੀਆਂ ਜਕੜਬੰਦਾਂ ਨੂੰ ਕਟਦਾ ਹੈ। ਮਾਰਕਸਵਾਦ ਵਿਚ ਮਨੁੱਖੀ ਚੇਤਨਾ ਪ੍ਰਪੰਚ (phenomenon) ਨਾਲ ਡਾਇਲੈਕਟਿਕ ਦੇ ਰੂਪ ਵਿਚ ਵਿਗਸਦੀ ਹੈ। ਮਾਰਕਸਵਾਦ ਲਈ ਹੰਢਾਇਆ ਜਾ ਰਿਹਾ ਇਤਿਹਾਸ ਤਕੜਾ ਮਹੱਤਵ ਰਖਦਾ ਹੈ। ਇਹ ਮਾਰਕਸਵਾਦ ਬਾਰੇ ਸਿੱਧ-ਪੱਧਰੀਆਂ ਸਰਲ ਜਿਹੀਆਂ ਗੱਲਾਂ ਹਨ। ਪਰ ਜਿਵੇਂ ਤੁਸੀਂ ਮਾਨਵਵਾਦ ਅਤੇ ਇਤਿਹਾਸ ਬਾਰੇ ਵੱਢੀ-ਟੁੱਕੀ ਧਾਰਨਾ ਲੈ ਕੇ ਗੱਲਾਂ ਕਰ ਦਿਤੀਆਂ ਉਸੇ ਵਿਧੀ ਨਾਲ ਸੰਰਚਨਾਵਾਦ (ਕ੍ਰਿਆ) ਨੂੰ ਮਾਰਕਸਵਾਦੀ ਫ਼ਿਲਾਸਫੀ ਨਾਲ ਮਿਲਾ ਦਿਤਾ। ਸੰਰਚਨਾਵਾਦ ਨੂੰ ਹੀ ਇਕ mystique ਬਣਾ ਦਿਤਾ ਜਿਸ ਵਿਚ ਸਭ ਕੁਝ ਧੁੰਧਲਾ ਜਾਂਦਾ ਹੈ, ਸਮਾਅ ਜਾਂਦਾ ਹੈ। ਫੇਰ ਤੁਸੀਂ ਸ਼ਿਕਾਇਤ ਕਰਦੇ ਹੋ, ਤੇ ਸ਼ਿਕਾਇਤ ਵੀ ਗੁਸੈਲੀ ਲੇਪ ਲਗਾ ਕੇ ਕਰਦੇ ਹੋ ਕਿ—'ਇੰਸਟਿੰਕਟ' ਦੀ ਬੋਲੀ ਨਾਲ 'ਸਿਧਾਂਤ' ਦਾ ਜਾਂ 'ਉਚਾਰਾਂ' ਦੇ ਚਟਖਾਰੇ ਨਾਲ 'ਭਾਸ਼ਾ' (= ਵਿਗਿਆਨ) ਦਾ ਮੌਜੂ ਉਡਾਂਦੇ ਹੋ।" ਮੌਜੂ ਤਾਂ ਜਨਾਬ ਨੇ ਆਪ ਹੀ ਆਪਣਾ ਬਿਨਾਂ ਸੋਚੇ ਸਮਝੇ ਬਿਆਨ ਦੇ ਕੇ ਉਡਾ ਲਿਆ। ਜੇ ਏਹੀ ਸੋਧੀ-ਪ੍ਰਬੋਧੀ ਵਿਗਿਆਨਕਤਾ ਹੈ ਤਾਂ ਸ਼ੇਕਸਪੀਅਰ ਦੇ ਮੈਕਬਥ ਦੇ ਆਰੰਭਕ ਸੀਨ ਵਿਚ ਚੁੜੇਲਾਂ ਦੇ ਉਚਾਰੇ ਗਏ ਇਹ ਸ਼ਬਦ ਦੁਹਰਾਨ ਦੀ ਲੋੜ ਮਹਿਸੂਸ ਹੋ ਰਹੀ ਹੈ—

**Fair is foul, and foul is fair :**
**Hover through the fog and filthy air.**

ਦਰਅਸਲ ਜਿਸ ਤਰ੍ਹਾਂ ਦੇ ਸੰਰਚਨਾਵਾਦ ਨਾਲ ਤੁਸੀਂ ਜੁੜੇ ਹੋਏ ਹੋ ਉਹ ਚੇਤਨਾ ਦੀਆਂ ਮਾਨਵੀ ਕੈਟੇਗਰੀਆਂ ਨੂੰ ਵਿਆਕਰਣ ਅਤੇ ਭਾਸ਼ਕ ਸੰਰਚਨਾ ਦੀਆਂ ਗੈਰ-ਮਾਨਵੀ ਕੈਟੇਗਰੀਆਂ 'ਚ ਬਦਲਣ ਵਿਚ ਰੁਝਾ ਹੋਇਆ ਹੈ। ਮਿਸ਼ਲ ਫੂਕੋ ਦਾ ਇਹ ਕਥਨ ਬੜਾ ਸਾਫ਼ ਹੈ ਕਿ "ਮਾਨਵਵਾਦ ਸਾਡੇ ਉਪਰ ਭਾਰੀ ਬੋਝ ਬਣਿਆ ਹੋਇਆ ਹੈ, ਜਿਸ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ।" ਇਹ ਸੰਰਚਨਾਵਾਦ ਸਿਧਾਂਤ ਅਤੇ ਅਮਲ, ਵਿਚਾਰ ਅਤੇ ਕਾਰਜ ਦੇ ਡਾਇਲੈਕਟਿਕ ਤੋਂ ਇਸ ਲਈ ਅੱਖਾਂ ਮੀਚ ਲੈਂਦਾ ਹੈ ਕਿਉਂਕਿ ਇਤਿਹਾਸ ਇਸ ਲਈ ਦਾਇਰੇ ਵਿਚ ਘੁੰਮ ਰਹੀ ਨਿਰਾਰਥਕ ਪ੍ਰਕ੍ਰਿਆ ਹੈ। ਅਜਿਹੇ ਸਿਧਾਂਤ ਲੈ ਕੇ ਆਲੋਚਕ ਜਾਂ ਸਕਾਲਰ ਦਾ ਕੰਮ ਸਿਰਫ਼ ਦਰਸ਼ਕਾਂ ਵਾਲਾ ਰਹਿ ਜਾਂਦਾ ਹੈ। ਉਸ ਦਾ ਕੰਮ ਹੈ—ਸੰਰਚਨਾਤਮਕ ਜੁਗਤਾਂ ਨੂੰ ਲੱਭੇ ਕਿ ਕੋਈ ਟੈਕਸਟ ਜੋ ਹੈ ਉਹ ਕਿਵੇਂ ਹੈ। ਇਸੇ ਨੂੰ ਲੈਵੀ ਸਤ੍ਰੋਸ "scholarly objectivity ਕਹਿੰਦਾ ਹੈ।

ਧਿਆਨ ਦੇਣ ਵਾਲੀ ਤੁਹਾਡੀ ਸਤਰ ਹੈ—"ਆਪਣੀ ਵਲੋਂ ਇਹ ਕੁਝ ਵੀ ਸਿੱਧ ਨਹੀਂ ਕਰਨਾ ਚਾਹੁੰਦਾ।" ਤੁਹਾਡੀ ਇਸ ਉਕਤੀ ਪਿਛੇ ਦੋ ਗੱਲਾਂ ਵਿਸ਼ੇਸ਼ ਹਨ। ਇਕ, ਕਿਰਤ ਪ੍ਰਤੀ ਪਹੁੰਚ objective ਹੋਣੀ ਚਾਹੀਦੀ ਹੈ; ਦੂਜਾ 'ਇਹ' (ਸੰਰਚਨਾਵਾਦ) ਦਾ 'ਸਬਜੈਕਟ' ਦੇ ਤੌਰ 'ਤੇ ਵਰਤਿਆ ਜਾਣਾ। ਮੈਂ ਦੂਜੀ ਗੱਲ ਦਾ ਨਿਪਟਾਰਾ ਕਰ ਕੇ objectivity ਵਲ ਮੁੜਾਂਗਾ। ਸੰਰਚਨਾਵਾਦ ਨੂੰ 'ਸਬਜੈਕਟ' ਵਜੋਂ ਵਰਤ ਕੇ ਤੁਸੀਂ ਸਿੱਧ ਕਰ ਦਿਤਾ ਹੈ ਕਿ ਤੁਹਾਡੇ ਸੰਰਚਨਾਵਾਦ ਵਿਚ ਮਨੁੱਖ ਸਿਰਫ਼ ਇਕ ਤੁਰਦਾ ਫਿਰਦਾ ਪਿੰਜਰ ਹੈ, ਜਿਸ ਨਾਲ ਜੁੜੀਆਂ ਸਾਰੀਆਂ ਕੈਟੇਗਰੀਆਂ—ਸੁਤੰਤਰਤਾ, ਕਲਪਨਾ, ਸਿਰਜਣਾ, ਚੇਤਨਾ—ਮਿੱਥਾਂ ਹਨ। ਤੁਸੀਂ ਇਥੇ ਇਹ ਨਹੀਂ ਕਿਹਾ : "ਸੰਰਚਨਾਵਾਦੀ ਕਾਰਜ", ਜਾਂ "ਸੰਰਚਨਾਵਾਦੀ ਅੰਤਰ-ਦ੍ਰਿਸ਼ਟੀ।" ਇਹ ਤੁਹਾਡੇ ਕੋਲੋਂ ਅਚੇਤ ਹੋਇਆ ਵੀ ਨਹੀਂ। ਪਰ ਤੁਸੀਂ ਆਪਣੇ ਖਤ ਵਿਚ ਸੰਰਚਨਾਵਾਦੀ ਅੰਤਰ ਦ੍ਰਿਸ਼ਟੀ ਦੀ ਵੀ ਗੱਲ ਕੀਤੀ, ਅਤੇ ਇਸ ਦੇ ਆਰੰਭਕ ਹਿੱਸੇ ਵਿਚ ਸਾਰੀ ਸੁਰ ਤੁਹਾਡੀ ਅਜਿਹੀ ਹੈ ਜੋ ਤੁਹਾਡੀਆਂ ਹੀ

ਬਾਅਦ ਦੀਆਂ ਉਕਤੀਆਂ ਨੂੰ ਰੱਦ ਕਰਦੀ ਹੈ, ਜਿਸ ਤੋਂ ਲਗਦਾ ਹੈ ਕਿ ਤੁਸੀਂ ਆਪਣੇ ਕਥਨਾਂ ਨੂੰ ਨਹੀਂ ਵਿਚਾਰਿਆ, ਕਿਤੋਂ ਫੜ ਕੇ ਖ਼ਤ ਵਿਚ ਰਖ ਦਿਤਾ। ਗੱਲ ਤੁਸੀਂ ਸੰਰਚਨਾਵਾਦ ਵਿਚ ਆਦਰਸ਼ਵਾਦ ਅਤੇ ਮਿੱਥਾਂ ਦੇ ਸਮੇਟੇ ਜਾਣ ਦੀ ਕਰਦੇ ਹੋ, ਪਰ ਅੰਤ ਪਹੁੰਚਦੇ ਤੁਸੀਂ ਉਸ ਸਿਖਰ ਉਤੇ ਹੋ ਜਿੱਥੇ ਸੰਰਚਨਾਵਾਦ ਖ਼ੁਦ ਇਕ ਆਦਰਸ਼ਵਾਦ ਹੋ ਨਿਬੜਦਾ ਹੈ।

ਜਦੋਂ ਧਿਆਨ ਸਿਰਫ਼ ਉਚਾਰ (ਕਿਰਤ) ਅਤੇ ਉਸ ਵਿਚਲੇ ਸਿਸਟਮੀ ਨੇਮਾਂ ਵਲ ਹੀ ਦਿਤਾ ਜਾਂਦਾ ਹੈ ਤਾਂ ਉਸ ਵਿਚੋਂ ਮਨੁੱਖ-ਸਬਜੈਕਟ ਖਾਰਜ ਹੋ ਜਾਂਦਾ ਹੈ। ਵਿਸ਼ੇਸ਼ ਉਚਾਰ (ਕਿਰਤ) ਵਿਚ ਅਰਥ ਭਰਨ ਵਾਲਾ ਕੌਣ ਹੈ ? ਤੁਸੀਂ ਕਹੋਗੇ ਕਿ ਮਨੁੱਖ ਜੋ ਚਾਹੁੰਦਾ ਹੈ ਬੋਲਦਾ ਹੈ। ਪਰ ਇਹ 'ਚਾਹੁਣਾ' ਹੀ ਉਚਾਰ ਦੇ ਸਬਜੈਕਟ ਨੂੰ ਸੰਰਚਨਾ ਦਾ ਅੰਗ ਬਣਾ ਦੇਂਦਾ ਹੈ। ਤੁਹਾਡੇ ਲਈ ਉਚਾਰ ਦਾ ਸਬਜੈਕਟ ਖਾਰਜ ਹੋ ਜਾਂਦਾ ਹੈ, ਸਿਰਫ਼ ਉਚਾਰ ਵਿਚਲਾ 'ਸਬਜੈਕਟ' ਹੀ ਬਚਦਾ ਹੈ, ਜੋ 'he', ਜਾਂ 'she' ਨਹੀਂ, ਸਿਰਫ਼ 'it' ਹੈ। 'ਮਨੁੱਖ ਸਬਜੈਕਟ' ਨੂੰ **structuration** ਵਿਚੋਂ ਖਾਰਜ ਕਰਨ ਦਾ ਅਰਥ ਇਹ ਹੋਇਆ ਕਿ ਉਹ ਭਾਸ਼ਕ-ਯੂਨਿਟਾਂ ਦੀ ਸੰਰਚਨਾ-ਪ੍ਰਕ੍ਰਿਆ ਵਿਚ ਸੁੰਘੜ ਗਿਆ। ਤਾਂ ਫਿਰ ਅਰਥਾਂ ਪਿਛੇ ਕੰਮ ਕਰ ਰਹੀ (ਚੇਤਨਾ) 'ਚਾਹ' ਦਾ ਮੂਲ ਜ਼ਰੂਰ ਕੋਈ ਦੈਵੀ ਚੇਤਨਾ ਹੋਣੀ ਚਾਹੀਦੀ ਹੈ। ਇਸ ਨੁਕਤੇ ਨੂੰ ਰੋਜ਼ਾਲਿੰਡ ਕਾਵਰਡ ਅਤੇ ਜੌਹਨ ਐਲਿਸ ਨੇ ਆਪਣੀ ਪੁਸਤਕ Language and Materialism (Routledge and Keganpaul, 1977) ਵਿਚ ਸਿਧਾਂਤਕ ਪਹਿਲੂ ਤੋਂ ਸਪਸ਼ਟ ਕਰਦਿਆਂ ਕਿਹਾ ਹੈ ਕਿ ਸੰਰਚਨਾਵਾਦ ਦੇ ਪਦਾਰਥਵਾਦ ਦਾ ਮਕਾਨਕੀਪਣ ਉਦੋਂ ਪੈਦਾ ਹੁੰਦਾ ਹੈ ਜਦੋਂ ਇਹ ਮਨੁੱਖ ਸਬਜੈਕਟ ਨੂੰ ਸੰਰਚਨਾ ਤੋਂ ਹੀ ਖਾਰਜ ਕਰ ਦੇਂਦਾ ਹੈ। ਸਿਰਫ਼ ਸਿਸਟਮੀ ਨੇਮਾਂ ਨੂੰ ਉਜਾਗਰ ਕਰਨ ਦਾ ਸਿੱਟਾ ਇਹ ਨਿਕਲਦਾ ਹੈ ਕਿ product ਵਸਤੂ ਤੇ production ਵਸਤੂ-ਪ੍ਰਕ੍ਰਿਆ ਅਲੱਗ ਅਲੱਗ ਹੋ ਜਾਂਦੇ ਹਨ। ਸੰਰਚਨਾ-ਕਾਰਜ ਦੇ ਮਕਾਨਕੀ ਸਿਧਾਂਤ ਨਾਲ ਜੋ ਸਿੱਟੇ ਨਿਕਲੇ ਉਸ ਵਲ ਉਕਤ ਪੁਸਤਕ ਦੇ ਲੇਖਕ ਲਿਖਦੇ ਹਨ :

This direction of structuralism blocked the realisation of the radical potentiality of Saussure's work, since it removed any emphasis from productivity, stressing instead a pre-given meaning. Two tendencies resulted from this. Either the system was considered to be imposed on the subject who is then only its support : such is the foundation of mechanical materialism. Or else meaning was seen as produced in the structure by the transcendental consciousness which always already intends that meaning. This is the foundation of idealism. (P. 4)

ਮੈਂ ਇਹ ਟੂਕ ਨਾ ਚਾਹੁਣ ਦੇ ਬਾਵਜੂਦ ਇਸ ਕਰਕੇ ਦਿਤੀ ਹੈ ਕਿ ਸੰਰਚਨਾਵਾਦ ਦੇ ਵਿਗੜੇ ਹੋਏ ਆਦਰਸ਼ਵਾਦੀ ਅਤੇ ਮਕਾਨਕੀ ਪਦਾਰਥਵਾਦੀ ਰੂਪ ਨੂੰ ਪੱਛਮ ਵਿਚ ਰੱਦ ਕੀਤਾ ਜਾ ਚੁਕਾ ਹੈ, ਪਰ ਤੁਸੀਂ ਅੱਜ ਵੀ ਇਸ ਨੂੰ ਚਿਪਕੀ ਬੈਠੇ ਹੋ, ਸਗੋਂ ਉਛਾਲੀ ਜਾ ਰਹੇ ਹੋ। ਤੁਸੀਂ ਇਸਦੇ ਮਕਾਨਕੀ ਪਦਾਰਥਵਾਦ ਨੂੰ ਪਹਿਚਾਣਨ ਤੋਂ ਇਨਕਾਰੀ ਹੋ ਤੇ ਕਹਿੰਦੇ ਹੋ "ਸੰਰਚਨਾਵਾਦੀ ਚਿੰਤਨ ਦੇ ਪੈਰ ਪੱਕੀ ਤਰ੍ਹਾਂ ਪਦਾਰਥਵਾਦੀ ਜ਼ਮੀਨ ਉਪਰ ਟਿਕੇ ਹਨ।" ਫਿਰ "ਇਸ ਅਨੁਸਾਰ ਪਹਿਲੀ ਵਾਰ "ਮਾਨਵ ਸੰਕਲਪ ਦਾ ਵਿਗਿਆਨਕ ਵਿਸ਼ਲੇਸ਼ਣ ਸੰਭਵ ਹੋ ਸਕਿਆ।" ਅਗੇ ਜਾ ਕੇ " 'ਸਿਸਟਮ' ਤੇ 'ਸੰਰਚਨਾ' ਦੇ ਰਿਸ਼ਤੇ ਵਿਚ ਦਵੰਦਾਤਮਕਤਾ ਦੀ ਹੋਂਦ ਬੀਜ ਰੂਪ ਵਿਚ ਲੁਕੀ ਪਈ ਹੈ" ਇਹ ਉਕਤੀਆਂ ਨਹੀਂ, ਸਮਾਪਤੀ ਜੁਗਤਾਂ ਵੀ ਨਹੀਂ, ਵਿਗਿਆਨ ਦੀ ਸੋਧੀ



ਪ੍ਰਬੋਧੀ ਭਾਸ਼ਾ ਵਿਚ ਬੇਤੁੱਕੀਆਂ ਹਨ। ਇਹ ਮੈਂ ਤੁਹਾਡੀ ਵਿਦਵਤਾ ਨੂੰ ਨੀਵਾਂ ਦਿਖਾਣ ਲਈ ਨਹੀਂ ਕਹਿ ਰਿਹਾ। ਜੇ ਤੁਸੀਂ ਆਪ ਵੀ ਇਨ੍ਹਾਂ ਉਕਤੀਆਂ ਨੂੰ, ਇਨ੍ਹਾਂ ਦੇ ਅਰਥਾਂ ਨੂੰ ਇਕ ਦੂਜੇ ਨਾਲ ਜੋੜ ਕੇ ਵੇਖੋਗੇ ਤਾਂ ਆਪਣੀ ਇਸ 'ਸੰਰਚਨਾਤਮਕ ਪ੍ਰਕ੍ਰਿਆ' ਉਤੇ ਉਦਾਸ ਹੋ ਜਾਵੋਗੇ।

ਹੁਣ ਮੈਂ objectivity ਵਲ ਆਉਂਦਾ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਪ੍ਰਗਤੀ-ਸ਼ੀਲਤਾ' ਦੇ ਨਾਂ ਹੇਠ ਪੰਜਾਬੀ ਆਲੋਚਨਾ ਕਾਫ਼ੀ ਉਲਾਰ ਰਹੀ ਹੈ, ਤੇ ਹੁਣ ਵੀ ਹੈ। ਇਹ ਵੀ ਸਹੀ ਹੈ ਕਿ ਕਿਸੇ ਕਿਰਤ ਦੀ ਨਿਰਖ ਪਰਖ ਕਰਨ ਲਗਿਆਂ ਲੋੜ ਉਸ ਵਿਚ ਬੈਠ ਕੇ, ਉਸ ਅੰਦਰ ਕੰਮ ਕਰ ਰਹੀਆਂ ਸੰਰਚਨਾਤਮਕ ਜੁਗਤਾਂ ਨੂੰ ਸਮਝਣ ਦੀ ਹੈ। ਪਰ ਇਹ ਗੱਲ ਮੈਂ ਫਿਰ ਦੁਹਰਾਂਦਾ ਹਾਂ ਕਿ ਸਾਹਿਤ ਸਮੀਖਿਆ ਦਾ ਕਾਰਜ ਇਥੇ ਸਮਾਪਤ ਨਹੀਂ ਹੁੰਦਾ, ਇਥੋਂ ਸ਼ੁਰੂ ਹੁੰਦਾ ਹੈ। ਪਰ ਤੁਸੀਂ 'ਸਾਹਿਤ ਦੀ ਖ਼ੁਦਮੁਖਤਾਰੀ' ਨੂੰ ਹੋਰ ਪਾਸਿਉਂ ਲੈਂਦੇ ਹੋ। ਤੁਸੀਂ ਗੱਲ ਇਥੇ ਹੀ ਸਮਾਪਤ ਕਰ ਦੇਂਦੇ ਹੋ। ਇਸੇ ਨੂੰ ਤੁਸੀਂ objectivity ਕਹਿੰਦੇ ਹੋ, ਇਸ ਤਰ੍ਹਾਂ ਦੀ ਹੀ ਪ੍ਰਕ੍ਰਿਆ ਨੂੰ ਲੈਵੀ ਸਤ੍ਰੌਸ ਨੇ 'ਸਕਾਲਰੀ ਆਬਜੈਕਟਿਵਟੀ' ਕਿਹਾ ਹੈ। ਇਸੇ ਕਰਕੇ ਤੁਸੀਂ ਕਹਿੰਦੇ ਹੋ ਕਿ "ਸੰਰਚਨਾਵਾਦੀ ਕਿਸੇ ਵਾਦ ਦਾ ਵਿਰੋਧੀ ਨਹੀਂ ਹੋ ਸਕਦਾ" (ਤੁਹਾਡਾ ਆਲਤੂਜ਼ਰ ਪੜ੍ਹਿਆ ਕਿੱਥੇ ਗਿਆ ?) ਯਾਨੀ ਕਿ ਇਹ ਫਾਸ਼ੀਵਾਦ ਜਾਂ ਪੂੰਜੀਵਾਦ ਦਾ ਵਿਰੋਧ ਨਹੀਂ ਕਰ ਸਕਦਾ, ਕਿਉਂਕਿ ਇਹ (ਮਕਾਨਕੀ) ਕ੍ਰਿਆ ਹੈ, ਤੇ ਖ਼ੂਬਸੂਰਤ ਗੱਲ ਇਹ ਵੀ ਹੈ ਕਿ "...ਸੰਰਚਨਾਵਾਦੀ ਚਿੰਤਨ ਦੇ ਪੈਰ ਪੱਕੀ ਤਰ੍ਹਾਂ ਪਦਾਰਥਵਾਦੀ ਜ਼ਮੀਨ ਉਪਰ ਟਿਕੇ ਹਨ।" ਮੈਨੂੰ ਲਗਦਾ ਕਿ ਤੁਹਾਡੀਆਂ ਉਕਤੀਆਂ ਨੂੰ ਲਾਂਭੇ ਕਰ ਕੇ ਹੀ ਗੱਲ ਹੋ ਸਕਦੀ ਹੈ। ਤੁਸੀਂ ਜੋ ਰੰਗ ਪਹਿਲੇ ਦੋ ਸਫ਼ਿਆਂ ਵਿਚ ਬੰਨ੍ਹਿਆ, ਇਥੇ ਉਸ ਤੋਂ ਦੋ ਰਤੀ ਅਗੇ ਚਲੇ ਗਏ ਹੋ।

ਮੈਂ objectivity ਵਲ ਮੁੜਦਾ ਹਾਂ। ਇਹ ਕਹਿਣਾ ਕਿ ਸੰਰਚਨਾ ਦੀਆਂ ਅੰਦਰਲੀਆਂ ਪਰਤਾਂ ਦੇ ਆਪਸੀ ਰਿਸ਼ਤਿਆਂ ਨੂੰ ਪ੍ਰਚਲਿਤ ਪ੍ਰਧਾਨ ਵਿਚਾਰਧਾਰਾ (dominant ideology) ਤੋਂ ਮੁਕਤ ਹੋ ਕੇ ਲੱਭਿਆ ਜਾ ਸਕਦਾ ਹੈ, ਜਾਂ ਇਸ ਨੂੰ 'ਸ਼ੁਧ ਤਰਕ' ਰਾਹੀਂ ਸਮਝਿਆ ਜਾ ਸਕਦਾ ਹੈ, ਵੀ ਇਕ ਤਰ੍ਹਾਂ ਦੀ ਮਿੱਥ ਹੈ। ਸਾਰਥਕ ਆਲੋਚਨਾ ਕਾਰਜ ਵਿਚ ਆਲੋਚਕ ਨੂੰ ਸਭ ਤੋਂ ਪਹਿਲਾਂ 'ਪ੍ਰਧਾਨ ਵਿਚਾਰਧਾਰਾ' ਪ੍ਰਤਿ ਆਪਣੀ ਪੁਜ਼ੀਸ਼ਨ ਬਾਰੇ ਸੁਚੇਤ ਹੋਣਾ ਪਵੇਗਾ, ਫਿਰ ਕਿਤੇ ਉਹ objectivity ਦੇ ਨੇੜੇ-ਤੇੜੇ ਪੁਜ ਸਕਦਾ ਹੈ। ਬਿਨਾਂ ਕਿਸੇ ਵਿਚਾਰਧਾਰਾ ਦੇ ਲਗ-ਲਬੇੜ ਦੇ ਕਿਸੇ ਕਿਰਤ ਨੂੰ ਸਮਝਣ-ਪਰਖਨ ਦਾ ਦਾਹਵਾ ਵੀ ਆਪਣੇ ਆਪ ਵਿਚ ਵਿਚਾਰਧਾਰਕ ਬਿਆਨ (ideological statement) ਹੈ। ਇਹ ਇਕ ਅਜਿਹੀ ਭਰਾਂਤੀ ਨੂੰ ਬੁੰਣਦਾ ਹੈ ਜਿਸ ਨੂੰ ਅੱਜ ਅਨੇਕਾਂ ਵਿਗਿਆਨੀ ਅਤੇ ਸਕਾਲਰ ਚਿਪਕੀ ਬੈਠੇ ਹਨ। ਜਿਹੜੀ ਜਮਾਤ ਰਾਜ ਕਰ ਰਹੀ ਹੋਵੇਗੀ ਉਹ ਇਸ ਰੁਚੀ ਨੂੰ ਵਧਣ-ਫੁਲਣ ਵਿਚ ਸਹਾਇਤਾ ਦੇਵੇਗੀ। ਕਿਉਂਕਿ ਉਸ ਜਮਾਤ ਨੂੰ ਜਿਹੜੇ ਅਨਸਰ ਖ਼ਤਰਨਾਕ ਅਤੇ ਨਾਗਵਾਰ ਜਾਪਣਗੇ ਉਨ੍ਹਾਂ ਨੂੰ objectivity ਦੇ ਹਥਿਆਰ ਰਾਹੀਂ ਸੋਧਿਆ ਜਾ ਸਕਦਾ ਹੈ। ਜਿਹੜਾ ਆਲੋਚਕ ਜਾਂ ਤੁਹਾਡੇ ਵਰਗਾ ਵਿਦਵਾਨ ਇਸ ਭੁਲੇਖੇ ਨਾਲ ਸਾਹਿਤ ਸਮੀਖਿਆ ਵਲ ਵੱਧਦਾ ਹੈ ਕਿ ਉਹ ਨਿਰਲੇਪ ਹੋ ਕੇ ਸਾਹਿਤ ਦੀ ਵਿਗਿਆਨਕ ਵਿਧੀ ਰਾਹੀਂ ਵਿਸ਼ਲੇਸ਼ਣ ਕਰ ਰਿਹਾ ਹੈ ਉਹ ਅਚੇਤ ਹੀ ਸਮੇਂ ਦੀ ਪ੍ਰਧਾਨ ਵਿਚਾਰਧਾਰਾ ਨੂੰ ਪਰਚਾਰਨ ਦਾ ਸਾਧਨ ਬਣਦਾ ਹੈ। ਮੈਂ ਫਿਰ ਇਕ ਵਿਦਵਾਨ ਦੀ ਉਕਤੀ ਦੇਣੋਂ ਸੰਕੋਚ ਨਹੀਂ ਕਰ ਸਕਦਾ। ਖ਼ਾਸ ਕਰ ਕੇ ਇਸ ਲਈ ਕਿ ਉਸ ਦਾ ਲੇਖ With and Beyond Literary Structuralism (Books Abroad, Spring 75) ਪੜ੍ਹ ਕੇ ਹੀ ਮੈਂ

objectivity ਬਾਰੇ ਜ਼ਿਆਦਾ ਸਪਸ਼ਟ ਹੋ ਸਕਿਆ ਹਾਂ। ਉਸ ਦਾ ਨਾਂ Leon S. Roudez ਹੈ, ਤੇ ਉਹ ਲਿਖਦਾ ਹੈ :— The attempt to establish a science of literature has enabled us to conclude that there can be no science of literature, only a science of the written text, which must, among other things, be placed in a historical context. It is doubtful whether such a science can progress without making use of the concepts of mediation, dominant ideology and class consciousness, to name a few; and those are precisely rooted in Marxism. (P. 209)

ਮੈਨੂੰ ਲਗਦਾ ਹੈ ਮੈਂ ਤੁਹਾਨੂੰ ਬੋਰ ਕਰ ਰਿਹਾ ਹਾਂ। ਪਰ ਮੈਂ ਇਹ ਕਹਿਣੋਂ ਕਿਵੇਂ ਰੁਕ ਸਕਦਾ ਹਾਂ ਕਿ ਤੁਸੀਂ ਪੰਜਾਬੀ ਆਲੋਚਨਾ ਅਤੇ ਅਧਿਆਪਨ ਵਿਚ ਮਦਾਰੀ ਵਾਂਗ ਪਧਾਰੇ ਤੇ ਅਜੇ ਵੀ ਉਹੀ ਰੋਲ ਨਿਭਾਈ ਜਾ ਰਹੇ ਹੋ। ਆਖਰ ਕਦੇ ਤਾਂ ਸਮਾਂ ਆਉਣਾ ਸੀ ਤੁਹਾਡੇ ਬੌਧਿਕ ਤੇ ਸਾਹਿਤਕ ਅਨਾਚਾਰ ਦਾ ਵਿਰੋਧ ਕਰਨ ਦਾ। ਵਿਰੋਧ ਤੁਹਾਡੇ ਵਿਅਕਤਿਤਵ ਜਾਂ ਜ਼ਾਤ ਦਾ ਕੋਈ ਕਿਉਂ ਕਰੇਗਾ ? ਵਿਰੋਧ ਤੁਹਾਡੀ ਪੁਜ਼ੀਸ਼ਨ ਦਾ ਹੈ। ਤੁਹਾਡੇ ਜਿਹੇ ਹੁਨਰ ਵਾਲੇ ਲੇਖਕ ਜਦੋਂ ਆਪਣੀ ਮਿਹਨਤ ਨੂੰ ਨਿੱਜੀ ਲੋਭਾਂ ਦੀ ਖਾਤਰ ਵਰਤਣ ਤੇ ਕਹਿਣ ਉਸਨੂੰ ਸਾਹਿਤ-ਸਾਧਨਾ—ਵਿਰੋਧ ਇਸ ਗੱਲ ਦਾ ਹੈ। ਵਿਰੋਧ ਸਹੀ ਸਵਾਲਾਂ ਨੂੰ ਨਾ ਪੈਦਾ ਹੋਣ ਦੇਣ ਦਾ ਹੈ, ਤੇ ਵਿਰੋਧ ਤੁਹਾਡੀ ਨਕਲ ਸਾਧਨਾ ਤੇ ਯੂਨੀਵਰਸਟੀ ਵਿਭਾਗ ਵਿਚ ਅਸ਼ਲੀਲ ਕਿਰਦਾਰ ਦਾ ਵੀ ਹੈ। ਇਹ ਸਾਰੀਆਂ ਗੱਲਾਂ ਤੁਹਾਡੇ ਨਾਲ ਜੁੜੀਆਂ ਹੋਈਆਂ ਵੀ ਹਨ ਤੇ ਤੁਹਾਡੇ ਤੋਂ ਬਾਹਰ ਵੀ। ਪਰ ਮੈਂ ਇਹ ਬਾਰ ਬਾਰ ਕਿਉਂ ਦੁਹਰਾਵਾਂ ਕਿ ਤੁਸੀਂ ਇਸਦੇ ਬਾਵਜੂਦ ਵੀ ਪੰਜਾਬੀ ਆਲੋਚਨਾ ਤੇ ਅਧਿਆਪਨ ਨੂੰ ਨਵੇਂ ਮੋੜ ਵਲ ਤੇ ਨਵੇਂ ਚਿੰਤਨ ਵਲ ਲਗਾ ਦਿਤਾ ਹੈ। ਇਹ ਤੁਹਾਡੀ ਪ੍ਰਾਪਤੀ ਹੈ ਕਿ ਤੁਸੀਂ ਇਸ ਪਾਸੇ ਜੁਟਣ ਲਈ ਆਪਣੇ ਸਹਿ-ਯਾਤ੍ਰੀਆਂ ਲਈ ਫਿਜ਼ਾ ਤਿਆਰ ਕੀਤੀ। ਪਰ ਤੁਸੀਂ ਜਿਸ ਖੁਭਣ ਵਿਚ ਜਾ ਖੁੱਭੇ ਉਹ ਕਦੇ ਨਹੀਂ ਖੁੱਭਣਗੇ—ਇਸ ਗੱਲ ਦੀ ਆਸ ਹੀ ਨਹੀਂ, ਪੱਕਾ ਵਿਸ਼ਵਾਸ ਵੀ ਹੈ।

ਤੁਹਾਡੀ ਪੁਜ਼ੀਸ਼ਨ, ਤੁਹਾਡੀਆ ਧਾਰਨਾਵਾਂ ਅਤੇ ਤੁਹਾਡੇ ਬੌਧਿਕ ਅਨਾਚਾਰ ਦਾ ਵਿਰੋਧ ਜੇ ਤੁਹਾਡੇ ਲਈ ਨਾਗਵਾਰ ਬੋਲੀ ਵਿਚ ਹੋ ਗਿਆ ਹੋਵੇ ਤਾਂ ਮੈਂ ਤੁਹਾਡੀ ਇਸ ਪੱਖੋਂ ਸੇਵਾ ਕਰਨ ਦੇ ਅਸਮਰਥ ਹਾਂ। ਤੁਸੀਂ ਆਪਣੇ ਬਿਆਨਾਂ ਲਈ 'ਜ਼ਾਨਰ' ਹੀ ਐਸਾ ਚੁਣਿਆ ਹੈ, ਕੋਸ਼ਿਸ਼ ਕੀਤਿਆਂ ਵੀ 'ਸੰਬੋਧਨੀ ਸ਼ੈਲੀ' ਤੋਂ ਪਰ੍ਹਾਂ ਨਹੀਂ ਜਾਇਆ ਜਾ ਸਕਦਾ। ਸੰਰਚਨਾਵਾਦੀ ਚਿੰਤਨ ਤੋਂ ਬਾਅਦ 'ਸੰਰਚਨਾਵਾਦੀ ਅਮਲ' ਤਕ ਹੀ ਜਦ ਕਦੇ ਤੁਸੀਂ ਪੁਜੋਗੇ (ਜੇ ਕਦੇ ਪੁੱਜ ਸਕਦੇ ਹੋਏ !) ਤਾਂ ਤੁਹਾਨੂੰ ਪਤਾ ਲਗੇਗਾ ਕਿ ਜੋ ਕੁਝ ਤੁਸੀਂ ਆਪਣੇ ਖ਼ਤ ਵਿਚ ਸਥਾਪਤ ਕਰਨਾ ਚਾਹਿਆ ਹੈ, ਉਸ ਦਾ ਸੁਚੇਤ ਤੌਰ 'ਤੇ ਅਤੇ ਜਿਸ ਤਰ੍ਹਾਂ ਦੇ ਅੰਦਾਜ਼ੇ-ਬਿਆਨ ਵਿਚ ਵਿਰੋਧ ਹੋ ਸਕਦਾ ਹੈ, ਹੋਣਾ ਚਾਹੀਦਾ ਹੈ। ਇਹ ਵਿਰੋਧ ਇਕ ਤਰ੍ਹਾਂ ਦਾ ਸਿਆਸੀ ਕਾਰਜ' ਹੈ, ਤੇ ਸਿਆਸੀ ਕਾਰਜ ਦੀ ਕਿਸੇ ਵੀ ਤਰ੍ਹਾਂ Textual theory and practice ਨਾਲ ਅਸੰਗਤੀ ਨਹੀਂ ਕਿਉਂਕਿ, (ਜਿਵੇਂ ਮਈ 1967 ਵਿਚ ਫਰਾਂਸ ਦੇ ਵਿਦਿਆਰਥੀ ਵਿਦਰੋਹ ਸਮੇਂ ਦੀਵਾਰਾਂ ਉਤੇ ਲਿਖਿਆ ਗਿਆ ਸੀ)—

"Structures do not take to the streets." ਅਜੇ ਏਨਾ ਹੀ—

ਤੁਹਾਡਾ ਸ਼ੁਭ ਚਿੰਤਕ
ਗੁਰਬਚਨ



## ਪੰਜਾਬੀ ਭਾਸ਼ਾ ਦੀ ਉਨਤੀ ਦੀ ਨੁਹਾਰ

ਡਾ: ਜੋਗਿੰਦਰ ਸਿੰਘ ਪੁਆਰ

ਸੰਸਾਰ ਵਿਚ ਬੋਲੀਆਂ ਜਾਣ ਵਾਲੀਆਂ ਵੱਖ ਵੱਖ ਭਾਸ਼ਾਵਾਂ ਵਿਚੋਂ ਕੁਝ ਇਕ ਨੂੰ 'ਉੱਨਤ' ਅਤੇ ਦੂਜੀਆਂ ਨੂੰ 'ਅਰਧ ਉੱਨਤ' ਭਾਸ਼ਾਵਾਂ ਦਾ ਨਾਂ ਦਿਤਾ ਜਾਂਦਾ ਹੈ। 'ਉੱਨਤ' ਅਤੇ 'ਅਰਧ ਉੱਨਤ' ਤੋਂ ਇਹ ਸਮਝ ਲਿਆ ਜਾਂਦਾ ਹੈ ਕਿ ਸਿਰਫ 'ਉੱਨਤ' ਭਾਸ਼ਾਵਾਂ ਹੀ ਕਚਹਿਰੀਆਂ, ਸਰਕਾਰੀ ਦਫਤਰਾਂ ਜਾਂ ਸਕੂਲਾਂ ਕਾਲਜਾਂ ਵਿਚ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੀਆਂ ਜਾਣ ਦੇ ਸਮਰਥ ਹੁੰਦੀਆਂ ਨੇ ਅਤੇ 'ਅਰਧ-ਉੱਨਤ' ਭਾਸ਼ਾਵਾਂ ਵਿਚ ਅਜਿਹੀ ਸਮਰਥਾ ਨਹੀਂ ਹੁੰਦੀ। ਪਰ ਭਾਸ਼ਾ-ਵਿਗਿਆਨੀ ਇਸ ਤੱਥ ਵਿਚ ਕੋਈ ਵਜ਼ਨ ਨਹੀਂ ਵੇਖਦੇ ਅਤੇ ਇਹ ਮੰਨਦੇ ਨੇ ਕਿ ਹਰ ਭਾਸ਼ਾ ਉਸ ਭਾਸ਼ਾਈ ਗਰੁਪ ਦੇ ਲੋਕਾਂ ਦੇ ਸਭ ਪਰਕਾਰ ਦੇ ਹਾਵ ਭਾਵ ਪ੍ਰਗਟਾਉਣ ਅਤੇ ਸਮੇਂ ਸਮੇਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਦੇ ਯੋਗ ਹੁੰਦੀ ਹੈ। ਕਿਸੇ ਵੀ ਭਾਸ਼ਾ ਨੂੰ ਸਬੰਧਤ ਭਾਸ਼ਾਈ ਬਰਾਦਰੀ ਦੇ ਜੀਵਨ ਦੇ ਵੱਖ ਵੱਖ ਪੱਖਾਂ ਵਿਚ ਵਰਤਣ ਲਈ ਸਿਰਫ ਠੀਕ ਭਾਂਤ ਦੀ ਵਿਉਂਤ-ਬੰਦੀ ਦੀ ਲੋੜ ਹੁੰਦੀ ਹੈ। ਠੀਕ ਭਾਸ਼ਾਈ ਵਿਉਂਤ-ਬੰਦੀ ਭਾਸ਼ਾ ਦੇ ਲਿਖਤੀ ਅਤੇ ਬੋਲ-ਚਾਲ ਦੇ ਟਕਸਾਲੀ ਰੂਪ ਨੂੰ ਸਥਾਪਤ ਕਰਨ ਵਿਚ ਸਹਾਈ ਹੁੰਦੀ ਹੈ। ਭਾਸ਼ਾਈ ਵਿਉਂਤ-ਬੰਦੀ ਰਾਹੀਂ ਹੀ ਭਾਸ਼ਾ ਨੂੰ ਉੱਨਤੀ ਦੇ ਰਸਤੇ 'ਤੇ ਪਾਇਆ ਜਾਂਦਾ ਹੈ। ਇਸ ਤਰ੍ਹਾਂ ਭਾਸ਼ਾ ਨੂੰ ਵਧੇਰੇ ਅਮੀਰ ਅਤੇ ਉੱਨਤ ਕਰਨ, ਇਸ ਦੀ ਸਾਹਿਤਕ ਯੋਗਤਾ ਵਧਾਉਣ, ਭਾਸ਼ਾ ਦੇ ਵੱਖ ਵੱਖ ਪੱਖਾਂ ਨੂੰ ਸਮਝਣ/ਸਮਝਾਉਣ, ਪੁਸਤਕਾਂ ਅਤੇ ਹਰ ਭਾਂਤ ਦੇ ਸਮਾਚਾਰ ਤੇ ਹੋਰ ਪੱਤਰ ਛਾਪਣ, ਸ਼ਬਦ-ਜੋੜਾਂ ਵਿਚ ਇਕਸਾਰਤਾ ਲਿਆਉਣ ਅਤੇ ਹਰ ਭਾਂਤ ਦੀ ਤਕਨੀਕੀ ਸ਼ਬਦਾਵਲੀ ਤਿਆਰ ਕਰਨ ਲਈ ਲੜੀਂਦੇ ਯਤਨ ਕੀਤੇ ਜਾਂਦੇ ਨੇ। ਸਰਬੰਗੀ ਵਿਆਕਰਨਾਂ ਤਿਆਰ ਕਰਨਾ ਵੀ ਭਾਸ਼ਾਈ ਵਿਉਂਤ-ਬੰਦੀ ਦਾ ਹੀ ਜ਼ਰੂਰੀ ਅੰਗ ਹੁੰਦਾ ਹੈ। ਇਹਨਾਂ ਮੰਤਵਾਂ ਦੀ ਪੂਰਤੀ ਲਈ ਬਹੁਤ ਸਾਰੇ 'ਅਰਧ-ਉੱਨਤ' ਦੇਸ਼ਾਂ ਵਿਚ, ਜੋ ਕਿ ਉੱਨਤੀ ਕਰਨਾ ਚਾਹੁੰਦੇ ਨੇ, ਭਾਸ਼ਾਈ ਵਿਉਂਤ-ਬੰਦੀ ਲਈ ਅਦਾਰੇ ਕਾਇਮ ਕੀਤੇ ਗਏ ਨੇ। ਇਹ ਅਦਾਰੇ ਇਨ੍ਹਾਂ ਦੇਸ਼ਾਂ ਦੀ ਸਮੁੱਚੀ ਯੋਜਨਾ-ਬੰਦੀ ਦਾ ਹੀ ਅੰਗ ਨੇ।

ਭਾਸ਼ਾ ਵਿਗਿਆਨੀ ਅਤੇ ਮਨੋ-ਵਿਗਿਆਨੀ ਇਸ ਗੱਲ ਨਾਲ ਸਹਿਮਤ ਨੇ ਕਿ ਬੱਚੇ ਨੂੰ ਮੁਢਲੀ ਸਿਖਿਆ ਉਸ ਦੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਹੀ ਦੇਣੀ ਚਾਹੀਦੀ ਹੈ। ਜੇ ਮਾਤ-ਭਾਸ਼ਾ ਤੋਂ ਬਿਨਾਂ ਕੋਈ ਹੋਰ ਮਾਧਿਅਮ ਵਰਤਿਆ ਜਾਵੇ ਤਾਂ ਉਹ ਬੱਚੇ ਦੇ ਮਨ 'ਤੇ ਬੇਲੋੜਾ ਭਾਰ ਪਾਉਂਦਾ ਹੈ ਅਤੇ ਬੱਚੇ ਦੀ ਬਹੁਤੀ ਸ਼ਕਤੀ ਇਸ ਮਾਧਿਅਮ ਨੂੰ ਸਮਝਣ ਵਿਚ ਹੀ ਲਗ ਜਾਂਦੀ ਹੈ

ਅਤੇ ਉਹ ਸਹੀ ਵਿਸ਼ੇ ਨੂੰ ਯੋਗ ਭਾਂਤ ਸਮਝਣੋਂ ਅਸਮਰਥ ਰਹਿੰਦਾ ਹੈ। ਮਾਤ-ਭਾਸ਼ਾ ਤੋਂ ਬਿਨਾਂ ਕੋਈ ਹੋਰ ਭਾਸ਼ਾ ਸਿੱਖਣ ਲਈ ਬੱਚੇ ਨੂੰ ਵਧੇਰੇ ਕੋਸ਼ਿਸ਼ ਕਰਨੀ ਪੈਂਦੀ ਹੈ ਜਦੋਂ ਕਿ ਬੱਚੇ ਨੂੰ ਆਪਣੀ ਮਾਤਾ-ਭਾਸ਼ਾ ਸਿੱਖਣ ਲਈ ਕੋਈ ਸੁਚੇਤ ਯਤਨ ਨਹੀਂ ਕਰਨਾ ਪੈਂਦਾ, ਸਗੋਂ ਉਹ ਆਪਣੀ ਮਾਤ-ਭਾਸ਼ਾ ਅਚੇਤ ਤੌਰ 'ਤੇ ਹੀ ਸਿੱਖ ਲੈਂਦਾ ਹੈ। ਇਹੋ ਇਕ ਕਾਰਨ ਹੈ ਕਿ ਜਦੋਂ ਬੱਚੇ ਨੂੰ ਸਿੱਖਿਆ ਕਿਸੇ ਬਦੇਸ਼ੀ ਭਾਸ਼ਾ ਦੇ ਮਾਧਿਅਮ ਦੀ ਥਾਂ ਉਸ ਦੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਦਿਤੀ ਜਾਂਦੀ ਹੈ ਤਾਂ ਉਸ ਵਿਚ ਹਰ ਵਿਸ਼ੇ ਸਬੰਧੀ ਪੁਛ-ਗਿਛ ਦਾ ਸ਼ੌਕ ਵਧ ਜਾਂਦਾ ਹੈ ਅਤੇ ਨਾਲ ਹੀ ਉਸ ਵਿਸ਼ੇ ਸਬੰਧੀ ਉਸਦੀ ਪਕੜ ਵੀ ਵਧੇਰੇ ਮਜ਼ਬੂਤ ਹੋ ਜਾਂਦੀ ਹੈ। ਇਸੇ ਲਈ ਹੀ ਮਾਤ-ਭਾਸ਼ਾ ਨੂੰ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੇ ਜਾਣ ਨੂੰ ਪਹਿਲ ਦਿਤੀ ਜਾਂਦੀ ਹੈ।

**"ਵਿਗਿਆਨੀ ਇਸ ਗਲ 'ਤੇ ਸਹਿਮਤ ਨੇ ਕਿ ਬੱਚੇ ਨੂੰ ਮੁਢਲੀ ਸਿਖਿਆ ਉਸ ਦੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਹੀ ਦੇਣੀ ਚਾਹੀਦੀ ਹੈ।"**

ਭਾਵੇਂ ਪੰਜਾਬੀ ਨੂੰ ਪੰਜਾਬ ਵਿਚ ਸਰਕਾਰੀ ਭਾਸ਼ਾ ਦਾ ਦਰਜਾ ਤਾਂ ਪ੍ਰਾਪਤ ਹੋ ਗਿਆ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਪੰਜਾਬੀ ਹੀ ਸਰਕਾਰੀ ਕੰਮ ਕਾਜ ਲਈ ਅਤੇ ਸਕੂਲਾਂ ਕਾਲਜਾਂ ਵਿਚ ਸਿੱਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੀ ਜਾਵੇਗੀ, ਪਰ ਇਸ ਸਭ ਕਾਸੇ ਦੇ ਰਸਤੇ ਵਿਚ ਅਨ-ਗਿਣਤ ਔਕੜਾਂ ਖੜੀਆਂ ਨੇ। ਕੰਮ ਅਟਕਾਊ ਨੌਕਰਸ਼ਾਹੀ, ਅਰੁਚਿਤ ਅਧਿਆਪਕ ਵਰਗ, ਪੰਜਾਬੀਆਂ ਵਿਚੋਂ ਹੀ ਕੁਝ ਲੋਕ ਅਤੇ ਕੁਝ ਇਕ ਬਾਰਸੂਖ ਅਦਾਰੇ ਪੰਜਾਬੀ ਭਾਸ਼ਾ ਨੂੰ ਇਸ ਦੇ ਪ੍ਰਾਪਤ ਸਥਾਨ ਤੋਂ ਦੂਰ ਰਖਣ ਵਿਚ ਜੁੱਟੇ ਹੋਏ ਨੇ। ਪੰਜਾਬ ਸਰਕਾਰ ਦਾ ਇਹ ਫੈਸਲਾ ਕਿ ਪੀ.ਸੀ.ਐਸ. ਦੀ ਪ੍ਰੀਖਿਆ ਵਿਚ ਪੰਜਾਬੀ ਵੀ ਮਾਧਿਅਮ ਦੇ ਤੌਰ 'ਤੇ ਵਰਤੀ ਜਾ ਸਕਦੀ ਹੈ, ਇਕ ਸਲਾਹੁਣ ਯੋਗ ਫੈਸਲਾ ਹੈ, ਪਰ ਦੇਖਣਾ ਇਹ ਹੈ ਕਿ ਕਿੰਨੇ ਕੁ ਉਮੀਦਵਾਰ ਪੰਜਾਬੀ ਨੂੰ ਇਸ ਪ੍ਰੀਖਿਆ ਲਈ ਮਾਧਿਅਮ ਚੁਣਨਗੇ।

ਪੰਜਾਬ ਵਿਚ ਅਜ ਬਹੁਤ ਸਾਰੇ ਈਸਾਈ ਮਿਸ਼ਨਰੀ ਸਕੂਲ ਅਤੇ ਪਬਲਿਕ ਸਕੂਲ ਪਹਿਲੀ ਸ਼੍ਰੇਣੀ ਤੋਂ ਸਿਖਿਆ ਅੰਗਰੇਜ਼ੀ ਮਾਧਿਅਮ ਰਾਹੀਂ ਦਿੰਦੇ ਨੇ। ਅੰਗਰੇਜ਼ੀ ਦੇ ਨਾਲ ਹਿੰਦੀ ਇਹਨਾਂ ਸਕੂਲਾਂ ਵਿਚ ਪਹਿਲੀ ਭਾਸ਼ਾ ਦੇ ਤੌਰ 'ਤੇ ਪੜ੍ਹਾਈ ਜਾਂਦੀ ਹੈ ਅਤੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਸਥਾਨ ਦਿਤਾ ਜਾਂਦਾ ਹੈ। ਅਜਿਹੇ ਸਾਰੇ ਸਕੂਲ ਆਮ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਜਾਏ, ਬਾਹਰਲੇ ਬੋਰਡਾਂ ਨਾਲ ਸਬੰਧਤ ਹੋਣ ਕਰਕੇ ਪੰਜਾਬੀ ਨੂੰ ਪੰਜਾਬ ਵਿਚ ਹੀ ਦੂਜੀ ਭਾਸ਼ਾ ਦਾ ਸਥਾਨ ਦਿੰਦੇ ਨੇ। ਜਾਂ ਇਉਂ ਕਹੋ ਕਿ ਪੰਜਾਬੀ ਨੂੰ ਇਹਨਾਂ ਸਕੂਲਾਂ ਵਿਚ ਤੀਜੀ ਭਾਸ਼ਾ ਵਾਲਾ ਸਥਾਨ ਪ੍ਰਾਪਤ ਹੈ। ਇਹ ਵੀ ਸਭ ਜਾਣਦੇ ਹੀ ਨੇ ਕਿ ਛੋਟੇ ਅਤੇ ਵੱਡੇ ਸ਼ਹਿਰਾਂ ਵਿਚ ਇਨ੍ਹਾਂ ਸਕੂਲਾਂ ਵਿਚ ਪੜ੍ਹਣ ਵਾਲੇ ਬੱਚਿਆਂ ਦੀ ਗਿਣਤੀ ਦੂਜੇ ਸਕੂਲਾਂ ਨਾਲੋਂ ਵੱਧ ਹੁੰਦੀ ਹੈ। ਇਕ ਪਾਸੇ ਇਹ ਸਕੂਲ ਅੰਗਰੇਜ਼ੀ ਮਾਧਿਅਮ ਦੇ ਨਾਂ 'ਤੇ ਖਾਸੀ ਕਮਾਈ ਵੀ ਕਰਦੇ ਨੇ ਅਤੇ ਦੂਜੇ ਪਾਸੇ ਬੜੀ ਹੁਸ਼ਿਆਰੀ ਅਤੇ ਚਾਲਾਕੀ ਨਾਲ ਪੰਜਾਬੀ ਨੂੰ ਆਪਣੇ ਸਕੂਲਾਂ ਵਿਚ ਤੀਜੀ ਭਾਸ਼ਾ ਦਾ ਦਰਜਾ ਦੇ ਕੇ ਪੰਜਾਬੀ ਭਾਸ਼ਾ ਦੀ ਉੱਨਤੀ ਵਿਰੁਧ ਵੀ ਕੰਮ ਕਰ ਰਹੇ ਨੇ। ਇਥੇ ਹੀ ਬਸ ਨਹੀਂ। ਪਿਛੇ ਜਿਹੇ ਸਰਕਾਰ ਵਲੋਂ ਖੋਲ੍ਹੇ ਗਏ ਆਦਰਸ਼ ਸਕੂਲਾਂ ਵਿਚ ਵੀ ਅੰਗਰੇਜ਼ੀ ਨੂੰ ਮਾਧਿਅਮ ਦੇ ਤੌਰ 'ਤੇ ਵਰਤੇ ਜਾਣ ਦੀ ਆਗਿਆ ਦੇ ਕੇ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਨੇ ਸਮਝੋ, ਚੰਨ ਹੀ ਚਾੜ੍ਹ ਦਿਤਾ ਹੈ।



ਚਾਹੀਦਾ ਤਾਂ ਇਹ ਸੀ ਕਿ ਪੰਜਾਬ ਵਿਚ ਪੰਜਾਬੀ ਨਾਲ ਹੋ ਰਹੇ ਇਸ ਮਤਰਏ ਸਲੂਕ ਨੂੰ ਖਤਮ ਕੀਤਾ ਜਾਂਦਾ। ਉਸ ਸਮੇਂ ਦਲੀਲ ਇਹ ਦਿਤੀ ਗਈ ਸੀ ਕਿ ਕਿਉਂਕਿ ਬਹੁਤ ਸਾਰੇ ਪੰਜਾਬੀ ਰੁਜ਼ਗਾਰ ਦੀ ਤਲਾਸ਼ ਵਿਚ ਪਰਦੇਸਾਂ ਨੂੰ ਜਾਂਦੇ ਨੇ ਇਸ ਲਈ ਉਹਨਾਂ ਨੂੰ ਅੰਗਰੇਜ਼ੀ ਆਉਣੀ ਬਹੁਤ ਜ਼ਰੂਰੀ ਹੈ। ਅਜਿਹੀ ਦਲੀਲ ਦਾ ਕਿਸੇ ਵੀ ਸਰਕਾਰ ਵਲੋਂ ਦਿਤੇ ਜਾਣਾ ਇਕ ਸ਼ਰਮਨਾਕ ਗੱਲ ਹੈ। ਸ਼ਾਇਦ ਸਾਡੇ ਨੇਤਾ ਇਹ ਭੁਲ ਗਏ ਨੇ ਕਿ ਪਿਛਲੇ ਪੰਜ ਸਾਲਾਂ ਵਿਚ ਪੰਜਾਬੀਆਂ ਦੀ ਬਹੁ-ਗਿਣਤੀ ਰੋਜ਼ਗਾਰ ਦੀ ਤਲਾਸ਼ ਵਿਚ ਅਰਬ ਦੇਸ਼ਾਂ ਅਤੇ ਜਰਮਨੀ ਨੂੰ ਗਈ ਹੈ। ਕੀ ਸਾਨੂੰ ਫਿਰ ਸਿੱਖਿਆ ਦੇ ਮਾਧਿਅਮ ਲਈ ਅਰਬੀ ਜਾਂ ਜਰਮਨ ਭਾਸ਼ਾ ਨੂੰ ਵਰਤਣਾ ਚਾਹੀਦਾ ਹੈ ?

**"ਪੰਜਾਬੀ ਦੇ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਹਨ— ਕੰਮ-ਅਟਕਾਊ ਨੌਕਰਸ਼ਾਹੀ, ਅਰੁਚਿਤ ਅਧਿਆਪਕ ਵਰਗ, ਕੁਝ ਪੰਜਾਬੀ ਲੋਕ ਅਤੇ ਕੁਝ ਇਕ ਬਾਰਸੂਖ ਅਦਾਰੇ।"**

ਪੰਜਾਬ ਵਿਚ ਪੰਜਾਬੀ ਨੂੰ ਸਿੱਖਿਆ ਦੇ ਖੇਤਰ ਵਿਚ ਜਾਂ ਸਰਕਾਰੀ ਕੰਮ ਕਾਜ ਵਿਚ ਵਰਤੇ ਜਾਣ ਨਾਲ ਕੁਝ ਵਿਸ਼ੇਸ਼ ਔਕੜਾਂ ਜ਼ਰੂਰ ਸਾਹਮਣੇ ਆਈਆਂ ਨੇ। ਸਕੂਲਾਂ ਕਾਲਜਾਂ ਵਿਚ ਪੜ੍ਹਾਉਣ ਲਈ ਵਿਗਿਆਨਕ ਢੰਗ ਨਾਲ ਤਿਆਰ ਕੀਤੀਆਂ ਗਈਆਂ ਪੁਸਤਕਾਂ ਦੀ ਘਾਟ ਅਤੇ ਸਰਕਾਰੀ ਕੰਮ ਕਾਜ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ ਦੀ ਥੁੜ ਮੁਖ ਔਕੜਾਂ ਕਹੀਆਂ ਜਾ ਸਕਦੀਆਂ ਨੇ। ਇਸ ਥੁੜ ਨੂੰ ਪੂਰਿਆਂ ਕਰਨ ਲਈ ਅਤੇ ਲੁੜੀਂਦੇ ਕੰਮ ਨੂੰ ਨੇਪਰੇ ਚਾੜ੍ਹਣ ਲਈ ਪੰਜਾਬ ਸਰਕਾਰ ਨੇ ਕਰੋੜਾਂ ਰੁਪਏ ਖਰਚ ਕੇ ਪੰਜਾਬੀ ਭਾਸ਼ਾ ਵਿਭਾਗ, ਪੰਜਾਬ ਸਕੂਲ ਸਿਖਿਆ ਬੋਰਡ, ਪੰਜਾਬ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਆਦਿ ਵਿਭਾਗ ਸਥਾਪਤ ਕੀਤੇ ਹੋਏ ਨੇ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਵਿਚ ਵੀ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਇਕ ਵਿਸ਼ੇਸ਼ ਵਿਭਾਗ ਕਾਇਮ ਕੀਤਾ ਗਿਆ ਹੈ। ਇਹ ਸਾਰੇ ਬੋਰਡ ਅਤੇ ਵਿਭਾਗ ਅਜ ਤਕ ਕਾਫੀ ਪੰਜਾਬੀ ਪੁਸਤਕਾਂ ਪ੍ਰਕਾਸ਼ਤ ਕਰ ਚੁੱਕੇ ਨੇ।

ਇਹਨਾਂ ਸਾਰੇ ਬੋਰਡਾਂ ਅਤੇ ਵਿਭਾਗਾਂ ਨੂੰ ਸੌਂਪਿਆ ਕੰਮ ਇਕ ਬਹੁਤ ਵੱਡਾ ਕੰਮ ਹੈ। ਬੋਰਡਾਂ ਅਤੇ ਵਿਭਾਗਾਂ ਨੇ ਲੱਖਾਂ ਰੁਪਏ ਵੱਖ ਵੱਖ ਪੰਜਾਬੀ ਪੁਸਤਕਾਂ ਦੀ ਤਿਆਰੀ 'ਤੇ ਖਰਚੇ ਨੇ। ਅਜਿਹੀਆਂ ਪੁਸਤਕਾਂ ਤਿਆਰ ਕਰਨ ਜਾਂ ਕਰਵਾਉਣ ਸਮੇਂ ਇਹਨਾਂ ਬੋਰਡਾਂ ਅਤੇ ਵਿਭਾਗਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਪੁਸਤਕਾਂ ਵਿਚ ਲੁੜੀਂਦੇ ਵਿਦਿਅਕ ਪੱਧਰ ਨੂੰ ਕਾਇਮ ਰਖਣ ਵਲ ਪੂਰਾ ਧਿਆਨ ਦੇਂਦੇ ਹੋਣਗੇ ! ਅਜਿਹੇ ਮੰਤਵ ਦੀ ਪੂਰਤੀ ਲਈ ਵੱਖ ਵੱਖ ਵਿਸ਼ਿਆਂ ਦੇ ਮਾਹਿਰਾਂ ਨੂੰ ਇਸ ਕੰਮ ਵਿਚ ਹੱਥ ਵਟਾਉਣ ਲਈ ਸੱਦਾ ਵੀ ਦਿਤਾ ਗਿਆ ਹੋਵੇਗਾ। ਇਸਦੇ ਨਾਲ ਹੀ ਇਨ੍ਹਾਂ ਮਾਹਿਰਾਂ ਵਲੋਂ ਤਿਆਰ ਕੀਤੀਆਂ ਪੁਸਤਕਾਂ ਯੋਗ ਸੁਧਾਈ ਲਈ ਹੋਰਨਾਂ ਮਾਹਿਰਾਂ ਨੂੰ ਵੀ ਜ਼ਰੂਰ ਭੇਜੀਆਂ ਗਈਆਂ ਹੋਣਗੀਆਂ ਤਾਂ ਜੋ ਲੁੜੀਂਦਾ ਵਿਦਿਅਕ ਪੱਧਰ ਕਾਇਮ ਰਖਿਆ ਜਾ ਸਕੇ। ਇਹ ਲੋੜਾਂ ਕਿਥੋਂ ਤਕ ਪੂਰੀਆਂ ਹੋਈਆਂ ਨੇ—ਇਹ ਵੇਖਣ ਵਾਲਾ ਸਵਾਲ ਹੈ।

ਇਥੇ ਇਹਨਾਂ 'ਬੋਰਡਾਂ' ਅਤੇ 'ਵਿਭਾਗਾਂ' ਵਲੋਂ ਵੱਖ ਵੱਖ ਵਿਸ਼ਿਆਂ ਸਬੰਧੀ ਤਿਆਰ ਕੀਤੀਆਂ ਪੁਸਤਕਾਂ ਬਾਰੇ ਕੋਈ ਸਮੁੱਚੀ ਰਾਏ ਦੇਣੀ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਪਰ ਇਹਨਾਂ ਅਦਾਰਿਆਂ ਵਲੋਂ ਤਿਆਰ ਕੀਤੀਆਂ ਪੁਸਤਕਾਂ ਵਿਚੋਂ ਕੁਝ ਇਕ ਦੀ ਘੋਖ ਕਰਨੀ ਬੇਲੋੜੀ ਨਹੀਂ ਹੋਵੇਗੀ। ਪੰਜਾਬ ਸਕੂਲ ਸਿਖਿਆ ਬੋਰਡ ਦੇ ਵਿਦਿਅਕ ਵਿਉਂਤ-ਬੰਦੀ ਵਿਭਾਗ ਦਾ ਕੰਮ ਵੱਖ

ਵੱਖ ਵਿਸ਼ਿਆਂ ਨਾਲ ਸਬੰਧਤ ਪੰਜਾਬੀ ਪੁਸਤਕਾਂ ਤਿਆਰ ਕਰਨਾ ਅਤੇ ਕਰਵਾਉਣਾ ਹੈ। ਇਸ ਯੋਜਨਾ ਅਧੀਨ ਬੋਰਡ ਨੇ ਹਰ ਵਿਸ਼ੇ ਨਾਲ ਸਬੰਧਤ ਪਹਿਲੀ ਸ਼੍ਰੇਣੀ ਤੋਂ ਲੈ ਕੇ ਦਸਵੀਂ ਸ਼੍ਰੇਣੀ ਤਕ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ ਤਿਆਰ ਕਰਵਾਈਆਂ ਨੇ। ਬਾਕੀ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਦਾ ਵਿਸ਼ੇ ਅਤੇ ਬੋਲੀ ਦੇ ਪੱਖ ਤੋਂ ਮਿਆਰ ਕੀ ਹੋਵੇਗਾ, ਇਸ ਬਾਰੇ ਕੁਝ ਕਹਿਣਾ ਮੁਸ਼ਕਲ ਹੈ ਪਰ ਪੰਜਾਬੀ ਭਾਸ਼ਾ ਦੀਆਂ ਕੁਝ ਇਕ ਪੁਸਤਕਾਂ, ਜੋ ਮੇਰੇ ਹੱਥ ਲਗੀਆਂ ਨੇ, ਉਤੇ ਕਿੰਤੂ ਜ਼ਰੂਰ ਕੀਤਾ ਜਾ ਸਕਦਾ ਹੈ।

"ਸਾਹਿਤ ਦੇ ਅਧਿਐਨ ਦੇ ਵਿਭਾਗਾਂ ਦੇ ਨਾਲ. ਯੂਨੀਵਰਸਿਟੀਆਂ ਵਿਚ, ਭਾਸ਼ਾ ਦੇ ਅਧਿਐਨ ਦੇ ਵਿਭਾਗ ਵੀ ਹੋਣੇ ਚਾਹੀਦੇ ਹਨ।"

ਅਜ ਦਾ ਯੁਗ ਵਿਸ਼ੇਸ਼ ਨਿਪੁੰਨਤਾ ਦਾ ਯੁਗ ਹੈ। ਬੋਰਡ ਦੀਆਂ ਪੁਸਤਕਾਂ ਦੀ ਤਿਆਰੀ ਸਮੇਂ ਬੋਰਡ ਦੇ ਅਧਿਕਾਰੀਆਂ ਨੇ ਨਿਰਸੰਦੇਹ ਕਿਸੇ ਨਾ ਕਿਸੇ ਵਿਉਂਤ ਅਧੀਨ ਹੀ ਕੰਮ ਕੀਤਾ ਹੋਵੇਗਾ। ਇਹ ਬਿਲਕੁਲ ਨਹੀਂ ਹੋ ਸਕਦਾ ਕਿ ਇਹਨਾਂ ਪੁਸਤਕਾਂ ਦੀ ਤਿਆਰੀ ਦਾ ਪ੍ਰਬੰਧ ਕਿਸੇ ਕਾਹਲ ਥੱਲੇ ਰਾਤੋ ਰਾਤ ਹੀ ਕੀਤਾ ਗਿਆ ਹੋਵੇ। ਇਹ ਵੀ ਮੰਨਿਆ ਨਹੀਂ ਜਾ ਸਕਦਾ ਕਿ ਪੁਸਤਕਾਂ ਲਿਖਣ ਜਾਂ ਲਿਖਾਉਣ ਲਈ ਯੋਗ ਵਿਦਵਾਨਾਂ ਨਾਲ ਸੰਪਰਕ ਪੈਦਾ ਹੀ ਨਾ ਕੀਤਾ ਗਿਆ ਹੋਵੇ। ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਜਦੋਂ ਅਸੀਂ ਬੋਰਡ ਦੀਆਂ ਦੋ ਪੰਜਾਬੀ ਪੁਸਤਕਾਂ ਨੂੰ, ਜੋ ਸਤਵੀਂ ਅਤੇ ਅੱਠਵੀਂ ਸ਼੍ਰੇਣੀ ਲਈ ਨੀਯਤ ਕੀਤੀਆਂ ਗਈਆਂ ਨੇ, ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਹਾਂ ਪੁਸਤਕਾਂ ਵਿਚ ਸ਼ਾਮਲ ਕੀਤੇ ਪੈਂਤੀ ਪੈਂਤੀ ਪਾਠਾਂ ਵਿਚੋਂ ਦਸ ਦਸ ਪਾਠ ਇਕੋ ਹੀ ਲੇਖਕ ਦੇ ਲਿਖੇ ਹੋਏ ਨੇ। ਕਿਸੇ ਇਕ ਪੁਸਤਕ ਦੇ ਪੈਂਤੀ ਪਾਠਾਂ ਵਿਚੋਂ ਦਸ ਪਾਠ ਇਕ ਲੇਖਕ ਵਲੋਂ ਹੀ ਲਿਖੇ ਜਾਣ ਦਾ ਕੀ ਭਾਵ ਹੋ ਸਕਦਾ ਹੈ — ਇਸ ਦਾ ਅਰਥ ਪਾਠਕ ਆਪ ਸਮਝਣ ਦਾ ਯਤਨ ਕਰਨ। ਇਹਨਾਂ ਪੁਸਤਕਾਂ ਵਿਚ ਸ਼ਾਮਲ ਕੀਤੇ ਗਏ ਪਾਠਾਂ ਦੇ ਲਿਖਾਰੀਆਂ ਨੂੰ ਕਿਸ ਅਧਾਰ 'ਤੇ ਪਾਠ ਤਿਆਰ ਕਰਨ ਲਈ ਬੇਨਤੀ ਕੀਤੀ ਗਈ ਹੋਵੇਗੀ, ਇਹ ਬੋਰਡ ਦੇ ਅਧਿਕਾਰੀ ਹੀ ਦਸ ਸਕਦੇ ਨੇ। ਦੂਜੇ ਇਨ੍ਹਾਂ ਪੁਸਤਕਾਂ ਵਿਚ ਦਰਜ ਪਾਠਾਂ ਨੂੰ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਘੋਖਿਆਂ ਕੁਝ ਜ਼ਰੂਰੀ ਗੱਲਾਂ ਸਾਹਮਣੇ ਆਉਂਦੀਆਂ ਨੇ। ਮਾਤ-ਭਾਸ਼ਾ ਦੀ ਪੜ੍ਹਾਈ ਸਮੇਂ ਅਸੀਂ ਇਹ ਆਸ ਕਰਦੇ ਹਾਂ ਕਿ ਸੱਤਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਘੱਟੋ ਘੱਟ ਸਾਧਾਰਨ ਮਿਸ਼ਰਤ ਅਤੇ ਸੰਯੁਕਤ ਵਾਕ ਪੜ੍ਹ ਕੇ ਸਮਝਣ ਅਤੇ ਖੁਦ ਲਿਖਣ ਦੇ ਯੋਗ ਹੋਣੇ ਚਾਹੀਦੇ ਨੇ। ਪਰ ਇਹਨਾਂ ਦੋਹਾਂ ਪੁਸਤਕਾਂ ਵਿਚ ਬਹੁ-ਗਿਣਤੀ ਸਾਧਾਰਨ ਵਾਕਾਂ ਦੀ ਹੀ ਹੈ। ਕੋਈ ਮਿਸ਼ਰਤ ਵਾਕ ਤਾਂ ਸ਼ਾਇਦ ਹੀ ਵੇਖਣ ਨੂੰ ਮਿਲੇ। ਬਹੁਤੀ ਵਾਰ ਗੰਭੀਰ ਅਤੇ ਕਈ ਭਾਂਤ ਦੇ ਦਾਰਸ਼ਨਿਕ ਵਿਚਾਰ ਆਦਿ ਪ੍ਰਗਟਾਉਣ ਲਈ ਮਿਸ਼ਰਤ ਵਾਕਾਂ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ। ਅਜਿਹੇ ਵਾਕਾਂ ਦੀ ਅਨਹੋਂਦ ਦੇ ਕਈ ਕਾਰਨ ਹੋ ਸਕਦੇ ਨੇ। ਇਹ ਵੀ ਹੋ ਸਕਦਾ ਹੈ ਕਿ ਸਕੂਲ ਬੋਰਡ ਨੇ ਹੀ ਇਹਨਾਂ ਪੁਸਤਕਾਂ ਵਿਚ ਮਿਸ਼ਰਤ ਵਾਕ ਵਰਤਣ ਦੀ ਮਨਾਹੀ ਕੀਤੀ ਹੋਵੇ, ਜਾਂ ਫਿਰ ਲੇਖਕਾਂ ਨੇ ਆਪ ਹੀ ਸਲਾਹ ਨਾਲ ਅਜਿਹੀ ਸਮਾਨਤਾ ਲਿਆਂਦੀ ਹੋਵੇ।

ਇਨ੍ਹਾਂ ਪੁਸਤਕਾਂ ਵਿਚ ਸ਼ਾਮਲ ਪਾਠਾਂ ਦੇ ਅੰਤ 'ਤੇ ਵਿਦਿਆਰਥੀਆਂ ਨੂੰ ਜਿਸ ਭਾਂਤ ਦਾ ਵਿਆਕਰਨ ਸਬੰਧੀ ਗਿਆਨ ਦਿਤਾ ਗਿਆ ਹੈ ਉਸ ਬਾਰੇ ਦੋ ਸ਼ਬਦ ਲਿਖਣੇ ਅਜਾਈਂ ਨਹੀਂ ਜਾਣਗੇ। ਅੱਠਵੀ ਸ਼੍ਰੇਣੀ ਦੀ ਪੁਸਤਕ ਦੇ ਪੰਨਾ 45-46 ਉਤੇ ਲਿਖਿਆ ਹੈ, "ਕਿਸੇ ਵਾਕ ਵਿਚ



ਕਿਸੇ ਨਾਂਵ ਦਾ ਜੋ ਸਬੰਧ ਵਾਕ ਦੀ ਕਿਰਿਆ ਨਾਲ ਜਾਂ ਵਾਕ ਦੇ ਕਿਸੇ ਹੋਰ ਨਾਂਵ ਨਾਲ ਹੁੰਦਾ ਹੈ ਉਸ ਨੂੰ ਕਾਰਕ ਕਹਿੰਦੇ ਹਨ। ਜਾਂ ਇਉਂ ਕਹਿ ਲਵੋ ਕਿ ਕਿਸੇ ਵਾਕ ਵਿਚਲੇ ਨਾਵਾਂ ਦੇ ਆਪੋ ਵਿਚਲੇ ਸਬੰਧਾਂ ਨੂੰ ਕਾਰਕ ਕਹਿੰਦੇ ਨੇ। ਕਾਰਨ ਅੱਠ ਪ੍ਰਕਾਰ ਦੇ ਹੁੰਦੇ ਨੇ...। ਅਗੇ ਚਲ ਕੇ ਕਰਤਾ ਨੇ ਜੋ ਉਦਾਹਰਣ ਦਿਤੀ ਹੈ ਉਹ ਇਸ ਪ੍ਰਕਾਰ ਹੈ : "ਪਟਿਆਲੇ ਦੇ ਹਾਕਮਾਂ ਨੇ ਸ੍ਰੀ ਸੇਵਾ ਸਿੰਘ ਨੂੰ ਜੇਲ੍ਹ ਵਿਚ ਬਹੁਤ ਤਸੀਹੇ ਦਿਤੇ।" ਕਰਤਾ ਅਨੁਸਾਰ ਇਸ ਵਾਕ ਵਿਚ 'ਹਾਕਮਾਂ ਨੇ' ਕਰਤਾ ਕਾਰਕ, 'ਸ੍ਰੀ ਸੇਵਾ ਸਿੰਘ ਨੂੰ' ਕਰਮ ਕਾਰਕ, ਅਤੇ 'ਤਸੀਹੇ' ਕਰਨ ਕਾਰਕ ਹੈ। ਪੰਜਾਬੀ ਭਾਸ਼ਾ ਵਿਚ ਪੰਜਾਬੀ ਨਾਵਾਂ ਦੀ ਵੱਖ-ਵੱਖ ਬਣਤਰ ਨੂੰ ਮੁਖ ਰਖਦਿਆਂ ਹੋਇਆਂ ਛੇ ਪ੍ਰਕਾਰ ਦੇ ਕਾਰਕ ਸਥਾਪਤ ਕੀਤੇ ਗਏ ਨੇ। ਇਹ ਅੱਠ ਕਾਰਕ ਕਿਥੋਂ ਆਏ, ਇਸ ਬਾਰੇ ਕੁਝ ਕਹਿਣਾ ਕਠਨ ਹੈ।

ਇਸੇ ਪੁਸਤਕ ਦੇ ਦਸਵੇਂ ਪਾਠ ਦੇ ਅੰਤ ਵਿਚ ਲਿਖਿਆ ਹੋਇਆ ਹੈ ਕਿ, "ਸ਼ਬਦਾਂ ਦੇ ਜ਼ਨਾਨੇ-ਮਰਦਾਵੇਂ ਭੇਦ ਨੂੰ ਲਿੰਗ ਆਖਦੇ ਹਨ। ਮਰਦਾਵੇਂ ਬੋਲ ਦੇ ਸ਼ਬਦ ਪੁਲਿੰਗ ਅਤੇ ਜ਼ਨਾਨੇ ਬੋਲ ਦੇ ਸ਼ਬਦ ਇਸਤ੍ਰੀ-ਲਿੰਗ ਕਹਾਉਂਦੇ ਹਨ।"

"ਸਕੂਲ ਸਿਖਿਆ ਬੋਰਡ ਵਲੋਂ ਤਿਆਰ ਕਰਵਾਈਆਂ ਗਈਆਂ ਕਿਤਾਬਾਂ ਵਿਚ ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਦੀ ਥਾਂ ਉਪ-ਭਾਸ਼ਾਈ ਰੰਗ ਚਾੜ੍ਹਨ ਦਾ ਯਤਨ ਕੀਤਾ ਮਿਲਦਾ ਹੈ।"

ਪੰਜਾਬੀ ਵਿਚ ਸਾਰੀ ਸ਼ਬਦਾਵਲੀ ਦੀ ਵੰਡ ਜ਼ਨਾਨੇ ਅਤੇ ਮਰਦਾਵੇਂ ਭੇਦ ਦੇ ਆਧਾਰ 'ਤੇ ਨਹੀਂ ਕੀਤੀ ਜਾ ਸਕਦੀ। ਕਰਤਾ ਦਾ ਮਰਦਾਵੇਂ ਬੋਲ ਅਤੇ ਜ਼ਨਾਨੇ ਬੋਲ ਦੇ ਸ਼ਬਦਾਂ ਤੋਂ ਕੀ ਭਾਵ ਹੈ ? ਪੰਜਾਬੀ ਵਿਚ ਸਾਰੀਆਂ ਬੇਜਾਨ ਚੀਜ਼ਾਂ ਨੂੰ ਇਸਤ੍ਰੀ ਜਾਂ ਪੁਲਿੰਗ ਸ਼੍ਰੇਣੀ ਨਾਲ ਜੋੜਿਆ ਗਿਆ ਹੈ, ਜਦੋਂ ਕਿ ਇਹਨਾਂ ਵਿਚ ਮਰਦਾਵੇਂ ਅਤੇ ਜ਼ਨਾਨੇ ਭੇਦ ਵਾਲੀ ਕੋਈ ਗੱਲ ਹੀ ਨਹੀਂ ਹੁੰਦੀ।

ਸੱਤਵੀਂ ਸ਼੍ਰੇਣੀ ਲਈ ਨੀਯਤ ਪੁਸਤਕ ਦੇ ਪੰਨਾਂ 63 ਉਤੇ "ਸਾਨੂੰ ਉਨ੍ਹਾਂ ਬਾਰੇ ਕੋਈ ਪਤਾ ਨਹੀਂ" ਵਾਕ ਵਿਚ ਲਕੀਰੇ ਸ਼ਬਦ ਪੜਨਾਉਂ ਦਸੇ ਗਏ ਨੇ !! ਇਜ ਹੀ ਪੰਨਾ 90 ਉਤੇ ਇਹ ਵਾਕ, "ਇਹ ਦ੍ਰਿਸ਼ ਵੇਖ ਮੈਨੂੰ ਇੰਝ ਜਾਪਿਆ ਜਿਵੇਂ ਅਜੇ ਵੀ ਮੈਨੂੰ ਕੋਈ ਸੁਪਨਾ ਆ ਰਿਹਾ ਹੋਵੇ" ਦੇ ਕੇ ਪੁਛਿਆ ਗਿਆ ਹੈ ਕਿ 'ਦਸੋ ਲਕੀਰੇ ਸ਼ਬਦ ਕਿਹੜੇ ਕਿਰਿਆ ਵਿਸ਼ੇਸ਼ਣ ਹਨ।' ਇਹ ਲਕੀਰੇ ਸ਼ਬਦ ਕਿਰਿਆ ਵਿਸ਼ੇਸ਼ਨ ਹਨ ਵੀ ਕਿ ਨਹੀਂ—ਇਹ ਇਕ ਵੱਖਰੀ ਗੱਲ ਹੈ। ਇਹਨਾਂ ਪੁਸਤਕਾਂ ਨੂੰ ਸਰਸਰੀ ਨਜ਼ਰ ਨਾਲ ਵਾਚਿਆਂ ਇਹ ਸਾਰੀਆਂ ਗੱਲਾਂ ਸਾਡੇ ਸਾਹਮਣੇ ਆਈਆਂ ਨੇ। ਜੇ ਇਹਨਾਂ ਪੁਸਤਕਾਂ ਦਾ ਡੂੰਘਾਈ ਨਾਲ ਅਧਿਅਨ ਕੀਤਾ ਜਾਵੇ (ਜੋ ਕਿਸ ਹੋਰ ਲੇਖ ਵਿਚ ਕੀਤਾ ਜਾਵੇਗਾ) ਤਾਂ ਸਾਨੂੰ ਬਹੁਤ ਸਾਰੀਆਂ ਹੋਰ ਊਣਤਾਈਆਂ ਵੀ ਨਜ਼ਰ ਆਉਣਗੀਆਂ। ਇਹ ਪੁਸਤਕਾਂ ਪੰਜਾਬ ਵਿਚ ਲੱਖਾਂ ਵਿਦਿਆਰਥੀਆਂ ਨੇ ਪੜ੍ਹਨੀਆਂ ਨੇ।

ਅੱਠਵੀਂ ਸ਼੍ਰੇਣੀ ਦੀ ਪੁਸਤਕ ਵਿਚ ਦਰਜ ਲੇਖ "ਜਲੰਧਰ" ਵਿਚ ਵਰਤੇ ਗਏ ਕੁਝ ਵਾਕਾਂ ਦੀ ਬਣਤਰ ਵੇਖੋ : (1) "ਇਸ ਟਾਵਰ ਦਾ ਉਪਰਲਾ ਸਿਰਾ ਦੇਖਣ ਲਗਿਆਂ ਪਗ ਨੂੰ ਹੱਥ ਰਖਣਾ ਪੈਂਦਾ ਹੈ", (2) "ਇਥੋਂ ਦਾ ਬਣਿਆ ਹਾਕੀ, ਫੁਟਬਾਲ, ਵਾਲੀਵਾਲ, ਬੈਡਮਿੰਟਨ ਦੇ ਰੈਕਟ ਤੇ ਸ਼ਟਲ, ਬਾਸਕਿਟ ਬਾਲ ਆਦਿ ਸਾਮਾਨ ਜ਼ਿਆਦਾ ਕਰਕੇ ਇੰਗਲੈਂਡ, ਆਸਟ੍ਰੇਲੀਆ, ਸਿੰਘਾਪੁਰ ਤੇ ਹੋਰ ਦੇਸਾਂ ਨੂੰ ਜਾਂਦਾ ਹੈ।" ਇਹਨਾਂ ਵਾਕਾਂ ਨੂੰ ਪੜ੍ਹ ਕੇ ਪੰਜਾਬੀ ਭਾਸ਼ਾ ਦੀ ਬਣਤਰ ਤੋਂ ਜਾਣੂ ਹਰ

ਵਿਦਿਆਰਥੀ ਅਫਸੋਸ ਜ਼ਾਹਰ ਕਰੇਗਾ। ਇੰਜ ਹੀ ਇਸ ਪੁਸਤਕ ਦੇ ਸਫਾ 117 ਉਤੇ ਛਪੇ ਇਸ ਵਾਕ ਨੂੰ ਵੀ ਵੇਖੋ : ''ਇਹ ਸੁਣ ਕੇ ਸਾਰੀਆਂ ਤੀਵੀਆਂ ਏਨੀ ਉੱਚੀ ਹੱਸੀਆਂ ਕਿ ਮੋਢਿਆਂ ਵਿਚ ਸਿਰ ਦੇਈ ਬੈਠੇ, ਉਨੀਂਦਰੇ ਦੇ ਮਾਰੇ ਉਸ ਬੰਦੇ ਨੇ ਵੀ ਲਾਲ ਲਾਲ ਅੱਖਾਂ ਉਘੇੜ ਕੇ ਉਨ੍ਹਾਂ ਵਲ ਹੈਰਾਨੀ ਨਾਲ ਵੇਖਿਆ।'' ਬਹੁਤ ਵਾਰ ਅਸੀਂ ਪੰਜਾਬੀ ਵਿਸਰਾਮ ਚਿਨ੍ਹਾਂ ਦੀ ਵਰਤੋਂ ਅੰਗਰੇਜ਼ੀ ਦੀ ਨਕਲੇ ਕਰਦੇ ਹਾਂ। ਅਤੇ ਕਈ ਵਾਰ ਅਜਿਹੀ ਵਰਤੋਂ ਵਾਕ ਦਾ ਹੁਲੀਆ ਹੀ ਬਦਲ ਦਿੰਦੀ ਹੈ। ਉਪਰੋਕਤ ਵਾਕ ਵਿਚ ਬੈਠੇ ਤੋਂ ਬਾਅਦ 'ਕਾਮਾ' ਕਿਸ ਆਧਾਰ 'ਤੇ ਲਾਇਆ ਗਿਆ ਹੈ, ਇਹ ਸਮਝਣਾ ਮੁਸ਼ਕਲ ਹੈ। ਇਹ ਹਾਲ ਹੈ ਬੋਰਡਾਂ ਵਲੋਂ ਤਿਆਰ ਕਰਵਾਈਆਂ ਗਈਆਂ ਪੁਸਤਕਾਂ ਦਾ। ਲੇਖਕਾਂ ਨੇ ਜਿਸ ਅਣਗਹਿਲੀ ਤੋਂ ਕੰਮ ਲਿਆ ਹੈ ਉਹ ਸਾਹਮਣੇ ਹੈ ਹੀ ਪਰ 'ਵੈਟਰ' ਕਿਉਂ ਅੱਖਾਂ ਮੀਟੀ ਬੈਠੇ ਰਹੇ ? ਇਹ ਵੀ ਪਤਾ ਲਗਿਆ ਹੈ ਕਿ ਕਈ ਵਾਰ ਪੁਸਤਕਾਂ ਦੇ ਲੇਖਕ ਹੀ 'ਵੈਟਰ' ਲਾ ਦਿਤੇ ਜਾਂਦੇ ਨੇ।

## "ਵਧੇਰੇ ਲੋੜ ਪੰਜਾਬੀ ਭਾਸ਼ਾ ਸਬਧੀ ਖੋਜ ਕਰਨ ਤੇ ਕਰਵਾਉਣ ਦੀ ਹੈ।"

ਇਹ ਸਾਰਾ ਕੁਝ ਵੇਖ ਕੇ ਇੰਜ ਜਾਪਦਾ ਹੈ ਕਿ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਜਾਂ ਤਾਂ ਇਨ੍ਹਾਂ ਪੁਸਤਕਾਂ ਵਿਚ ਅੰਕਤ ਅਜਿਹੀਆਂ ਊਣਤਾਈਆਂ ਵਲ ਧਿਆਨ ਹੀ ਨਹੀਂ ਦਿਤਾ ਅਤੇ ਜਾਂ ਉਨ੍ਹਾਂ ਨੇ ਇਨ੍ਹਾਂ ਊਣਤਾਈਆਂ ਨੂੰ ਊਣਤਾਈਆਂ ਸਮਝਿਆ ਹੀ ਨਹੀਂ। ਇਹ ਵੀ ਹੋ ਸਕਦਾ ਹੈ ਕਿ ਕੁਝ ਅਧਿਆਪਕਾਂ ਨੇ ਅਜਿਹੀਆਂ ਊਣਤਾਈਆਂ ਵਲ ਬੋਰਡ ਦੇ ਅਧਿ-ਕਾਰੀਆਂ ਦਾ ਧਿਆਨ ਦੁਆਇਆ ਵੀ ਹੋਵੇ ਪਰ ਅਧਿਕਾਰੀਆਂ ਨੇ ਹੀ ਇਸ ਵਲ ਕੋਈ ਧਿਆਨ ਨਾ ਦਿਤਾ ਹੋਵੇ। ਸਹੀ ਗੱਲ ਕੀ ਸੀ ਇਹ ਰੱਬ ਹੀ ਜਾਣਦਾ ਹੈ।

ਪਰ ਇਥੇ ਇਹ ਸਵਾਲ ਉਠਦਾ ਹੈ ਕਿ ਇਹ ਸਾਰਾ ਕੁਝ ਕਿਵੇਂ ਅਤੇ ਕਿਉਂ ਹੋਇਆ ? ਜੇ ਇਹ ਮੰਨ ਲਿਆ ਜਾਵੇ ਕਿ ਪੰਜਾਬੀ ਅਧਿਆਪਕ ਹੀ ਉਪਰ ਦਸੀਆਂ ਤਰੁਟੀਆਂ ਨੂੰ ਪਛਾਣ ਨਹੀਂ ਸਕੇ ਤਾਂ ਸਾਨੂੰ ਉਨ੍ਹਾਂ ਦੀ ਇਸ ਕਮਜ਼ੋਰੀ ਦੇ ਕਾਰਨ ਲੱਭਣ ਦੀ ਖੇਚਲ ਕਰਨੀ ਚਾਹੀਦੀ ਹੈ। ਸਾਡੇ ਸਕੂਲਾਂ ਵਿਚ ਪੜ੍ਹਾ ਰਹੇ ਬਹੁਤ ਸਾਰੇ ਪੰਜਾਬੀ ਦੇ ਅਧਿਆਪਕ ਜਾਂ ਤਾਂ ਗਿਆਨੀ ਓ.ਟੀ. ਪਾਸ ਹੁੰਦੇ ਹਨ ਤੇ ਜਾਂ ਫਿਰ ਓਨ੍ਹਾਂ ਐਮ.ਏ. (ਪੰਜਾਬੀ) ਕੀਤੀ ਹੋਈ ਹੁੰਦੀ ਹੈ। ਇਹਨਾਂ ਦੋਹਾਂ ਕੋਰਸਾਂ ਵਿਚ ਪੰਜਾਬੀ ਸਾਹਿਤ ਹੀ ਪੜ੍ਹਾਇਆ ਜਾਂਦਾ ਹੈ, ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਕੁਝ ਨਹੀਂ ਦਸਿਆ ਜਾਂਦਾ। ਮੋਟੇ ਤੌਰ 'ਤੇ ਕਿਸੇ ਵੀ ਭਾਸ਼ਾ ਦਾ ਅਧਿਐਨ ਦੋ ਢੰਗਾਂ ਨਾਲ ਕੀਤਾ ਜਾਂਦਾ ਹੈ। ਇਕ ਤਾਂ ਉਸ ਭਾਸ਼ਾ ਵਿਚ ਰਚੇ ਗਏ ਸਾਹਿਤ ਦਾ ਅਧਿਐਨ ਕੀਤਾ ਜਾਂਦਾ ਹੈ ਅਤੇ ਦੂਜੇ ਉਸ ਭਾਸ਼ਾ ਦੀ ਬਣਤਰ, ਉਸਦੇ ਰੂਪ ਜਾਂ ਉਸਦੇ ਢਾਂਚੇ ਦਾ ਵਿਆਕਰਨਕ ਪੱਖ ਤੋਂ ਵਿਸ਼ਲੇਸ਼ਨ ਕੀਤਾ ਜਾਂਦਾ ਹੈ। ਇਹ ਦੋਵੇਂ ਪੱਖ ਇਕ ਦੂਜੇ ਦੇ ਬਹੁਤ ਨੇੜੇ ਹੁੰਦੇ ਹੋਏ ਵੀ ਇਕ ਦੂਜੇ ਤੋਂ ਵਖਰੇ ਨੇ।

ਸੰਸਾਰ ਦੇ ਸਾਰੇ ਉੱਨਤ ਦੇਸ਼ਾਂ ਵਿਚ ਭਾਸ਼ਾ ਦੀ ਪੜ੍ਹਾਈ ਲਈ ਉਥੋਂ ਦੇ ਵਿਸ਼ਵ-ਵਿਦਿਆਲਿਆਂ ਵਿਚ ਭਾਸ਼ਾਵਾਂ ਸਬੰਧੀ ਦੋ ਵਿਭਾਗ ਕਾਇਮ ਕੀਤੇ ਗਏ ਨੇ—ਸਾਹਿਤ ਦੇ ਅਧਿਐਨ ਦੇ ਵਿਭਾਗ ਅਤੇ ਭਾਸ਼ਾ ਦੇ ਅਧਿਐਨ ਦੇ ਵਿਭਾਗ। ਬਦਕਿਸਮਤੀ ਨਾਲ ਸਾਡੇ ਵਿਸ਼ਵ ਵਿਦਿਆਲਿਆਂ ਵਿਚ ਇਸ ਭਾਂਤ ਦੀ ਵੰਡ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਗਈ। ਇਥੇ ਇਹ ਸਮਝ ਲਿਆ ਜਾਂਦਾ ਹੈ ਕਿ ਜਦੋਂ ਕੋਈ ਵਿਦਿਆਰਥੀ ਕਿਸੇ ਭਾਸ਼ਾ ਦੇ ਸਾਹਿਤ ਦਾ ਅਧਿਐਨ ਕਰਦਾ ਹੈ ਤਾਂ ਉਸ ਨੂੰ ਭਾਸ਼ਾ



ਦੇ ਰੂਪ, ਉਸਦੀ ਬਣਤਰ ਜਾਂ ਉਸਦੇ ਢਾਂਚੇ ਦਾ ਯੋਗ ਗਿਆਨ ਆਪਣੇ ਆਪ ਹੋ ਜਾਂਦਾ ਹੈ। ਇਹੋ ਕਾਰਨ ਹੈ ਕਿ ਜਦੋਂ ਕੋਈ ਵਿਦਿਆਰਥੀ ਸਾਡੇ ਵਿਸ਼ਵ-ਵਿਦਿਆਲਿਆਂ ਵਿਚੋਂ ਕਿਸੇ ਭਾਸ਼ਾ ਦੀ ਐਮ ਏ. ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਉਸ ਭਾਸ਼ਾ ਵਿਚ ਰਚੇ ਗਏ ਸਾਹਿਤ ਦੇ ਨਾਲ (ਜਿਸ ਦਾ ਕਿ ਉਸ ਨੇ ਅਧਿਐਨ ਕੀਤਾ ਹੁੰਦਾ ਹੈ) ਉਸ ਦੇ ਭਾਸ਼ਾਈ ਪੱਖ ਦਾ ਵੀ ਮਾਹਿਰ ਸਮਝ ਲਿਆ ਜਾਂਦਾ ਹੈ। ਜਾਂ ਇਉਂ ਕਹਿ ਲਵੋ ਕਿ ਉਸ ਭਾਸ਼ਾ ਦੇ ਸਾਹਿਤ ਦੇ ਅਧਿਐਨ ਨੂੰ ਹੀ ਉਸ ਭਾਸ਼ਾ ਦੀ ਬਣਤਰ ਜਾਂ ਢਾਂਚੇ ਦਾ ਅਧਿਐਨ ਵੀ ਮੰਨ ਲਿਆ ਜਾਂਦਾ ਹੈ। ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕਿਸੇ ਭਾਸ਼ਾ ਦੇ ਸਾਹਿਤ ਤੋਂ ਭਲੀ ਭਾਂਤ ਜਾਣੂ ਹੋਣਾ ਉਸ ਭਾਸ਼ਾ ਦੇ ਰੂਪ, ਉਸਦੀ ਬਣਤਰ ਜਾਂ ਉਸਦੇ ਢਾਂਚੇ ਤੋਂ ਭਲੀ ਭਾਂਤ ਜਾਣੂ ਹੋਣ ਦੀ ਜ਼ਮਾਨਤ ਨਹੀਂ। ਭਾਸ਼ਾ ਦੇ ਰੂਪ ਦੇ ਅਧਿਐਨ ਲਈ ਇਕ ਖਾਸ ਭਾਂਤ ਦੀਆਂ ਵਿਧੀਆਂ ਤੋਂ ਜਾਣੂ ਹੋਣਾ ਜ਼ਰੂਰੀ ਹੀ ਨਹੀਂ ਸਗੋਂ ਉਨ੍ਹਾਂ ਤੋਂ ਬਿਨਾਂ ਭਾਸ਼ਾ ਦੀ ਬਣਤਰ ਨੂੰ ਸੁਚੇਤ ਤੌਰ 'ਤੇ ਸਮਝਿਆ ਹੀ ਨਹੀਂ ਜਾ ਸਕਦਾ। ਪਰ ਪੰਜਾਬ ਦੇ ਵਿਸ਼ਵ-ਵਿਦਿਆਲਿਆਂ ਦੇ ਵੱਖ ਵੱਖ ਪੰਜਾਬੀ ਵਿਭਾਗਾਂ ਵਿਚ ਜਿਸ ਸਲੇਬਸ ਨੂੰ ਮੁਖ ਰਖ ਕੇ ਪੰਜਾਬੀ ਪੜ੍ਹਾਈ ਜਾਂਦੀ ਹੈ ਉਸ ਤੋਂ ਇਹ ਸਿੱਧ ਹੁੰਦਾ ਹੈ ਕਿ ਪਚਾਨਵੇ ਫੀ ਸਦੀ ਜ਼ੋਰ ਸਾਹਿਤ ਦੇ ਅਧਿਐਨ 'ਤੇ ਹੀ ਦਿਤਾ ਜਾਂਦਾ ਹੈ ਅਤੇ ਪੰਜ ਕੁ ਫੀ ਸਦੀ ਪੰਜਾਬੀ ਦੀ ਬਣਤਰ ਬਾਰੇ ਵਾਕਫੀਅਤ ਦਿਤੀ ਜਾਂਦੀ ਹੈ। ਇਹੋ ਕਾਰਨ ਹੈ ਕਿ ਸਾਡੇ ਸਕੂਲਾਂ ਵਿਚ ਪੜ੍ਹਾ ਰਹੇ ਸਾਡੇ ਪੰਜਾਬੀ ਦੇ ਅਧਿਆਪਕ ਸਾਡੇ ਵਿਸ਼ਵ-ਵਿਦਿਆਲਿਆਂ ਤੋਂ ਪੰਜਾਬੀ ਦੀ ਐਮ.ਏ. ਪਾਸ ਕਰ ਕੇ ਵੀ ਇਨ੍ਹਾਂ ਪੁਸਤਕਾਂ ਵਿਚੋਂ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਊਣਤਾਈਆਂ ਨਹੀਂ ਵੇਖ ਸਕੇ। ਪੰਜਾਬੀ ਦੀਆ ਅਜਿਹੀਆਂ ਸਾਰੀਆਂ ਪੁਸਤਕਾਂ ਦੀ ਜਿਹਨਾਂ ਵਿਚ ਭਾਸ਼ਾਈ ਊਣਤਾਈਆਂ ਵੇਖਣ ਵਿਚ ਆਉਂਦੀਆਂ ਨੇ, ਸੁਧਾਈ ਕਰਵਾਉਣੀ ਬਹੁਤ ਜ਼ਰੂਰੀ ਹੈ। ਅਜਿਹੀ ਸੁਧਾਈ ਇਕ ਦਮ ਨਹੀਂ ਹੋ ਸਕਦੀ। ਇਸ ਲਈ ਜਿਹੜੇ ਅਧਿਆਪਕ ਅਜ ਕਲ ਸਾਡੇ ਸਕੂਲਾਂ ਵਿਚ ਪੰਜਾਬੀ ਪੜ੍ਹਾ ਰਹੇ ਨੇ ਅਤੇ ਜਿਹਨਾਂ ਨੇ ਆਪਣੇ ਪੜ੍ਹਾਈ ਸਮੇਂ ਭਾਸ਼ਾ ਵਿਗਿਆਨ ਨਹੀਂ ਪੜ੍ਹਿਆ, ਉਨ੍ਹਾਂ ਦੀ ਸਹਾਇਤਾ ਲਈ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਥੋੜੇ ਸਮੇਂ ਦੇ ਕੋਰਸ ਚਲਾਉਣੇ ਚਾਹੀਦੇ ਹਨ ਤਾਂ ਜੋ ਅਜਿਹੀਆਂ ਗਲਤੀਆਂ ਦੀ ਸੁਧਾਈ ਉਹ ਆਪਣੇ ਆਪ ਕਰ ਸਕਣ। ਅਜਿਹਾ ਇੰਤਜ਼ਾਮ ਬੋਰਡ ਅਤੇ ਹੋਰ ਸਰਕਾਰੀ ਅਦਾਰੇ ਹੀ ਕਰ ਸਕਦੇ ਨੇ। ਇਸ ਦੇ ਨਾਲ ਹੀ ਬੀ.ਏ. ਅਤੇ ਐਮ.ਏ ਦੇ ਕੋਰਸਾਂ ਵਿਚ ਪੰਜਾਬੀ ਭਾਸ਼ਾ ਵਿਗਿਆਨ ਨੂੰ ਯੋਗ ਸਥਾਨ ਦੇਣਾ ਚਾਹੀਦਾ ਹੈ। ਭਾਸ਼ਾ ਵਿਗਿਆਨ ਪੜ੍ਹਾਉਣ ਲਈ ਯੋਗ ਭਾਸ਼ਾ-ਵਿਗਿਆਨੀ ਦੀ ਹੀ ਨਿਯੁਕਤੀ ਕਰਨੀ ਚਾਹੀਦੀ ਹੈ।

ਭਾਸ਼ਾ ਦਾ ਟਕਸਾਲੀ ਰੂਪ, ਜੋ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਪੁਸਤਕਾਂ, ਸਮਾਚਾਰ ਪਤਰਾਂ, ਰੇਡੀਓ ਅਤੇ ਟੈਲੀਵੀਯਨ ਆਦਿ ਰਾਹੀਂ ਉਭਰ ਕੇ ਸਾਹਮਣੇ ਆਉਂਦਾ ਹੈ। ਇਹ ਰੂਪ ਸਬੰਧਤ ਰੂਪਾਂ ਦੇ ਗਠਨ ਦਾ ਕੰਮ ਵੀ ਕਰਦਾ ਹੈ ਅਤੇ ਕਿਸੇ ਵੀ ਭਾਸ਼ਾਈ ਹਵਾਲੇ ਲਈ ਕੇਂਦਰ ਬਿੰਦੂ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਇਸ ਟਕਸਾਲੀ ਰੂਪ ਦੀ ਗਠਨ-ਮੁਕਤੀ ਹੀ ਵੱਖ-ਵੱਖ ਉਪ-ਭਾਸ਼ਾਈ ਇਲਾਕਿਆਂ ਦੇ ਵਕਤਿਆਂ ਨੂੰ ਇਕ ਭਾਸ਼ਾਈ ਬਰਾਦਰੀ ਦਾ ਰੂਪ ਦਿੰਦੀ ਹੈ। ਦੂਜੇ ਪਾਸੇ ਟਕਸਾਲੀ ਰੂਪ ਨੂੰ ਆਧਾਰ ਮੰਨ ਕੇ ਹੀ ਵੱਖ ਵੱਖ ਸਮਾਜਿਕ ਸਥਿਤੀਆਂ ਵਿਚ ਵੱਖ ਵੱਖ ਭਾਸ਼ਾਈ ਰੂਪਾਂ ਦੀ ਸ਼ੁਧਤਾ ਜਾਂ ਅਸ਼ੁਧਤਾ ਦਾ ਅੰਦਾਜ਼ਾ ਲਾਇਆ ਜਾਂਦਾ ਹੈ। ਪੰਜਾਬੀ ਭਾਸ਼ਾ ਦਾ ਟਕਸਾਲੀ ਰੂਪ ਸਾਹਮਣੇ ਆ ਚੁਕਿਆ ਹੈ। ਪਰ ਇਨ੍ਹਾਂ ਪੁਤਕਾਂ ਵਿਚ ਟਕਸਾਲੀ ਰੂਪ ਦੀ ਥਾਂ ਉਪ-ਭਾਸ਼ਾਈ ਰੰਗ ਚਾੜ੍ਹਨ ਦਾ ਯਤਨ ਕੀਤਾ ਮਿਲਦਾ ਹੈ।

ਸਰਕਾਰੀ ਦਫਤਰਾਂ ਅਤੇ ਸਿਖਿਆ ਕੇਂਦਰਾਂ ਵਿਚ ਪੰਜਾਬੀ ਦੀ ਵਰਤੋਂ ਲਈ ਲੁੜੀਂਦੀ ਪਰਬੰਧਕੀ ਅਤੇ ਤਕਨੀਕੀ ਸ਼ਬਦਾਵਲੀ ਦੀ ਲੋੜ ਹੈ। ਭਾਵੇਂ ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ ਨੇ ਅਜਿਹੀ ਸ਼ਬਦਾਵਲੀ ਤਿਆਰ ਵੀ ਕੀਤੀ ਹੈ ਪਰ ਤਾਂ ਵੀ ਹਾਲੀ ਬਹੁਤ ਕੁਝ ਕਰਨਾ ਬਾਕੀ ਹੈ। ਜਿਥੋਂ ਤਕ ਹੋ ਸਕੇ ਪ੍ਰਚਲਤ ਅੰਗਰੇਜ਼ੀ ਤਕਨੀਕੀ ਸ਼ਬਦਾਵਲੀ ਹੀ ਅਪਣਾ ਲੈਣੀ ਲਾਹੇਵੰਦ ਹੈ। ਬਾਕੀ ਰਹਿ ਗਏ ਪਾੜੇ ਨੂੰ ਭਰਨ ਲਈ ਲੁੜੀਂਦੀ ਸ਼ਬਦਾਵਲੀ ਸੰਸਕ੍ਰਿਤ ਤੋਂ ਮਿਲ ਸਕਦੀ ਹੈ। ਪੰਜਾਬੀ ਨੇ ਅਜ ਤਕ ਦਾਰਸ਼ਨਿਕ, ਧਰਮਿਕ ਅਤੇ ਬੋਧਕ ਖੇਤਰ ਵਿਚ ਵਧੇਰੇ ਸ਼ਬਦਾਵਲੀ ਸੰਸਕ੍ਰਿਤ ਤੋਂ ਹੀ ਲਈ ਹੈ। ਕੁਝ ਲੁੜੀਂਦੀ ਸ਼ਬਦਾਵਲੀ ਸਾਡੇ ਲੋਕ-ਸਾਹਿਤ ਵਿਚੋਂ ਵੀ ਮਿਲ ਸਕਦੀ ਹੈ। ਅਨਪੜ੍ਹ ਅਤੇ ਪੜ੍ਹੇ ਲਿਖੇ ਲੋਕਾਂ ਦੀ ਬੋਲੀ ਵਿਚ ਸੰਪਰਕ ਪੈਦਾ ਕਰਨ ਲਈ ਬਹੁਤ ਸਾਰੀ ਤਕਨੀਕੀ ਸ਼ਬਦਾਵਲੀ ਵੱਖ ਵੱਖ ਸਾਧਨਾਂ, ਜਿਵੇਂ ਕਿ ਰੇਡੀਓ, ਟੈਲੀਵੀਜਨ ਅਤੇ ਸਮਾਚਾਰ ਪੱਤਰਾਂ ਆਦਿ ਰਾਹੀਂ ਆਮ ਲੋਕਾਂ ਦੀ ਬੋਲੀ ਵਿਚ ਦਾਖਲ ਕਰਨ ਦੀ ਬਹੁਤ ਵੱਡੀ ਲੋੜ ਹੈ।

ਭਾਰਤ ਵਰਗੇ ਗਰੀਬ ਦੇਸ਼ ਵਿਚ ਸਾਡੇ ਵਿਸ਼ਵ-ਵਿਦਿਆਲਿਆ ਦੀ ਵਿਸ਼ੇਸ਼ ਜ਼ੁਮੇਵਾਰੀ ਇਸ ਦੇਸ਼ ਦੀ ਸਰਵਪੱਖੀ ਉੱਨਤੀ ਵਿਚ ਹਿੱਸਾ ਪਾਉਣਾ ਹੈ। ਇੰਜ ਹੀ ਪੰਜਾਬ ਦੇ ਵਿਸ਼ਵ-ਵਿਦਿਆਲਿਆਂ ਨੇ ਹੋਰ ਇਲਾਕਾਈ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਇਕ ਵਿਸ਼ੇਸ਼ ਜ਼ੁਮੇਵਾਰੀ ਨਿਭਾਉਣੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਦੇ ਵੱਖ ਵੱਖ ਪੱਖਾਂ ਬਾਰੇ ਖੋਜ ਕਰਨੀ ਅਤਿ ਜ਼ਰੂਰੀ ਹੈ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਨਾਲ ਸਬੰਧਤ ਵੱਖ ਵੱਖ ਕੋਰਸ ਤਿਆਰ ਕਰਨੇ ਇਸੇ ਜ਼ੁਮੇਵਾਰੀ ਦਾ ਇਕ ਹਿੱਸਾ ਨੇ। ਇਸ ਮੰਤਵ ਦੀ ਪੂਰਤੀ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਸਥਾਪਤ ਸਾਰੇ ਪੰਜਾਬੀ ਵਿਭਾਗ ਅਤੇ ਕੁਝ ਹੋਰ ਸਬੰਧਤ ਵਿਭਾਗ ਜਿਵੇਂ ਕਿ ਪੰਜਾਬੀ ਲਿਟਰੇਰੀ ਸੱਟਡੀਜ਼ ਅਤੇ ਪੰਜਾਬੀ ਵਿਕਾਸ ਵਿਭਾਗ, ਪਟਿਆਲਾ, ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦਾ 'ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਸਬੰਧਤ ਵਿਭਾਗ', ਅਤੇ ਚੰਡੀਗੜ੍ਹ ਵਿਚ ਕੰਮ ਕਰ ਰਿਹਾ ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ ਵਿਭਾਗ ਖਾਸ ਹਿੱਸਾ ਪਾ ਸਕਦੇ ਨੇ। ਪਰ ਇਹਨਾਂ ਸਾਰੇ ਵਿਭਾਗਾਂ ਦਾ ਦੁਖਾਂਤ ਇਹ ਹੈ ਕਿ ਇਹ ਸਾਰੇ ਦੇ ਸਾਰੇ ਪੰਜਾਬੀ ਸਾਹਿਤ ਦੇ ਅਧਿਐਨ 'ਤੇ ਹੀ ਜ਼ੋਰ ਦਿੰਦੇ ਨੇ। ਸਾਰੇ ਪੰਜਾਬੀ ਵਿਭਾਗਾਂ ਵਿਚ ਸਮੁਚੇ ਤੌਰ 'ਤੇ 'ਪੰਜਾਬੀ ਭਾਸ਼ਾ ਦੀ ਬਣਤਰ' ਨਾਲ ਸਬੰਧਤ ਇਕ ਪਰਚਾ ਵੀ ਨਹੀਂ ਪੜ੍ਹਾਇਆ ਜਾਂਦਾ। ਇਹਨਾਂ ਸਾਰੇ ਵਿਭਾਗਾਂ ਵਿਚ ਅਜ ਤਕ ਕਰਵਾਈ ਗਈ ਸਾਰੀ ਖੋਜ ਵਿਚੋਂ 'ਪੰਜਾਬੀ ਭਾਸ਼ਾ ਦੀ ਬਣਤਰ' ਨਾਲ ਸਬੰਧਤ ਖੋਜ ਪੰਜ ਫੀ ਸਦੀ ਤੋਂ ਵੱਧ ਨਹੀਂ ਹੋ ਸਕਦੀ। ਸਾਹਿਤ ਨਾਲ ਸਬੰਧਤ ਖੋਜ ਇੰਨੀ ਪਰਧਾਨ ਹੋ ਗਈ ਹੈ ਕਿ ਪੰਜਾਬੀ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਟੀ, ਪਟਿਆਲਾ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਂ ਥੱਲੇ ਸਾਲ ਵਿਚ ਜੋ ਦੋ ਚਾਰ ਸੈਮੀਨਾਰ ਕਰਵਾਉਂਦਾ ਹੈ ਉਹ ਵੀ ਪੰਜਾਬੀ ਸਾਹਿਤ ਨਾਲ ਹੀ ਸਬੰਧਤ ਹੁੰਦੇ ਨੇ ਅਤੇ ਸ਼ਾਇਦ ਹੀ ਅਜ ਤਕ ਕੋਈ ਸੈਮੀਨਾਰ ਨਿਰੋਲ ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਕਰਵਾਇਆ ਹੋਵੇ ਜਾਂ ਕਰਾਉਣ ਦਾ ਇਰਾਦਾ ਵੀ ਰਖਦਾ ਹੋਵੇ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਸਰਕਾਰੀ ਪ੍ਰਬੰਧ ਅਤੇ ਸਿਖਿਆ ਦੇ ਖੇਤਰ ਵਿਚ ਲਾਗੂ ਕਰਨ ਲਈ ਜਿਸ ਚੀਜ਼ ਦੀ ਲੋੜ ਹੈ ਉਹ ਨਿਰੋਲ ਪੰਜਾਬੀ ਸਾਹਿਤ ਰਚਨ ਜਾਂ ਸਾਹਿਤਕ ਖੋਜ ਨਾਲ ਪੂਰੀ ਨਹੀਂ ਹੋ ਸਕਦੀ। ਵਧੇਰੇ ਲੋੜ ਪੰਜਾਬੀ ਭਾਸ਼ਾ ਸਬੰਧੀ ਖੋਜ ਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਭਾਸ਼ਾ ਵਿਗਿਆਨ ਵਿਭਾਗ ਦੀ ਸਥਾਪਨਾ ਸ਼ਾਇਦ ਮੁਖ ਰੂਪ ਵਿਚ ਪੰਜਾਬੀ ਭਾਸ਼ਾ ਸਬੰਧੀ ਖੋਜ ਕਰਨ ਲਈ ਹੀ ਕੀਤੀ ਗਈ ਸੀ। ਪਰ ਜਾਪਦਾ ਹੈ ਕਿ ਇਹ ਵਿਭਾਗ



ਵੀ ਆਪਣੀ ਜ਼ੁਮੇਵਾਰੀ ਨਿਭਾਹੁਣ ਵਿਚ ਅਸਫ਼ਲ ਰਿਹਾ ਹੈ।

ਪੰਜਾਬ ਸਰਕਾਰ ਪੰਜਾਬੀਆਂ ਦੇ ਖ਼ੂਨ ਪਸੀਨੇ ਦੀ ਕਮਾਈ ਵਿਚੋਂ ਕਰੋੜਾਂ ਰੁਪਏ ਪੰਜਾਬੀ ਭਾਸ਼ਾ ਦੀ ਉੱਨਤੀ ਦੇ ਨਾਂ ਥੱਲੇ ਇਨ੍ਹਾਂ ਬੋਰਡਾਂ ਅਤੇ ਯੂਨੀਵਰਸਿਟੀਆਂ ਵਿਚ ਖਰਚ ਕਰ ਰਹੀ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਸਮੇਂ ਸਮੇਂ ਇਨ੍ਹਾਂ ਬੋਰਡਾਂ ਅਤੇ 'ਪੰਜਾਬੀ ਭਾਸ਼ਾ ਦੀ ਉਨਤੀ' ਨਾਲ ਸਬੰਧਤ ਹੋਰ ਵਿਭਾਗਾਂ ਦੇ ਕੰਮ ਕਾਜ ਦੀ ਜੋਖ ਪਰਖ ਲਈ ਭਾਸ਼ਾ ਵਿਗਿਆਨੀਆਂ 'ਤੇ ਆਧਾਰਤ ਕਮੇਟੀਆਂ ਕਾਇਮ ਕੀਤੀਆਂ ਜਾਣ। ਅਜਿਹੀਆਂ ਕਮੇਟੀਆਂ ਵਲੋਂ ਦਿਤੇ ਗਏ ਸੁਝਾਵਾਂ ਦੀ ਰੌਸ਼ਨੀ ਵਿਚ ਅਗਾਂਹ ਕਦਮ ਪੁਟਣੇ ਚਾਹੀਦੇ ਨੇ। ਪਿਛੇ ਜਿਹੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਸ ਵਿਸ਼ਵ-ਵਿਦਿਆਲੇ ਵਿਚ ਪੰਜਾਬੀ ਭਾਸ਼ਾ ਦੀ ਉਨਤੀ ਲਈ ਖਰਚੇ ਜਾ ਰਹੇ ਪੈਸੇ ਨਾਲ ਚਲ ਰਹੇ ਵਿਭਾਗਾਂ ਦੇ ਕੰਮ ਕਾਜ ਦੀ ਪੜਤਾਲ ਲਈ ਇਕ ਕਮੇਟੀ ਡਾਕਟਰ ਐਮ.ਐਸ. ਰੰਧਾਵਾ

> **"ਰੰਧਾਵਾ ਕਮੇਟੀ ਦੀ ਰਿਪੋਰਟ ਕੂੜੇ ਦੀ ਟੋਕਰੀ ਵਿਚ ਸੁੱਟ ਦਿਤੀ ਗਈ ਹੈ।"**

ਦੀ ਪ੍ਰਧਾਨਗੀ ਹੇਠ ਨਿਯੁਕਤ ਕੀਤੀ ਗਈ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਸਬੰਧਤ ਵਿਭਾਗਾਂ ਦੀਆਂ ਬਹੁਤ ਸਾਰੀਆਂ ਊਣਤਾਈਆਂ ਅਤੇ ਫੰਡਾਂ ਦੀ ਦੁਰਵਰਤੋਂ ਦਾ ਜ਼ਿਕਰ ਕੀਤਾ ਸੀ। ਕਮੇਟੀ ਨੇ ਕੁਝ ਨਵੇਂ ਕੰਮ ਕਰਨ ਦਾ ਸੁਝਾਅ ਵੀ ਦਿਤਾ ਸੀ। ਪਰ ਲਗਦਾ ਇਉਂ ਹੈ ਕਿ ਇਸ ਕਮੇਟੀ ਦੀ ਰਿਪੋਰਟ ਕੂੜੇ ਦੀ ਟੋਕਰੀ ਵਿਚ ਸੁਟ ਦਿਤੀ ਗਈ ਹੈ। ਅਜ ਤਕ ਇਸ ਕਮੇਟੀ ਵਲੋਂ ਦਿਤੇ ਗਏ ਕਿਸੇ ਵੀ ਉਸਾਰੂ ਸੁਝਾ 'ਤੇ ਅਮਲ ਨਹੀਂ ਹੋਇਆ। ਇਸੇ ਹੀ ਕਮੇਟੀ ਦੀ ਰਿਪੋਰਟ ਨੂੰ ਮੁਖ ਰਖਦਿਆਂ ਹੋਇਆਂ ਭਾਸ਼ਾ ਵਿਗਿਆਨ ਵਿਭਾਗ ਨੇ ਸਰਬੰਗੀ ਪੰਜਾਬੀ ਵਿਆਕਰਨ (ਤਿੰਨ ਜਿਲਦਾਂ ਵਿਚ) ਤਿਆਰ ਕਰਨ ਦਾ ਮਨਸੂਬਾ ਤਿਆਰ ਕੀਤਾ ਸੀ। ਇਸ ਮਨਸੂਬੇ ਨੂੰ ਸਿਰੇ ਚਾੜ੍ਹਨ ਅਤੇ ਇਸ ਸਬੰਧੀ ਉਲੀਕੀ ਰੂਪ ਰੇਖਾ ਨੂੰ ਅਮਲੀ ਰੂਪ ਦੇਣ ਲਈ ਸ਼ੁਰੂ ਵਿਚ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਵਿਚਾਰ ਵਟਾਂਦਰੇ ਲਈ ਦੋ ਸੈਮੀਨਾਰ ਕਰਵਾਏ ਗਏ ਸਨ। ਇਹਨਾਂ ਦੋਹਾਂ ਹੀ ਸੈਮੀਨਾਰਾਂ ਵਿਚ ਖੋਜ ਪੱਤਰ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿਚ ਹੀ ਪੜ੍ਹੇ ਗਏ ਸਨ। ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਆ ਕੇ ਵਿਦਵਾਨਾਂ ਨੇ ਇਹਨਾਂ ਸੈਮੀਨਾਰਾਂ ਵਿਚ ਹਿੱਸਾ ਲਿਆ ਸੀ। ਇਹਨਾਂ ਦੋਹਾਂ ਸੈਮੀਨਾਰਾਂ ਵਿਚ ਪੜ੍ਹੇ ਗਏ ਖੋਜ ਪੱਤਰ ਵਿਭਾਗ ਵਲੋਂ ਛਾਪੇ ਜਾ ਚੁਕੇ ਨੇ। ਇਹ ਸੈਮੀਨਾਰ ਕਰਨ ਦਾ ਮੁਖ ਮੰਤਵ ਸਬੰਧਤ ਵਿਦਵਾਨਾਂ ਦਾ ਧਿਆਨ ਪੰਜਾਬੀ ਭਾਸ਼ਾ ਦੀ ਬਣਤਰ ਸਬੰਧੀ ਲੁੜੀਂਦੀ ਖੋਜ ਵਲ ਦਿਵਾਉਣਾ ਸੀ। ਸ਼ੁਰੂ ਵਿਚ ਇਸ ਕਾਰਜ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਧਿਕਾਰੀਆਂ ਵਲੋਂ ਕਾਫੀ ਸਹਿਯੋਗ ਦਿਤਾ ਗਿਆ ਪਰ ਬਾਅਦ ਵਿਚ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ (ਇਹ ਕਾਰਨ ਯੂਨੀਵਰਸਿਟੀ ਅਧਿਕਾਰੀ ਹੀ ਦਸ ਸਕਦੇ ਨੇ) ਸਰਬੰਗੀ ਪੰਜਾਬੀ ਵਿਆਕਰਨ ਸਬੰਧੀ ਤਿਆਰ ਕੀਤੇ ਮਨਸੂਬੇ ਧਰੇ ਧਰਾਏ ਹੀ ਰਹਿ ਗਏ। ਇਸ ਪ੍ਰਾਜੈਕਟ 'ਤੇ ਕੰਮ ਕਰਨ ਲਈ ਨਾ ਤਾਂ ਵਾਧੂ ਪੈਸੇ ਦੀ ਲੋੜ ਸੀ ਅਤੇ ਨਾ ਹੀ ਟ੍ਰੇਂਡ ਆਦਮੀਆਂ ਦੀ ਘਾਟ ਸੀ। ਪੰਜਾਬੀ ਯੂਨੀਵਰਸਿਟੀ ਵਿਚ ਹੀ ਪੰਜਾਬੀ ਭਾਸ਼ਾ ਦੀ ਉੱਨਤੀ ਸਬੰਧੀ ਅਧਿਕਾਰੀਆਂ ਦੇ ਅਜਿਹੇ ਵਤੀਰੇ ਨੂੰ ਮੁਖ ਰਖਦਿਆਂ ਇਸ ਦਿਸ਼ਾ ਵਿਚ ਕੰਮ ਕਰਨ ਦਾ ਹੌਸਲਾ ਅਗਾਂਹ ਨੂੰ ਕੌਣ ਕਰ ਸਕਦਾ ਹੈ ?

ਸਰਕਾਰੀ ਅਦਾਰਿਆਂ ਨੂੰ ਛੱਡ ਕੇ ਜੇ ਅਸੀਂ ਸਾਹਿਤ ਸਭਾਵਾਂ ਅਤੇ ਪੰਜਾਬੀ ਸਾਹਿਤ ਅਕਾਡਮੀ

ਆਦਿ ਅਦਾਰਿਆਂ ਦੇ ਕੰਮ ਵਲ ਵੀ ਧਿਆਨ ਦੇਈਏ ਤਾਂ ਪਤਾ ਲਗਦਾ ਹੈ ਕਿ ਇਹਨਾਂ ਅਦਾ-ਰਿਆਂ ਦਾ ਝੁਕਾਅ ਵੀ ਪੰਜਾਬੀ ਸਾਹਿਤ ਦੀ ਪ੍ਰਗਤੀ ਵਲ ਹੀ ਹੈ। ਨਿਰੋਲ ਭਾਸ਼ਾ ਸਬੰਧੀ ਖੋਜ ਵਲ ਇਹਨਾਂ ਅਦਾਰਿਆਂ ਨੇ ਵੀ ਕੋਈ ਧਿਆਨ ਨਹੀਂ ਦਿਤਾ। ਇਹ ਅਦਾਰੇ ਵੀ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਸਬੰਧ ਵਿਚ ਕੋਈ ਸਾਵੀਂ ਪਹੁੰਚ ਨਹੀਂ ਅਪਣਾ ਸਕੇ। ਇਥੇ ਇਹ ਵਰਣਨ ਯੋਗ ਹੈ ਕਿ ਪਿਛੇ ਜਿਹੇ ਪੰਜਾਬੀ ਸਾਹਿਤ ਅਕਾਡਮੀ ਦੀ ਲੁਧਿਆਣੇ ਵਿਚ ਮਨਾਈ ਗਈ ਸਿਲਵਰ ਜੁਬਲੀ ਸਮੇਂ ਹਫਤਾ ਭਰ ਵਿਚਾਰ ਵਟਾਂਦਰਾ ਸਿਰਫ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਬਾਰੇ ਹੀ ਹੁੰਦਾ ਰਿਹਾ ਅਤੇ ਪੰਜਾਬੀ ਭਾਸ਼ਾ ਦੇ ਪੱਖ ਨੂੰ ਲੈ ਕੇ ਇਕ ਵੀ ਖੋਜ-ਪੱਤਰ ਨਹੀਂ ਪੜ੍ਹਿਆ ਗਿਆ। ਇਹੋ ਹਾਲ ਕੇਂਦਰੀ ਸਾਹਿਤ ਸਭਾ ਦਾ ਹੈ। ਇਸ ਤਰ੍ਹਾਂ ਸਾਡੀਆਂ ਇਹ ਸਾਹਿਤ ਸਭਾਵਾਂ ਅਤੇ ਅਕਾਡਮੀਆਂ ਆਪਣੀਆਂ ਕਾਰਵਾਈਆਂ ਰਾਹੀਂ ਪੰਜਾਬੀ ਭਾਸ਼ਾ ਦੀ ਲੁੜੀਂਦੀ ਉੱਨਤੀ ਵਿਚ ਕਿੰਨਾ ਕੁ ਹਿੱਸਾ ਪਾ ਰਹੀਆਂ ਨੇ, ਇਸ ਦਾ ਅੰਦਾਜ਼ਾ ਲਾਉਣਾ ਅਸੰਭਵ ਨਹੀਂ।

---

## ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕੱਠਾ ਚੰਦਾ (40 ਰੁਪੈ) ਭੇਜਣ ਵਾਲੇ ਪਹਿਲੇ 50 ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ **ਗੁਰਬਾਣੀ ਦਾ ਸੱਚ** (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ। ਡਾਕ ਖ਼ਰਚ ਸਾਡਾ ਹੋਵੇਗਾ। —ਅਦਾਰਾ ਸੇਧ


### ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ।


---


Send subscriptions & donations to :

* HARJIT DAUDHARIA
  12, SPRING DALE, EARLEY
  READING, BERKS,
  ENGLAND
* Mr. G.S. PANNU
  3362 E, 29th AVE.,
  VANCOUVER-16 (B.C.)

Price : Rs. 2.00 per copy
Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)




"ਭਾਸ਼ਾ ਇਕ ਇਲਾਕੇ ਦੇ ਸਭਨਾਂ ਲੋਕਾਂ ਦੀ ਹੁੰਦੀ ਹੈ;
ਕਿਸੇ ਇਕ ਸ਼੍ਰੇਣੀ, ਧਰਮ ਜਾਂ ਸੰਪਰਦਾਇ ਦੀ ਨਹੀਂ।"

---

## ਮਾਂ-ਬੋਲੀ ਅਤੇ ਲੋਕ ਸੰਘਰਸ਼

**ਕਿਰਪਾਲ ਸਿੰਘ ਆਜ਼ਾਦ**

---

ਕਹਿੰਦੇ ਹਨ ਦੁਖ ਵੇਲੇ ਮਾਂ ਤੇ ਰੱਬ ਯਾਦ ਆਉਂਦੇ ਹਨ। ਯਾਦ ਰੱਬ ਆਵੇ ਜਾਂ ਮਾਂ; ਯਾਦ ਦੀ ਬੋਲੀ ਮਾਂ ਕੋਲੋਂ ਸਿਖੀ ਹੋਈ ਬੋਲੀ ਹੀ ਹੁੰਦੀ ਹੈ। ਯਾਦ ਦਾ ਪ੍ਰਗਟਾਵਾ ਦੁਖ ਦਾ ਹੋਵੇ ਜਾਂ ਸੁਖ ਦਾ, ਇਹ ਮਾਂ-ਬੋਲੀ ਵਿਚ ਹੁੰਦਾ ਹੈ।

ਪੜ੍ਹ ਤੇ ਲਿਖ ਕੇ ਸਿਖੀ ਹੋਈ ਭਾਸ਼ਾ ਆਪਣੀ ਹੋਵੇ ਜਾਂ ਓਪਰੀ ਅਪਣਾਈ ਹੋਈ, ਉਸ ਵਿਚ ਪ੍ਰਬੀਣਤਾ ਆਪ-ਮੁਹਾਰੇ ਸਿਖੀ ਹੋਈ ਮਾਂ-ਬੋਲੀ ਉਪਰ ਹੀ ਆਧਾਰਤ ਹੁੰਦੀ ਹੈ।

ਮਾਂ ਕੋਲੋਂ ਸਿਖੀ ਹੋਈ ਬੋਲੀ ਵੀ ਕੇਵਲ ਮਾਂ ਦੀ ਨਹੀਂ, ਨੇੜਲੇ ਆਲੇ-ਦੁਆਲੇ ਅਰਥਾਤ ਘਰ ਅਤੇ ਬਾਹਰਲੇ ਵਾਤਾਵਰਣ ਅਰਥਾਤ ਸਮਾਜ ਜਾਂ ਲੋਕਾਂ ਦੀ ਹੁੰਦੀ ਹੈ। ਇੰਜ ਸ਼ਬਦ 'ਮਾਂ-ਬੋਲੀ' ਸਹਿਜ-ਸੁਭਾਅ ਕਹਿ ਦੇਣ ਵਿਚ ਭਾਵੇਂ ਭਾਵੁਕਤਾ ਦਾ ਪ੍ਰਭਾਵ ਪੈਂਦਾ ਹੈ ਪਰ ਮਾਂ-ਬੋਲੀ ਦੇ ਖ਼ਮੀਰ ਵਿਚ ਸਮਾਜਕਤਾ ਕਿਸੇ ਤਰ੍ਹਾਂ ਵੀ ਭਾਵੁਕਤਾ ਤੋਂ ਘੱਟ ਨਹੀਂ ਹੁੰਦੀ।

ਜਨਮ ਲੈਂਦਿਆਂ ਹੀ ਅਚੇਤ ਕੰਨੀਂ ਪਏ ਸ਼ਬਦਾਂ ਦੀ, ਤੱਕੇ ਵਸਤ-ਵਰਤਾਰਿਆਂ ਨਾਲ ਸਾਂਝ ਪੈਣ ਤੋਂ ਲੈ ਕੇ ਹੋਸ਼ ਸੰਭਾਲਣ ਤਕ ਸੁਣੀ ਤੇ ਕਹੀ ਹੋਈ ਸ਼ਬਦਾਵਲੀ ਮਨੁਖ ਦੀ ਯਾਦ ਸ਼ਕਤੀ ਲਈ ਹੀ ਨਹੀਂ, ਗਿਆਨ ਸ਼ਕਤੀ ਲਈ ਵੀ ਤੁਰਤ-ਚਿਤਰਾਵਲੀ ਉਸਾਰਦੀ ਚਲੀ ਜਾਂਦੀ ਹੈ। ਇਹ ਕੰਪਿ-ਉਟਰੀ ਚਿਤਰਾਵਲੀ ਬੋਲ ਤੋਂ ਪਹਿਲਾਂ, ਬੋਲਣ ਵਾਲੇ ਸਾਹਮਣੇ ਵਸਤ-ਵਰਤਾਰੇ, ਘਟਨਾ, ਰੰਗ, ਰਸ, ਗੰਧ, ਸਪਰਸ਼ ਅਨੁਸਾਰ ਚਿਤਰ ਪੇਸ਼ ਕਰਦੀ ਤੇ ਬੋਲ ਰਾਹੀਂ ਅਜਿਹੀ ਤਿੱਖੀ ਚਾਲੇ ਸਮਾਜ ਵਿਚ ਲਿਆ-ਉਂਦੀ ਜਾਂਦੀ ਹੈ ਕਿ ਇਸ ਝਟਪਟੇ ਮਾਨਸਿਕ ਘਟਨਾ-ਪ੍ਰਵਾਹ ਦਾ ਕਿਆਸ ਕਰਨਾ ਵੀ ਔਖਾ ਹੈ।

ਜੇ ਭਾਸ਼ਾ ਸਮੁਚੇ ਤੌਰ 'ਤੇ ਸਦੀਆਂ ਦਾ ਸਮਾਜਕ ਭੌਤਿਕ ਵਰਤਾਰਾ ਹੈ ਤਾਂ ਮਾਂ-ਬੋਲੀ ਵੀ ਸਥਾਨ ਸਬੰਧਤ ਸੂਖਮ ਤੇ ਨਿਜ ਮੁਖੀ ਵਰਤਾਰਾ ਹੈ।

ਜਿੰਨੀ ਸਪੱਸ਼ਟ ਤੇ ਸੁਲਝੀ ਹੋਈ ਕਿਸੇ ਦੀ ਮੁਢਲੀ ਸ਼ਬਦ-ਚਿਤਰਾਵਲੀ ਹੁੰਦੀ ਹੈ ਓਨਾ ਹੀ ਚੰਗਾ ਤੇ ਝਟਪਟਾ ਮੇਲ ਪੜ੍ਹ-ਲਿਖ ਕੇ ਸਿਖੀ ਓਪਰੀ ਬੋਲੀ ਦੀ ਸ਼ਬਦਾਵਲੀ ਵਿਚੋਂ ਅਹੁੜਦਾ ਹੈ।

ਮਨੁਖ ਨੂੰ ਕਈ ਵਾਰ ਗੁਆਂਢੀ ਜਾਂ ਦੁਰਾਡੀ ਬੋਲੀ ਅਧੀਨ ਰਹਿਣਾ ਪੈਂਦਾ ਹੈ। ਜਿਸ ਹਦ ਤਕ ਮਨੁਖ ਆਪਣੀ ਬੋਲੀ, ਘਰ ਤੇ ਸਮਾਜ ਨਾਲ ਜੁੜਿਆ ਰਿਹਾ ਉਸ ਹਦ ਤਕ ਉਸ ਦੀ ਭਾਸ਼ਾ

ਕਾਇਮ ਰਹੀ ਅਤੇ ਜਿਸ ਹਦ ਤਕ ਵਿਅਕਤੀ ਦੀ ਸ਼ਾਬਦਿਕ ਚਿਤਰਾਵਲੀ ਸਪਸ਼ਟ ਰਹੀ, ਅਪਣਾਈ ਜਾਂ ਸਿਖੀ ਹੋਈ ਬੋਲੀ ਵਿਚ ਓਨੀ ਹੀ ਮੁਹਾਰਤ ਉਸ ਨੇ ਪਰਾਪਤ ਕੀਤੀ ।

*　　　*　　　*

ਜੇ ਮਨੁਖ ਦੀ ਬੇ-ਜੋੜ ਸਮਾਜਕ ਪਰਾਪਤੀ ਭਾਸ਼ਾ ਹੈ ਤਾਂ ਭਾਸ਼ਾ ਨੇ ਵੀ ਮਨੁਖੀ ਸਮਾਜ ਦੀ ਘਟ ਸੇਵਾ ਨਹੀਂ ਕੀਤੀ । ਜਿਵੇਂ ਮਨੁਖ ਸੁਣ ਕੇ ਸਿਖਦਾ ਹੈ ਤੇ ਪਰੇਰਿਆ ਜਾਂਦਾ ਹੈ, ਉਂਜ ਹੀ ਬੋਲ ਕੇ ਉਹ ਪ੍ਰਗਟਾਉਂਦਾ ਵੀ ਹੈ ਅਤੇ ਬੋਲਦਿਆਂ ਸੋਚਦਾ ਤੇ ਗਿਆਨ ਵੀ ਵਧਾਉਂਦਾ ਹੈ । ਇੰਜ ਹੀ, ਭਾਸ਼ਾ ਦਾ ਰਿਣੀ ਸਾਡਾ ਹਰ ਗਿਆਨ-ਵਿਗਿਆਨ ਵੀ ਹੈ ਅਤੇ ਧਰਮ ਵੀ । ਜੇ ਭਾਸ਼ਾ ਨਾ ਹੁੰਦੀ ਤਾਂ ਬਹੁਤੀਆਂ ਕਲਾਵਾਂ, ਸ਼ਾਸਤਰਾਂ ਵਿਗਿਆਨਾਂ ਦੀ ਹੋਂਦ ਜਾਂ ਵਰਤਮਾਨ ਵਿਕਾਸ ਨਾ ਹੁੰਦੇ । ਜੇ ਭਾਸ਼ਾ ਨਹੀਂ ਤਾਂ ਧਰਮ ਦਾ ਗਿਆਨ, ਧਿਆਨ ਤੇ ਬਿਬੇਕ ਕਿਥੇ ? ਸ਼ਾਇਦ ਇਸੇ ਲਈ ਧਰਮਾਂ ਦੇ ਅੰਤਰਮੁਖੀ ਦੌਰ ਅਤੇ ਦਰਸ਼ਨ ਵਿਚ ਸ਼ਬਦ ਨੂੰ ਉਚਿਆਇਆ, ਤੇ ਇਸਦਾ ਰੂਹਾਨੀਕਰਨ ਕਰ ਕੇ ਰੱਬ ਤਕ ਪੁਚਾਇਆ ਗਿਆ ਹੈ ।

"ਇਕ ਇਲਾਕੇ ਵਿਚ ਇਕੋ ਭਾਸ਼ਾ ਹੀ ਜਿਊਂਦੀ ਤੇ ਵਿਗਸਦੀ ਹੈ; ਦੋ ਨਹੀਂ ।"

ਭਾਸ਼ਾ ਵੱਖ ਵੱਖ ਇਲਾਕਿਆਂ ਦੇ ਲੋਕਾਂ ਦੀ ਵਿਕਸਤ ਹੁੰਦੀ ਹੈ । ਇਸ ਲਈ ਜਦ ਧਰਮ/ਸਿਧਾਂਤ ਇਕ ਇਲਾਕੇ ਦੇ ਲੋਕਾਂ ਦੀ ਭਾਸ਼ਾ ਰਾਹੀਂ ਦੂਰ-ਦੁਰਾਡੀ ਭਾਸ਼ਾ ਵਿਚ ਜਾਂਦਾ ਹੈ ਤਾਂ ਅਜਬ ਧਰਮ-ਸੰਕਟ ਪੈਦਾ ਹੁੰਦਾ ਹੈ । ਜੇ ਧਰਮ ਨੂੰ ਮੂਲ ਭਾਸ਼ਾ ਰਾਹੀਂ ਮਹਿਕੂਮ ਜਾਂ ਮੀਜ਼ਬਾਨ ਲੋਕਾਂ ਦੀ ਭਾਸ਼ਾ ਵਿਚ ਪਰਚਾਰਿਆ ਜਾਏ ਤਾਂ ਲੋਕਾਂ ਦੇ ਸਿਰ ਭਾਵੇਂ ਉਸ ਧਰਮ-ਬਾਣੀ ਅਗੇ ਝੁਕ ਜਾਣ, ਰਿਦੇ ਨਹੀਂ ਭਿਜਦੇ, ਧਰਮ ਨਹੀਂ ਵਧਦਾ-ਫੁਲਦਾ ਅਤੇ ਜੇ ਮੀਜ਼ਬਾਨ ਭਾਸ਼ਾ ਵਿਚ ਧਰਮ ਨੂੰ ਉਲਥਾਇਆ, ਸਮਝਾਇਆ ਜਾਏ ਤਾਂ ਸਿਧਾਂਤ ਦੇ ਮੂਲ ਪਾਠ, ਮੂਲ ਭਾਸ਼ਾ ਅਤੇ ਪੁਜਾਰੀ-ਮੁਜਾਵਰ ਵਰਗ ਤੋਂ ਬੇਮੁਖ ਹੋਣ ਦਾ ਅੰਦੇਸ਼ਾ ਹੁੰਦਾ ਹੈ । ਇਕ ਤਰ੍ਹਾਂ ਇਸ ਨੂੰ ਲੋਕਤਾ ਬਨਾਮ ਪਰਲੋਕਤਾ ਦਾ ਭਾਸ਼ਾਈ ਦ੍ਵੰਦ ਵੀ ਕਿਹਾ ਜਾ ਸਕਦਾ ਹੈ ।

*　　　*　　　*

ਸਦੀਆਂ ਬੱਧੀ ਇਕ ਇਲਾਕੇ ਦੇ ਲੋਕਾਂ ਦੀ ਵਰਤੋਂ ਅਤੇ ਚੇਤਨਾ ਭਾਸ਼ਾ ਨੂੰ ਸਭਿਆਚਾਰਕ ਨੀਂਹ ਵਜੋਂ ਉਸਾਰਦੀਆਂ ਹਨ ਜਦ ਕਿ ਖਾਣ-ਪੀਣ, ਪਹਿਰਾਵਾ, ਰੀਤ-ਰਿਵਾਜ, ਚੱਜ-ਅਚਾਰ ਨੀਂਹ ਉਪਰ ਖੜੇ ਅਡੰਬਰੀ ਉਸਾਰ ਵਜੋਂ ਉੱਸਰਦੇ ਹਨ । ਇਸੇ ਲਈ ਭਾਸ਼ਾ ਇਕ ਇਲਾਕੇ ਦੇ ਸਭਨਾਂ ਲੋਕਾਂ ਦੀ ਹੁੰਦੀ ਹੈ ਕਿਸੇ ਇਕ ਸ਼ਰੇਣੀ, ਧਰਮ ਜਾਂ ਸੰਪਰਦਾਇ ਦੀ ਨਹੀਂ ।

ਭਾਸ਼ਾ ਦਾ ਕੇਂਦਰਕ ਵਿਆਕਰਣ ਹੈ । ਇਸ ਆਪਣੇ ਆਪ ਵਿਚ ਇਕੋ ਸਮੇਂ ਤਰਲ ਤੇ ਅਚਲ ਕੇਂਦਰਕ ਦੁਆਲੇ ਭਾਸ਼ਾ ਦੇ ਮੂਲ ਸ਼ਬਦ—ਧਾਤੂਆਂ ਤੋਂ ਲੈ ਕੇ ਸ਼ਬਦ-ਰੂਪ ਸਾਧਨਾਵਾਂ ਤਕ—ਇਹ ਵਿਸ਼ੇਸ਼ ਵਿਧੀ-ਚੱਕਰ ਵਿਚ ਗਤੀਸ਼ੀਲ ਰਹਿੰਦੇ ਹਨ ਅਤੇ ਮੂਲ ਸ਼ਬਦਾਵਲੀ ਤੋਂ ਵਡੇਰਾ ਤੇ ਵਿਸ਼ਾਲ ਘੇਰਾ-ਭਾਸ਼ਾ ਦਾ ਸ਼ਬਦ ਭੰਡਾਰ, ਕੇਂਦਰਕ ਦੁਆਲੇ ਉਪ-ਗ੍ਰਹਿ ਵਾਂਗ ਚੱਕਰ ਕਟਦਾ ਹੈ ।

ਜਦੋਂ ਲੋਕਾਂ ਜਾਂ ਉਨ੍ਹਾਂ ਦੀ ਭਾਸ਼ਾ ਉਪਰ ਹਮਲਾ ਬਰਬਰ ਅਤੇ ਜਾਨ-ਲਊ ਹੁੰਦਾ ਹੈ ਤਾਂ ਵਿਆਕਰਣ ਸਮੇਤ ਸਮੁਚੀ ਭਾਸ਼ਾ ਦੀ ਹੋਂਦ ਖਤਰੇ ਵਿਚ ਪੈ ਜਾਂਦੀ ਹੈ । ਪੂਰਵ-ਇਤਿਹਾਸ ਦੀ ਪੈੜ ਅਤੇ ਇਤਿਹਾਸ, ਦੋਵੇਂ ਦਸਦੇ ਹਨ ਕਿ ਅਜਿਹੇ ਭੇੜ ਵਿਚ ਇਕ ਇਲਾਕੇ ਵਿਚ ਇਕੋ ਭਾਸ਼ਾ ਹੀ ਜਿਉਂਦੀ ਤੇ ਵਿਗਸਦੀ ਹੈ, ਦੋ ਨਹੀਂ । ਜ਼ਾਰ ਸਮੇਂ ਕਈ ਰੂਸੀ ਕੌਮੀਅਤਾਂ



ਦੀਆਂ ਭਾਸ਼ਾਵਾਂ ਮਰਨ-ਮਰਾਂਦ ਸਨ । ਅਮਰੀਕੀ 'ਰੈਡ ਇੰਡੀਅਨਾਂ' ਦੀ ਭਾਸ਼ਾ ਲਗਭਗ ਉਨ੍ਹਾਂ ਤੋਂ ਖੋਹ ਲਈ ਗਈ ਤੇ ਲਿਪੀ ਦਾ ਖੁਰਾ ਖੋਜ ਹੁਣ ਲਭਿਆ ਜਾ ਰਿਹਾ ਹੈ ! ਕਈ ਅਫਰੀਕੀ ਭਾਸ਼ਾਵਾਂ ਆਪਣਾ ਰਾਜ-ਤੇਜ ਗੁਆ ਚੁਕੀਆਂ ਹਨ, ਲਿਪੀਆਂ ਅਲੱਭ ਹਨ । ਮੱਧ ਤੇ ਪੂਰਬੀ ਭਾਰਤ ਦੇ ਕਈ ਭੀਲ ਸੰਥਾਲ ਆਦਿਵਾਸੀ ਭਾਸ਼ਾਵਾਂ ਦਾ ਇਹੋ ਹਾਲ ਹੈ ।

ਜਦੋਂ ਲੋਕਾਂ ਜਾਂ ਉਨ੍ਹਾਂ ਦੇ ਸਭਿਅਤਾ-ਸਭਿਆਚਾਰ ਉਪਰ ਦੁਰਾਡੀ ਜਾਂ ਗੁਆਂਢੀ ਭਾਸ਼ਾ ਵਲੋਂ ਹਮਲਾ ਸਾਮਰਾਜੀ ਜਾਂ ਬਸਤੀਵਾਦੀ ਲੱਛਣਾਂ ਵਾਲਾ ਹੋਵੇ ਤਾਂ ਸਭ ਤੋਂ ਪਹਿਲਾਂ ਭਾਸ਼ਾ ਦੇ ਸ਼ਬਦ-ਭੰਡਾਰ ਅੰਦਰ ਘੁਸ-ਪੈਂਠ ਹੁੰਦੀ ਹੈ ! ਇਸ ਦਾ ਇਹ ਅਰਥ ਨਹੀਂ ਕਿ ਭਾਸ਼ਾ ਦਾ ਸ਼ਬਦ ਭੰਡਾਰ ਬਾਹਰਲੇ ਪ੍ਰਭਾਵਾਂ ਵਲ ਅੜਬੰਗ ਹੁੰਦਾ ਹੈ । ਨਹੀਂ, ਸ਼ਬਦ-ਭੰਡਾਰ ਦਾ ਸੋਤਰ ਲੋਕ ਹੋਣ ਕਾਰਨ, ਸ਼ਬਦ-ਭੰਡਾਰ ਸਭ ਤੋਂ ਵੱਧ ਓਪਰੇ ਸ਼ਬਦਾਂ ਨੂੰ ਅਪਣਾਉਂਦਾ ਹੈ । ਇਹ ਵਸਤਾਂ ਨਾਲ ਵਾਹ, ਵਰਤਾਰਿਆਂ ਦੀ ਸਮਝ ਅਤੇ ਪਰਗਟਾਉ ਦੀ ਲੋੜ ਅਨੁਸਾਰ ਓਪਰੇ ਸ਼ਬਦਾਂ ਨੂੰ ਅਪਣਾਉਂਦਾ, ਅਰਥ ਦੇਂਦਾ ਅਤੇ ਕੰਠ-ਤੰਤੂਆਂ ਦੇ ਅਨੁਸਾਰੀ ਆਪਣੇ ਧੁਣੀ-ਪ੍ਰਬੰਧ ਅਨੁਸਾਰ ਭੰਨਦਾ-ਘੜਦਾ ਜਾਂ ਤਦਭਵਿਆਉਂਦਾ, ਬਹੁਤ ਘਟ ਆਪਣੇ ਮੂਲ ਸ਼ਬਦਾਂ ਨੂੰ ਛਡਦਾ ਅਤੇ ਵਿਆਕਰਣ ਨੂੰ ਲਗਪਗ ਅਛੋਹ ਰਖਦਾ ਹੈ । ਸ਼ਬਦ-ਭੰਡਾਰ ਵਿਚ ਤਬਦੀਲੀ ਲੰਮੇ ਇਤਿਹਾਸਕ ਪ੍ਰਵਾਹ ਨਾਲ ਸਹਿਜ-ਸੁਭਾਅ ਅਤੇ ਉਚੇਚ-ਰਹਿਤ ਹੁੰਦੀ ਰਹਿੰਦੀ ਹੈ ਅਤੇ ਇਹ ਕਿਸੇ ਭਾਸ਼ਾ ਦੀ ਜਨਤਕ ਪ੍ਰਬੁੱਧਤਾ (rationale) ਦੀ ਪ੍ਰਤੀਨਿਧਤਾ ਕਰਦੀ ਹੈ । ਸ਼ਬਦ-ਭੰਡਾਰੀ ਘੁਸਪੈਂਠ ਉਚੇਚ ਵਾਲੀ ਤੇ ਕਾਹਲੀ ਹੁੰਦੀ ਹੈ । ਇਹ ਸ਼ਬਦ-ਰੂਪ ਸਾਧਨਾਵਾਂ ਨੂੰ ਖਿੰਡਾਉਂਦੀ, ਅਗੇਤਰੀ-ਪਿਛੇਤਰੀ ਸ਼ਬਦ-ਅੰਸ਼ਾਂ ਦਾ ਪ੍ਰਤੀ-ਸਥਾਪਣ ਕਰਦੀ ਅਤੇ ਸ਼ਬਦਾਵਲੀ ਵਿਚ ਸਮਝ ਤੇ ਉਚਾਰਨ ਨੂੰ ਹਜ਼ਮ ਨਾ ਹੋਣ ਵਾਲੇ ਸ਼ਬਦ, ਨੰਗੇ ਤਤਸਮੀ ਰੂਪ ਵਿਚ ਭਰਦੀ ਹੈ । ਗ਼ਲਬਾ ਪਾ ਰਹੀ ਭਾਸ਼ਾ ਦੀ ਵਾਕ ਬਣਤਰ ਦੀ ਨਕਲ ਆਪਣੀ ਭਾਸ਼ਾ ਵਿਚ ਕਰਦੀ ਹੈ ।

"ਭਾਸ਼ਾ ਦੇ ਖੇਤਰ ਵਿਚ ਭਾਸ਼ਾ ਨੂੰ ਮਾਧਿਅਮ ਬਣਾ ਕੇ ਲੋਕ, ਹਾਕਮਾਂ ਦੇ ਟੋਟੇ ਚੜ੍ਹੀ, ਮੱਠਾਂ-ਮਸਨਦਾਂ ਤੇ ਸੱਜੀ ਪੰਡਤਾਊ ਧੁੱਸਮਾਰੀ ਵਿਰੁਧ ਆਪਣੀ ਹੋਂਦ ਲਈ, ਆਪਣੀ ਆਰਥਕ ਲੜਾਈ ਦੇ ਨਾਲ ਨਾਲ, ਆਪਣੀ ਭਾਸ਼ਾ ਲਈ ਵੀ ਸੰਘਰਸ਼ ਕਰਦੇ ਹਨ ।"

ਭਾਸ਼ਾ ਦੇ ਖੇਤਰ ਵਿਚ ਭਾਸ਼ਾ ਨੂੰ ਹੀ ਮਾਧਿਅਮ ਬਣਾ ਕੇ ਲੋਕ ਹਾਕਮਾਂ ਦੇ ਟੋਟੇ ਚੜ੍ਹੀ, ਮੱਠਾਂ-ਮਸਨਦਾਂ ਤੇ ਸੱਜੀ ਪੰਡਤਾਊ ਧੁੱਸਮਾਰੀ ਵਿਰੁਧ ਆਪਣੀ ਹੋਂਦ ਲਈ, ਆਪਣੀ ਆਰਥਕ ਲੜਾਈ ਦੇ ਨਾਲ ਨਾਲ ਆਪਣੀ ਭਾਸ਼ਾ ਲਈ ਵੀ ਸੰਘਰਸ਼ ਕਰਦੇ ਹਨ । ਉਸ ਸੰਘਰਸ਼ ਦਾ ਵਿਸ਼ਲੇਸ਼ਣ ਲੰਮੇ ਇਤਿਹਾਸਕ ਘਟਨਾ-ਪ੍ਰਵਾਹ ਰਾਹੀਂ ਹੀ ਕੀਤਾ ਜਾ ਸਕਦਾ ਹੈ ਜਿਹੜਾ ਇਤਿਹਾਸਕ ਘਟਨਾ-ਚੱਕਰ ਰੋਮਨ ਸਾਮਰਾਜ ਦੇ ਨਾਲ-ਨਾਲ ਲਾਤੀਨੀ ਭਾਸ਼ਾ ਦਾ ਯੂਰਪ ਵਿਚ ਅਤੇ ਆਰੀਆਂ ਦੀ ਵੇਦਿਕ ਭਾਸ਼ਾ ਦਾ ਭਾਰਤ ਦੀਆਂ ਭਾਸ਼ਾਵਾਂ ਉਪਰ ਪਿਆ ਅਤੇ ਜੋ, ਬਹੁਤ ਮਗਰੋਂ ਬਸਤੀਵਾਦੀ ਯੁਗ ਵਿਚ, ਏਸ਼ੀਆਈ ਤੇ ਅਫਰੀਕੀ ਭਾਸ਼ਾਵਾਂ ਉਪਰ ਪਿਆ ।

ਆਪਣੀ ਬੋਲੀ ਨੂੰ ਲੋਕ ਨਹੀਂ ਛੱਡਦੇ । ਕਦੇ ਉਨ੍ਹਾਂ ਦੀ ਭਾਸ਼ਾ ਨੂੰ ਬਦੇਸ਼ੀ ਹਾਕਮ ਸ਼ੂਦਰ, ਪਿਸ਼ਾਚੀ, ਕਾਫਰ, ਉਜੱਡ, ਪੇਂਡੂ ਆਦਿਕ ਕਹਿ ਕੇ ਛੁਟਿਆਉਂਦੇ ਹਨ; ਕਦੇ ਲੋਕਾਂ ਦੀ ਭਾਸ਼ਾ ਨੂੰ ਕਈ ਚਿਰ ਮਾਨਤਾ ਨਹੀਂ ਮਿਲਦੀ, ਕਦੇ ਅੱਖਰ ਨਹੀਂ ਮਿਲਦੇ । ਪਰ ਲੋਕ ਆਪਣੀ ਭਾਸ਼ਾ ਵਿਚ

ਬੋਲਦੇ, ਮਹਿਸੂਸਦੇ ਤੇ ਜਿਉਂਦੇ ਹਨ। ਉਪ-ਭਾਸ਼ਾ ਨੂੰ ਵੀ ਪੂਰਨ ਭਾਸ਼ਾ ਬਣਾ ਦੇਂਦੇ ਹਨ। ਜਿੰਨੇ ਹਮਲੇ ਕਿਸੇ ਭਾਸ਼ਾ ਉਪਰ ਹੁੰਦੇ ਹਨ ਇਹ ਓਨੀ ਹੀ ਸਿਰੜੀ ਬਣਦੀ ਹੈ। ਜਿੰਨਾ ਇਸ ਵਿਚ ਰਲਾ ਪੈਂਦਾ ਹੈ ਓਨੀ ਹੀ ਇਹ ਸਮਰੱਥ ਬਣ ਨਿਕਲਦੀ ਹੈ। ਇਸ ਦੀ ਵਿਆਕਰਣ ਮੌਲਿਕ, ਮੂਲ ਸ਼ਬਦਾਵਲੀ ਸਥਿਰ ਰਹਿੰਦੀਆਂ ਹਨ, ਸ਼ਬਦ-ਭੰਡਾਰ ਵਿਸ਼ਾਲ ਅਤੇ ਭੰਨ-ਘੜ ਲਈ ਤਿਆਰ ਹੁੰਦਾ ਹੈ। ਇਹ ਸਰਲਤਾ ਤੋਂ ਅਰਥ ਭਰਪੂਰਤਾ ਵਲ ਚਲਦੀ ਹੈ। ਭਾਸ਼ਾਵਾਂ ਦਾ ਇਤਿਹਾਸਕ ਵਿਕਾਸ ਇਹੀ ਕੁਝ ਦਸਦਾ ਹੈ।

ਬੋਲੀ ਸਰਬੱਤ ਦੀ ਸਾਂਝੀ ਹੁੰਦੀ ਹੈ, ਪਰ ਹਾਕਮ ਸ਼ਰੇਣੀਆਂ ਲੋਕਾਂ ਦੀ ਬੋਲੀ ਵਲ ਦੁਪਰਿਆਰੀਆਂ ਰਹਿੰਦੀਆਂ ਹਨ।

> "ਹਾਕਮ ਸ਼ਰੇਣੀ ਭਾਸ਼ਾ ਦੀ ਸ਼ੁਧਤਾ ਦਾ ਨਾਂ ਲੈ ਕੇ ਸਰਲ ਤੋਂ ਗੁੰਝਲ ਵਲ, ਸੂਖਮਤਾ ਤੋਂ ਸਕਤ ਵਲ ਅਤੇ ਵਿਦਵਤਾ ਤੋਂ ਪੰਡਤਾਊਪਣ ਵਲ ਚਲਦੀ ਮਿਸ਼ਰ-ਬੋਲੀ ਘੜਦੀ ਹੈ।"

ਹਾਕਮ ਸ਼੍ਰੇਣੀ ਜੇ ਬਦੇਸ਼ੀ ਹੋਵੇ ਤਾਂ ਉਸ ਦਾ ਭਾਸ਼ਾਈ ਦ੍ਰਿਸ਼ਟੀਕੋਣ ਦੋ-ਟੂਕ ਸੌੜਾ ਹੁੰਦਾ ਹੈ। ਉਹ ਮਹਿਕੂਮ ਲੋਕਾਂ ਦੇ ਪੂਰੇ ਸਭਿਆਚਾਰ ਨੂੰ, ਸਮੇਤ ਉਨ੍ਹਾਂ ਦੀ ਭਾਸ਼ਾ ਦੇ, ਨਿਖਿੱਧ ਸਮਝਦੀ ਹੈ। ਹਮਲੇ ਅਤੇ ਹਕੂਮਤ ਦੀ ਚੜ੍ਹਤਲ ਸਮੇਂ ਉਹ ਦੁਭਾਸ਼ੀਆਂ ਤੋਂ ਲੈ ਕੇ ਵਿਦਵਾਨਾਂ ਤਕ ਨੂੰ ਵਿਚ ਪਾ ਕੇ ਲੋਕਾਂ ਨਾਲ ਗੱਲ ਕਰਦੀ ਹੈ। ਇਹ ਬੋਲ ਤੋਂ ਚੁਕ ਕੇ ਬੋਲੀ ਨੂੰ ਰਸਮੀਅਤ ਤੇ ਸ਼ੁੱਧਤਾ ਦੇ ਨਾਂ ਉਪਰ ਸਿਰੋਂ, ਸਮਝੋਂ ਉਪਰ ਲੈ ਜਾਂਦੀ ਹੈ। ਹਾਕਮ ਕੇਵਲ ਉਦੋਂ ਹੀ ਲੋਕਾਂ ਦੀ ਬੋਲੀ ਵਲ ਕੰਨ ਕਰਦਾ ਹੈ ਜਦੋਂ ਉਸ ਨੇ ਨਾਬਰ ਤੇ ਬਾਗ਼ੀ ਹੁੰਦੀ ਅਮੀਰਸ਼ਾਹੀ, ਸਾਮੰਤੀ ਜਾਂ ਧਾਰਮਿਕ ਵਡਿਕਿਆਂ ਨੂੰ ਵਿਚੋਂ ਹਟਾ ਕੇ ਲੋਕਾਂ ਨੂੰ ਵਿਸ਼ਵਾਸ ਵਿਚ ਲੈਣਾ ਹੋਵੇ। ਇੰਗਲੈਂਡ ਵਿਚ ਹੈਨਰੀ ਅਠਵੇਂ, ਪੂਰਬੀ ਭਾਰਤ ਵਿਚ ਮੁਗ਼ਲਾਂ ਤੋਂ ਰਤਾ ਪਹਿਲਾਂ ਤੁਰਕੀ ਈਰਾਨੀ ਪਿਛੇ ਵਾਲੀਆਂ ਨਵਾਬੀਆਂ ਅਤੇ ਅਕਬਰ ਸਮੇਂ ਅਜਿਹੀ ਭਾਸ਼ਾਈ ਸਥਿਤੀ ਦੇ ਨਿੰਮ੍ਹੇ ਹਲਕੇ-ਲਹੁਕੇ ਸੰਕੇਤ ਮਿਲਦੇ ਹਨ।

ਹਾਕਮ ਸ਼ਰੇਣੀ ਜੇ ਸੁਦੇਸ਼ੀ ਹੋਵੇ ਤਾਂ ਬਦੇਸ਼ੀ ਸ਼ਰੇਣੀ ਵਾਂਗ ਉਸ ਦੀ ਲੋੜ ਵੀ ਆਪਣੇ ਆਪ ਨੂੰ ਉਤਮ ਦੱਸਣ ਤੇ ਵਖਰੇ ਰਹਿਣ ਦੀ ਹੁੰਦੀ ਹੈ। ਇਸੇ ਲਈ ਉਹ ਆਪਣੇ ਹੀ ਲੋਕਾਂ ਤੇ ਇਲਾਕੇ ਦੀ ਭਾਸ਼ਾ ਵਿਚੋਂ ਮਿਸ਼ਰ-ਬੋਲੀ (jargon) ਘੜਦੀ ਹੈ ਜੋ ਭਾਸ਼ਾ ਦੀ ਸ਼ੁਧਤਾ ਦਾ ਨਾਂ ਲੈ ਕੇ ਸਰਲ ਤੋਂ ਗੁੰਝਲ ਵਲ, ਸੂਖਮਤਾ ਤੋਂ ਸੰਕੇਤ ਵਲ ਅਤੇ ਵਿਦਵਤਾ ਤੋਂ ਪੰਡਤਾਊਪਣ ਵਲ ਚਲਦੀ ਹੈ। ਇਸ ਤੋਰ ਦਾ ਅੰਤ ਸਮਾਜਕ ਦੇ ਨਾਲ ਨਾਲ ਸਭਿਅਕ ਤੇ ਭਾਸ਼ਾਈ ਨਿਖੇੜ ਹੈ। ਆਜ਼ਾਦੀ ਤੋਂ ਮਗਰੋਂ ਭਾਰਤੀ ਭਾਸ਼ਾਵਾਂ ਦੇ ਪਿੜ ਵਿਚ ਇਸ ਨਿਖੇੜ ਦਾ ਭੁਚਲਾਊ ਦ੍ਰਿਸ਼ ਤਾਂ ਹੋਰਨਾਂ ਬੋਲੀਆਂ ਉਪਰ ਹਿੰਦੀ ਸਾਮਰਾਜ ਵਰਗਾ ਦਿਸਦਾ ਹੈ ਪਰ ਸੱਚ ਇਹ ਹੈ ਕਿ ਆਮ ਲੋਕਾਂ ਦੀ ਹਿੰਦੀ ਤੋਂ ਵਖਰੀ, ਹਿੰਦੀ ਦੱਖ ਵਾਲੀ ਇਕ ਭਾਸ਼ਾ (ਔਖੀ ਤੇ ਪੰਡਤਾਊ) ਨਿਖੜ ਰਹੀ ਹੈ। ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਵਿਚ ਵੀ ਕਰਮਵਾਰ ਹਿੰਦੀ ਤੇ ਉਰਦੂ ਨੂੰ ਮੂੰਹ ਮਾਰਦੇ ਨਿਖੇੜਵਾਦੀ ਝੁਕਾਅ ਦਿਸਦੇ ਹਨ।

ਕਈ ਵਾਰ ਤਾਂ ਆਰਥਕ ਪਾੜੇ ਦੇ ਹੱਦੋਂ ਵਧ ਜਾਣ, ਵਖਰੀਆਂ ਸਮਾਜਕ, ਸੁਹਜਮਈ ਅਤੇ ਸਦਾਚਾਰਕ ਕੀਮਤਾਂ ਦੇ ਆਧਾਰ 'ਤੇ ਆਪਣਾ ਵਖਰਾ ਭਾਈਚਾਰਾ, ਆਪਣੀ ਵਖਰੀ ਸੁਰਗਪੁਰੀ



ਸਿਰਜ ਲੈਣ ਕਾਰਨ ਹਾਕਮ ਸ਼ਰੇਣੀਆਂ ਨੂੰ ਆਪਣਾ ਨਿਖੇੜ ਮੁਕੰਮਲ ਕਰਨ ਲਈ ਬਦੇਸ਼ੀ ਦੁਰਾਡੀ ਕਿਸੇ ਭਾਸ਼ਾ ਦੀ ਲੋੜ ਪੈਂਦੀ ਹੈ ਜਿਸ ਨੂੰ ਉਹ ਫ਼ੈਸ਼ਨ ਜਾਂ ਆਪਣੀ ਸ਼ਾਨ ਵਜੋਂ ਅਪਣਾਉਂਦੀ ਹੈ। ਜ਼ਾਰਸ਼ਾਹੀ ਸਮੇਂ ਰੂਸੀ ਪਤਵੰਤ ਸ਼ਰੇਣੀ ਦਾ ਫਰਾਂਸੀਸੀ ਨੂੰ ਅਪਣਾਉਣਾ ਇਸ ਦੀ ਇਕ ਮਿਸਾਲ ਹੈ। ਅਜ ਭਾਰਤੀ ਸਮਾਜ ਵਿਚ ਅੰਗਰੇਜ਼ੀ ਬੋਲਣ-ਪੜ੍ਹਨ ਅਤੇ 'ਇੰਗਲਿਸ਼ ਮੀਡੀਅਮ' ਸਕੂਲਾਂ ਦੇ ਨਵੇਂ ਸਿਰਿਉਂ ਆਏ ਉਲੇਲ ਦਾ ਕਾਰਨ ਅੰਗਰੇਜ਼ੀ ਦੀ ਮਾਨਸਕ ਗ਼ੁਲਾਮੀ ਘਟ ਹੈ; ਅਸਲ ਕਾਰਨ ਹੈ ਕਿ ਸਿਖਰ ਦੀ ਅਫ਼ਸਰਸ਼ਾਹੀ, ਨਵੀਂ ਰੱਜੀ ਸ਼ਹਿਰੀ, ਪੇਂਡੂ ਤੇ ਰਾਜਨੀਤਕ ਅਮੀਰਸ਼ਾਹੀ ਨਾ ਤਾਂ ਦੇਸੀ ਘਰਾਂ/ਕਪੜਿਆਂ ਵਿਚ ਮਿਉਂਦੀ ਹੈ ਅਤੇ ਨਾ ਹੀ ਉਸ ਨੂੰ ਹੁਣ ਆਪਣੀ ਬੋਲੀ ਚੰਗੀ ਲਗਦੀ ਹੈ। ਮੱਧ ਸ਼ਰੇਣੀਆਂ ਤਾਂ ਆਪਣੇ ਲਾਈਲਗਪੁਣੇ ਜਾਂ ਲੋਕ-ਲਾਜ ਜਾਂ ਨੌਕਰੀ ਦੀ ਤੱਕ ਕਾਰਨ ਪਿੱਛੇ-ਪਿੱਛੇ ਘਸੀਟੀਦੀਆਂ ਜਾ ਰਹੀਆਂ ਹਨ।

> "ਜਨ ਸਾਧਾਰਨ ਦਾ ਇਹ ਹਿੱਤ ਹੈ ਕਿ ਉਹ ਵਧ ਤੋ ਵਧ ਸਮਝ ਆਉਂਦੀ, ਵਿਸ਼ਾਲ ਏਕਤਾ ਕਾਇਮ ਕਰਦੀ ਭਾਸ਼ਾ ਦੀ ਵਰਤੋਂ ਕਰੇ।"

ਕੀ ਇਸ ਦਾ ਅਰਥ ਇਹ ਹੈ ਕਿ ਮਾਂ-ਬੋਲੀ ਜਾਂ ਲੋਕ-ਭਾਸ਼ਾ ਦੇ ਪੱਲੇ ਸਰਲਤਾ ਅਤੇ ਅਨ-ਪੜ੍ਹਪੁਣਾ ਹੀ ਰਹਿ ਜਾਂਦਾ ਹੈ? ਕੀ ਜਨ-ਸਾਧਾਰਨ ਦੀ ਭਾਸ਼ਾ ਵਿਚ ਸਰਲਤਾ ਦੇ ਨਾਲ ਨਾਲ ਸ਼ੁਧਤਾ, ਵਿਧੀ, ਸੁਹਜ ਤੇ ਗੌਰਵ ਨਹੀਂ ਵਿਕਸਦੇ?

ਜੇ ਛੋਟੀ ਜਿਹੀ ਹਾਕਮ ਸ਼ਰੇਣੀ ਦੀ ਲੋੜ ਹੈ ਕਿ ਲੋਕਾਂ ਦੀ ਬੋਲੀ ਸੰਕੇਤ ਵਜੋਂ ਵਰਤ ਕੇ ਆਪਣੇ ਆਪ ਨੂੰ ਵੱਖ ਵੀ ਰਖੇ, ਆਪਣੇ ਹਿੱਤਾਂ ਨੂੰ ਵੀ ਲੁਕਾਈ ਰਖੇ ਅਤੇ ਆਪ ਆਪਣੀ ਏਕਤਾ ਨੂੰ ਕਾਇਮ ਰਖੇ ਤਾਂ ਜਨ-ਸਾਧਾਰਨ ਦਾ ਵੀ ਇਹ ਹਿੱਤ ਹੈ ਕਿ ਉਹ ਵੱਧ ਤੋਂ ਵੱਧ ਸਮਝ ਆਉਂਦੀ, ਵਿਸ਼ਾਲ ਏਕਤਾ ਕਾਇਮ ਕਰਦੀ ਭਾਸ਼ਾ ਦੀ ਵਰਤੋਂ ਕਰੇ। ਸਪੱਸ਼ਟ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਸਮਝ ਆਉਂਦੀ ਭਾਸ਼ਾ ਦੀ ਸ਼ਬਦਾਵਲੀ ਸਰਲ ਹੋਣ ਦੇ ਨਾਲ ਨਾਲ ਵਿਸ਼ਾਲ ਵੀ ਹੋਵੇਗੀ ਅਤੇ ਅਰਥ ਭਰਪੂਰ ਵੀ।

ਜਿਨ੍ਹਾਂ ਨੇ ਅੰਤ ਜਿੱਤਣਾ ਹੈ, ਉਹਨਾਂ ਨੇ ਪਹਿਲਾਂ ਸਿਧਾਂਤਕ ਪਿੱੜ ਵਿਚ ਮੱਲਾਂ ਮਾਰਨ ਤੇ ਜਿੱਤਣ ਲਈ ਲੋਟੂ ਹਿੱਤਾਂ ਤੇ ਸਿਧਾਂਤਾਂ ਨੂੰ ਸਮਝਣ ਸਮਝਾਉਣ ਲਈ ਜਿਹੜੀ ਸ਼ਬਦਾਵਲੀ ਜਾਂ ਸ਼ੈਲੀ ਵਰਤਣੀ ਹੈ ਉਹ ਹਾਕਮਾਂ ਦੀ ਸੂਤਰਕ ਤੇ ਉਸਤਾਦੀ ਵਾਲੀ ਭਾਸ਼ਾ ਤੋਂ ਵੱਖਰੀ ਹੋਵੇਗੀ। ਸਪੱਸ਼ਟ ਹੈ ਕਿ ਅਜਿਹੀ ਭਾਸ਼ਾ ਸ਼ਬਦਾਂ ਨੂੰ ਭੰਬਲ-ਭੂਸਿਆਂ ਦੀ ਥਾਂ ਵਿਚਾਰਾਂ ਤੇ ਮਰਮ ਦਾ ਮਾਧਿਅਮ ਬਣਾਏਗੀ। ਇਸੇ ਲਈ ਜਨ-ਸਾਧਾਰਨ ਦੀ ਭਾਸ਼ਾ ਦਾ ਆਪਣਾ ਇਕ ਸੁਹਜ-ਸੁਆਦ, ਆਪਣੀ ਸ਼ੈਲੀ ਅਤੇ ਅਰਥ ਭਰਪੂਰਤਾ ਹੋਵੇਗੀ; ਉਹ ਸ਼ਾਸਤ੍ਰੀਅਤਾ (ਅਤੇ 'ਸੋਫਿਸਟੀਕੇਸ਼ਨ') ਨਹੀਂ ਜੋ ਅਰਥ ਨਾਲੋਂ ਸ਼ਬਦ ਨੂੰ, ਸਮਝ ਨਾਲੋਂ ਵਿਧੀ-ਵਿਧਾਨ ਨੂੰ ਵੱਡਾ ਸਮਝਦੀ ਹੈ। ਜਦ ਜਨਤਾ ਦੀ ਕੋਈ ਮੁਹਰੀ ਸ਼ਰੇਣੀ ਹਾਕਮ ਸ਼ਰੇਣੀ ਸਾਹਮਣੇ ਨਿਤਰਦੀ ਹੈ ਤਾਂ ਹਾਕਮਾਂ ਦੇ ਨਵੇਂ ਪੁਰਾਣੇ ਸਿਧਾਂਤਕ ਪਾਜ ਉਘਾੜਨ ਵਾਲੀ, ਉਨ੍ਹਾਂ ਦੀਆਂ ਕੂੜੀਆਂ ਕੀਮਤਾਂ ਨੂੰ ਸਮਝਣ ਤੇ ਨੰਗਾ ਕਰਨ ਵਾਲੀ ਭਾਸ਼ਾ ਸਹਿਜ ਵੀ ਹੋ ਸਕਦੀ ਹੈ, ਆਧੁਨਿਕ ਵੀ ਅਤੇ ਸੁਹਜਮਈ ਵੀ।

ਲੋਕਾਂ ਦਾ ਆਰਥਕ ਤੇ ਰਾਜਨੀਤਕ ਸੰਘਰਸ਼ ਇਨਕਲਾਬ ਤੋਂ ਮਗਰੋਂ ਤਾਂ ਭਾਸ਼ਾ, ਵਿਦਿਆ ਤੇ ਸਭਿਆਚਾਰ ਦੀਆਂ ਸੰਸਥਾਵਾਂ ਵਿਚ ਅਮਲੀ ਅਤੇ ਪਰਬੰਧਕ ਤਬਦੀਲੀਆਂ ਕਰਦਾ ਹੀ ਹੈ ਪਰ ਸਿਧਾਂਤਕ ਅਤੇ ਭਾਸ਼ਾਈ ਸੰਘਰਸ਼, ਹਰ ਮੈਦਾਨ ਇਨਕਲਾਬ ਦੀ ਜਿੱਤ ਕਰਾਉਂਦਾ, ਆਰਥਕ ਤੇ ਰਾਜਨੀਤਕ ਸੰਘਰਸ਼ ਦੇ ਨਾਲ ਨਾਲ ਚਲਦਾ ਹੈ।

# ਪੁਸਤਕ ਚਰਚਾ

## ਸਵਰਨ ਚੰਦਨ ਦੇ ਨਾਵਲ "ਨਵੇਂ ਰਿਸ਼ਤੇ" ਦਾ ਅਧਿਐਨ

ਸਾਹਿਤਕਾਰ ਦੇ ਮਨ ਨੂੰ ਸਮੁੱਚੀ ਕੁਦਰਤ ਦਾ ਪਸਾਰਾ ਟੁੰਭਦਾ ਹੈ। ਤੇ ਇਹ ਸਿਰਫ ਇਸ ਲਈ ਨਹੀਂ ਕਿ ਉਹ ਇਕ ਸਾਹਿਤਕਾਰ ਜਾਂ ਕਲਾਕਾਰ ਹੈ ਸਗੋਂ ਇਸ ਲਈ ਕਿ ਉਹ ਇਕ ਇਨਸਾਨ ਹੈ। ਅਤੇ ਇਨਸਾਨ ਦਾ ਅਨੁਭਵ ਤੇ ਅਹਿਸਾਸ ਸ਼ਕਤੀ ਬਾਕੀ ਸਾਰੇ ਜੀਵਾਂ ਤੋਂ ਤਿੱਖੀ ਹੈ। ਉਹ ਕੁਦਰਤ ਦੇ ਨਿਯਮਾਂ ਨੂੰ ਘੋਖਦਾ ਹੋਇਆ ਆਪਣੇ ਜੀਵਨ ਢੰਗ ਦੇ ਸੁਧਾਰ ਲਈ ਲਗਾਤਾਰ ਯਤਨਸ਼ੀਲ ਹੈ। ਸਮਝਾਂ ਨੂੰ ਸਿਆਣੇ ਚੋਭਾਂ ਮਾਰਦੇ ਹਨ। ਚੁਗਿਰਦੇ ਦੀਆਂ ਘਟਨਾਵਾਂ ਮਨੁਖ ਨੂੰ ਅੱਗੇ ਵੱਧਣ ਲਈ ਪ੍ਰੇਰਦੀਆਂ ਹਨ। ਸਮਾਜਕ ਤਬਦੀਲੀ ਦੇ ਵੇਗ ਅੱਗੇ ਹਰ ਇਕ ਰੁਕਾਵਟ ਸਿਰਫ ਆਰਜ਼ੀ ਔਕੜ ਸਾਬਤ ਹੁੰਦੀ ਹੈ। ਭੂਤਕਾਲ ਦੀਆਂ ਮਿੱਥਾਂ ਤੇ ਪੁੱਠੇ ਸੰਸਕਾਰ ਭਵਿਖ ਸਾਹਵੇਂ ਹਾਸੋਹੀਣੀਆਂ ਢੁੱਚਰਾਂ ਬਣ ਕੇ ਇਤਿਹਾਸ ਦੇ ਕੂੜੇ ਕਰਕਟ ਵਿਚ ਜਾ ਡਿੱਗਦੇ ਹਨ। ਅੰਤ, ਪੁਰਾਣੇ ਰਿਸ਼ਤਿਆਂ ਨੂੰ ਢਾਹ ਲਗਦੀ ਹੈ ਤੇ ਨਵੇਂ ਰਿਸ਼ਤੇ ਉਸੱਰਦੇ ਹਨ। ਮਨੁੱਖ ਦੀ ਇਹ ਤਾਂਘ, ਲੋਚਾ, ਹਰ ਹੀਲੇ ਆਪਣਾ ਹਕੀਕੀ ਪਹਿਰਾਵਾ ਪਹਿਣਦੀ ਹੈ।

ਸਵਰਨ ਚੰਦਨ ਦੇ ਨਾਵਲ "ਨਵੇਂ ਰਿਸ਼ਤੇ" ਦੀ ਚਰਚਾ ਤੁਸੀਂ ਸੁਣ ਚੁਕੇ ਹੋ। ਡਾਕਟਰ ਹਰਿਭਜਨ ਸਿੰਘ ਹੁਰਾਂ ਦਾ ਸਤੰਬਰ '80 ਦੀ ਆਰਸੀ ਵਿਚ "ਇਕ ਚਿੱਠੀ ਤੇਰੇ ਨਾਂ" ਦੇ ਸਿਰਲੇਖ ਹੇਠਾਂ, ਇਸ ਪੁਸਤਕ ਬਾਰੇ ਮੁੱਲਅੰਕਣ ਵੀ ਤੁਸਾਂ ਪੜ੍ਹ ਲਿਆ ਹੋਵੇਗਾ।

ਨਾਵਲ ਦੇ ਆਰੰਭ ਤੋਂ ਪਹਿਲਾਂ ਹੀ ਕਰਤਾ ਨੇ ਇਕ ਬੇਨਤੀ ਕੀਤੀ ਹੈ ਕਿ "..ਇਸ ਦੀ ਕੇਂਦਰੀ ਰਗ ਨੂੰ ਸਮਝ ਸਕਣਾ ਅਤੇ ਨਵੀਆਂ ਸਮਾਜਕ ਸਥਿਤੀਆਂ ਦੀ ਰੌਸ਼ਨੀ ਵਿਚ ਹੀ ਇਸ ਦਾ ਮੁਲ-ਪਾਉਣਾ ਠੀਕ ਮਾਰਗ ਹੋ ਸਕਦਾ ਹੈ।" ਚੰਦਨ ਦੇ ਕਹਿਣ ਦਾ ਭਾਵ ਇਹ ਪ੍ਰਤੀਤ ਹੁੰਦਾ ਹੈ ਕਿ ਵਿਸ਼ਾ-ਵਸਤੂ ਅਤੇ ਸਥਿਤੀ ਤੋਂ ਅਲੱਗ ਰਹਿਕੇ ਨਿਰੋਲ ਭਾਸ਼ਾ ਦੀ ਫੋਲਾ-ਫਾਲੀ ਨਾਲ ਕਹਾਣੀ ਨਹੀਂ ਬਣ ਸਕਦੀ। ਅਸੀਂ ਤਾਂ ਸਗੋਂ ਇਹ ਆਖਾਂਗੇ ਕਿ ਰੂਪ ਦੀ ਮਹੱਤਤਾ ਸਥਿਤੀ ਅਤੇ ਵਿਸ਼ਾ-ਵਸਤੂ 'ਤੇ ਹੀ ਆਧਾਰਤ ਹੋਣੀ ਚਾਹੀਦੀ ਹੈ।

ਜੇ ਚਾਰਲਸ ਡਿਕਨਜ਼, "ਓਲੀਵਰ ਟਵਿਸਟ' ਵਿਚ **child latour** ਨੂੰ ਵਿਸ਼ਾ ਨਾ ਬਣਾਉਂਦਾ ਤਾਂ ਓਲੀਵਰ ਟਵਿਸਟ ਦੀ ਇਕ ਕੌਡੀ ਵੀ ਕੀਮਤ ਨਹੀਂ ਸੀ ਹੋਣੀ। ਚਾਰਲੱਸ ਡਿਕਨਜ਼ ਨੇ ਓਲੀਵਰ ਟਵਿਸਟ ਵਿਚ ਚਾਈਲਡ ਲੇਬਰ ਦੀਆਂ ਘੁਣਤਰਾਂ ਨੂੰ ਬਹੁਤ ਚੰਗੀ ਤਰ੍ਹਾਂ ਬਿਆਨਿਆ। ਨਤੀਜਾ ਇਹ ਕਿ ਵਸਤੂ ਤੋਂ ਬਿਨਾਂ ਸਿਰਫ ਸ਼ਾਬਦਿਕ ਤਾੜਾਂ ਅਰਥ-ਹੀਣ ਹਨ।



ਇਹ ਨਿਰੀ ਕਲਮ-ਘਸਾਈ ਹੈ, ਹੋਰ ਕੁਝ ਨਹੀਂ। ਸਾਹਿਤਕਾਰ ਸਮੇਂ ਦੇ ਨਾਲ ਨਾਲ ਤੁਰਦਾ ਹੈ, ਉਹ ਪਿਛੇ ਨਹੀਂ ਰਹਿੰਦਾ, ਉਹਨੂੰ ਪਿੱਛੇ ਨਹੀਂ ਰਹਿਣਾ ਚਾਹੀਦਾ। ਚੰਦਨ ਆਪਣੇ ਆਸ਼ੇ ਵਿਚ ਕਿੰਨਾ ਕੁ ਸਫਲ ਹੋਇਆ ਹੈ—ਇਸ ਤੋਂ ਪਹਿਲਾਂ ਕੁਝ ਹੋਰ ਵੇਖਣਾ ਹੋਵੇਗਾ।

ਆਲੋਚਨਾ ਕਰਦਿਆਂ ਹੋਇਆਂ ਸੰਕੀਰਣਤਾ ਅਤੇ ਉਦਾਰਵਾਦੀ ਰੁਝਾਨਾਂ ਤੋਂ ਦੂਰ ਰਹਿ ਕੇ ਹੀ ਕਿਸੇ ਰਚਨਾ ਦਾ ਸਹੀ ਮੁੱਲਅੰਕਣ ਕੀਤਾ ਜਾ ਸਕਦਾ ਹੈ। ਭਾਰਤ ਵਿਚ ਰਹਿੰਦੇ ਸਾਹਿਤਕਾਰਾਂ ਅਤੇ ਸਮੀਖਿਆਕਾਰਾਂ 'ਚੋਂ ਕਈਆਂ ਨੇ ਇਕ ਅੜੀ ਫੜ ਲਈ ਹੈ, ਅਤੇ ਇਹ ਅੜੀ ਬੋਤੇ ਦੀ ਅੜੀ ਤੋਂ ਘੱਟ ਨਹੀਂ। ਭਾਰਤ ਤੋਂ ਬਾਹਰ ਰਚਿਆ ਗਿਆ ਪੰਜਾਬੀ ਸਾਹਿਤ ਕਈਆਂ ਦੇ ਨੱਕ ਥੱਲੇ ਹੀ ਨਹੀਂ ਆਉਂਦਾ। ਉਹਨਾਂ ਦੇ "ਟੈਸਟ ਸੈਂਟਰ" ਬੜੇ ਅਜੀਬ ਹਨ। ਉਹ ਸਮਝਦੇ ਹਨ ਕਿ ਪੰਜਾਬੀ ਸਾਹਿਤ ਕੋਈ ਅੰਬ ਦਾ ਬੂਟਾ ਹੈ ਜਿਸ ਨੂੰ ਕਿ ਹੁਸ਼ਿਆਰਪੁਰ ਅਤੇ ਸਹਾਰਨਪੁਰ ਦੀ ਜ਼ਮੀਨ ਹੀ ਰਾਸ ਆਉਂਦੀ ਹੈ। ਜੇ ਉਰਦੂ ਦੀ ਸ਼ਾਇਰੀ ਲਖਨਊ ਅਤੇ ਰਾਮਪੁਰ (ਯੂ.ਪੀ) ਦੀ ਹੀ ਮਲਕੀਅਤ ਹੁੰਦੀ ਤਾਂ ਫਿਰ ਇਕਬਾਲ ਅਤੇ ਫੈਜ਼ ਬਹੁਤ ਦੇਰ ਪਹਿਲਾਂ ਮਰ ਚੁੱਕੇ ਹੁੰਦੇ। ਕਹਿਣ ਤੋਂ ਭਾਵ ਇਹ ਕਿ ਕੁਝ ਸਮੀਖਿਆਕਾਰਾਂ ਅਤੇ ਸਾਹਿਤਕਾਰਾਂ ਦੀ, ਭਾਰਤ ਤੋਂ ਬਾਹਰ ਰਹਿੰਦੇ ਲੇਖਕਾਂ ਉਤੇ ਲਾਈਆਂ ਤੋਹਮਤਾਂ ਤੇ ਸਾਹਿਤਕ ਦੋਸ਼ਾਂ ਦੀ ਦਲੀਲ ਦੀ ਜੜ੍ਹ ਬੜੀ ਖੋਖਲੀ ਹੈ।

ਮਿਸਾਲ ਲਈ ਡਾ: ਹਰਿਭਜਨ ਸਿੰਘ ਹੁਰਾਂ ਦੀ ਦਲੀਲ ਸੁਣੋ, "ਜਿੰਨੀ ਦੇਰ ਤਕ ਇਥੇ (ਇੰਗਲੈਂਡ) ਪੰਜਾਬੀ ਸਮੀਖਿਆ ਦੀ ਪਛਾਨਣਯੋਗ ਪ੍ਰਿਤ ਨਹੀਂ ਪੈਂਦੀ, ਪੰਜਾਬੀ ਸਾਹਿਤ ਨੂੰ ਏਸ ਧਰਤੀ ਵਿਚ ਆਪਣੀ ਜੜ੍ਹ ਜਮਾਉਣ ਵਿਚ ਦਿੱਕਤਾਂ ਪੇਸ਼ ਆਉਂਦੀਆਂ ਰਹਿਣਗੀਆਂ। ਥੋੜ੍ਹਾ ਕੁ ਪ੍ਰਮਾਣਿਕ ਸਾਹਿਤ ਸਾਰੇ ਅਪ੍ਰਮਾਣਿਕ ਸਾਹਿਤ ਦੇ ਢੇਰ ਵਿਚ ਗੁੰਮਦਾ ਗੁਆਚਦਾ ਰਹੇਗਾ।" ਭਲਾ ਇਹ ਦਲੀਲ ਕਿਧਰੋਂ ਆਈ? ਸਮੀਖਿਆ ਦੀ ਪਛਾਨਣਯੋਗ ਪਿਰਤ ਤੋਂ ਭਾਵ ਡਾਕਟਰ ਸਾਹਿਬ ਦੇ ਸੰਕਲਪ ਅਨੁਸਾਰ ਸੰਰਚਨਾਵਾਦੀ ਸਮੀਖਿਆ ਤੋਂ ਹੈ। ਜੇ ਸਮੀਖਿਆ ਦਾ ਆਧਾਰ ਸੰਰਚਨਾਵਾਦੀ ਨਹੀਂ, ਤਾਂ ਉਸਨੂੰ ਪਛਾਨਣਯੋਗ ਪਿਰਤ ਨਹੀਂ ਆਖਿਆ ਜਾ ਸਕਦਾ। ਇਸ ਲਈ ਥੋੜਾ ਕੁ ਪ੍ਰਮਾਣਿਕ ਸਾਹਿਤ ਅਪ੍ਰਮਾਣਿਕ ਲਿਖਤਾਂ ਦੇ ਢੇਰ ਵਿਚ ਗੁੰਮਦਾ ਗੁਆਚਦਾ ਰਹੇਗਾ। ਇਸ ਤੋਂ ਇਹ ਵੀ ਜਾਪਦਾ ਹੈ ਕਿ ਸਾਹਿਤ ਨੂੰ ਸਰਲ ਅਤੇ ਲੋਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਿਚ ਰਚਣ ਨਾਲ ਕਲਾ ਦਾ ਮਿਆਰ ਨੀਵਾਂ ਹੋ ਜਾਂਦਾ ਹੈ। ਦਰਅਸਲ, ਸਵਾਲ ਚੰਦਨ ਦੀ ਰਚਨਾ "ਨਵੇਂ ਰਿਸ਼ਤਿਆਂ" ਦਾ ਨਹੀਂ, ਡਾਕਟਰ ਸਾਹਿਬ ਦੀ ਵੱਡੀ ਸਮਸਿਆ ਸੰਰਚਨਾਵਾਦ ਦੀ ਵਿਆਖਿਆ ਹੈ। ਸੰਰਚਨਾਵਾਦੀਆਂ ਦੇ ਕਹਿਣ ਅਨੁਸਾਰ ਸਮਾਜ ਦੀ ਹਰ ਇਕ ਚੀਜ਼ ਨੂੰ ਭਾਸ਼ਾ ਦੇ ਨੁਕਤੇ ਤੋਂ ਹੀ ਘੋਖਿਆਂ ਪੂਰੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ, ਯਾਣੀ ਭਾਸ਼ਾ ਧਰਤੀ ਤੋਂ ਬਾਹਰਲੀ ਕਿਸੇ ਸ਼ੈ ਦਾ ਨਾਂ ਹੈ। ਇਹ ਮਨੁੱਖੀ ਕਾਢ ਨਹੀਂ ਹੈ ਅਥਵਾ ਕਲਾ ਅਤੇ ਸਾਹਿਤ ਕੁਝ ਕੁ ਵਿਦਵਾਨਾਂ ਦੀ ਮਾਲਕੀਅਤ ਹੋਣੀ ਚਾਹੀਦੀ ਹੈ।

"ਮਿਸਟੀਫੀਕੇਸ਼ਨ" ਇਕ "ਟੀਪੀਕਲ" ਬੁਰਜੂਆ ਰੁਝਾਨ ਹੈ। ਬੁਰਜੂਆ ਵਿਦਵਾਨਾਂ ਦੀ ਵਿਦਵਤਾ ਦੀ ਖੂਬੀ ਇਹ ਹੈ ਕਿ ਉਹ ਠੀਕ ਅਤੇ ਸਿੱਧੀ ਗੱਲ ਨੂੰ ਟੇਡੇ ਢੰਗ ਨਾਲ ਬਿਆਨ ਕਰਦੇ ਹਨ। ਮਿਸਾਲ ਵਲੋਂ ਚੰਦਨ ਨੇ ਨਵੇਂ ਰਿਸ਼ਤਿਆਂ ਨੂੰ ਇੰਗਲੈਂਡ ਵਿਚ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਲੇ ਹਰ ਰੋਜ਼ ਵਧਦੇ ਜਾਂਦੇ ਪਾੜੇ ਦੀ ਗਾਥਾ ਕਿਹਾ ਹੈ। ਪਰ ਡਾ: ਹਰਿਭਜਨ ਸਿੰਘ ਹੁਰੀਂ ਕਹਿੰਦੇ ਹਨ ਕਿ, "ਮੈਂ ਇਸ ਵਿਸਥਾਰ ਨਾਲ ਸਹਿਮਤ ਹਾਂ ਅਤੇ ਅਸਹਿਮਤ ਵੀ ਹਾਂ।" ਭਲਾ ਇਹ ਕੀ ਗੱਲ ਬਣੀ? ਇਹ **non-committal attitude** ਦੀ ਕਲਾਬਾਜ਼ੀ ਕਿਹੜੀ ਦਿਸ਼ਾ

ਵੱਲ ਜਾਂਦੀ ਹੈ ? ਡਾਕਟਰ ਸਾਹਿਬ ਰੂਪਵਾਦ (Formalism) ਦੇ ਧਾਰਨੀ ਹਨ । ਇਹ ਸੰਕਲਪ ਵਸਤੂ ਦੀ ਹੋਂਦ ਤੋਂ ਅਲਗ ਰਹਿ ਕੇ ਚੇਤਨਾ ਅਤੇ ਰੂਪ ਨੂੰ ਨਿਖਾਰ ਦੇਣਾ ਚਾਹੁੰਦਾ ਹੈ । ਅੱਜ ਤਕ ਇਹੋ ਜਿਹੀ ਇੱਛਾ ਕਿਸੇ ਦੀ ਪੂਰੀ ਨਹੀਂ ਹੋਈ । ਸੰਰਚਨਾਵਾਦ ਦਾ ਸੰਕਲਪ ਚੋਟਾਨੀ ਇੱਲ ਵਾਂਗ ਆਬਾਦੀ ਤੋਂ ਦੂਰ ਰਹਿ ਕੇ ਪੁਲਾੜ ਵਿਚ ਟੋਹਾਂ ਮਾਰਦਾ ਹੈ । ਡਾਕਟਰ ਸਾਹਿਬ ਆਪਣੇ ਬਾਰੇ ਕਹਿੰਦੇ ਹਨ : "ਮੈਂ ਉਹਨਾਂ ਲੋਕਾਂ ਵਿਚੋਂ ਹਾਂ ਜੋ ਸਾਹਿਤ ਅਤੇ ਸਮਾਜ ਨੂੰ ਵੀ ਭਾਸ਼ਾ ਮੰਨਦੇ ਹਨ ।"ਮਨੁੱਖ ਆਪਣੇ ਸਰੀਰ ਨਾਲ ਖੰਭ ਬੰਨ੍ਹ ਕੇ ਆਕਾਸ਼ ਵਿਚ ਉਡਾਰੀਆਂ ਮਾਰਦਾ ਫਿਰੇ... ਭਾਸ਼ਾ ਰਾਹੀਂ ਨਵਾਂ ਸਮਾਜ ਸਿਰਜਣ ਦਾ ਇਹ ਅਨੋਖਾ ਯਤਨ ਹੈ । ਸੋ ਚੰਦਨ ਦੇ ਨਾਵਲ "ਨਵੇਂ ਰਿਸ਼ਤੇ" ਦੇ ਸਬੰਧ ਵਿਚ ਡਾ: ਹਰਿਭਜਨ ਸਿੰਘ ਹੁਰਾਂ ਦੀ ਆਲਚਨਾ ਦਾ ਸਿਲਸਿਲਾ ਵਸੀਲਾ ਬਿਲਕੁਲ ਅਲੱਗ ਕਹਾਣੀ ਹੈ । ਉਹਨਾਂ ਸਾਫ ਲਿਖਿਆ ਹੈ, "ਇਸ ਮੁੱਲਵਾਨ ਪ੍ਰਾਪਤੀ ਵਿਚ ਤੂੰ ਮੇਰਾ ਬਣਿਆ ਹੈਂ । ਇਸ ਲਈ ਤੇਰਾ ਧੰਨਵਾਦ ।" ਇਸਦਾ ਭਾਵ ਇਹ ਹੈ ਕਿ ਡਾਕਟਰ ਸਾਹਿਬ ਹੁਰਾਂ ਨੇ ਚੰਦਨ ਦੇ ਨਾਵਲ ਦੀ ਆਲੋਚਨਾ ਕਰਦਿਆਂ ਹੋਇਆਂ ਆਪਣੇ ਸੰਕਲਪ (?) ਸੰਰਚਨਾਵਾਦ ਦੀ ਵਿਆਖਿਆ ਵੀ ਕਰ ਦਿਤੀ । ਇਸ ਮੌਕੇ ਲਈ ਚੰਦਨ ਤਾਂ ਸਿਰਫ ਵਸੀਲਾ ਬਣਿਆ !!

"ਨਵੇਂ ਰਿਸ਼ਤੇ" ਦੇ ਲੇਖਕ ਨੇ ਇੰਗਲੈਂਡ ਵਿਚ ਰਹਿੰਦੇ ਪੰਜਾਬੀ ਲੋਕਾਂ ਦੀ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚਕਾਰ ਆ ਚੁੱਕੀ ਤ੍ਰੇੜ ਨੂੰ ਇਕ ਨਾਵਲ ਦੇ ਰੂਪ ਵਿਚ ਪੇਸ਼ ਕੀਤਾ ਹੈ । ਮੁੱਖ ਤੌਰ 'ਤੇ ਛੇਆਂ ਪਾਤਰਾਂ—ਪ੍ਰੀਤੂ, ਵੀਰੋ, ਗੁਰਜੀਤ, ਗੁਰਪਾਲ ਕੌਰ, ਕੈਰਮ ਅਤੇ ਬੰਟੀ ਦੀਆਂ ਕਿਰਿਆਵਾਂ ਰਾਹੀਂ ਹੀ ਚੰਦਨ ਨੇ ਆਪਣੇ ਅਨੁਭਵ ਨੂੰ ਅਮਲੀ ਰੂਪ ਦੇਣ ਦਾ ਯਤਨ ਕੀਤਾ ਹੈ । ਛੇਆਂ ਵਿਚੋਂ ਚੌਂਹ ਪਾਤਰਾਂ ਦੀ ਵਾਰਤਾਲਾਪ ਮਾਝੀ ਉਪਭਾਖਾ ਦਾ ਪਹਿਰਾਵਾ ਪਹਿਣ ਕੇ ਅੱਗੇ ਤੁਰਦੀ ਹੈ । ਚੰਦਨ ਨੇ ਨਾਵਲ ਦੀਆਂ ਸਾਰੀਆਂ ਘਟਨਾਵਾਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ ਅਤੇ ਮਿੱਠੀ ਬੋਲੀ ਰਾਹੀਂ ਰੌਚਿਕਤਾ ਦੀ ਨਵੀਂ ਰੰਗਣ ਚਾੜ੍ਹ ਦਿਤੀ ਹੈ । ਰੂਪ, ਵਿਸ਼ੇ ਵਸਤੂ ਤੋਂ ਅਭਿੱਜ ਨਹੀਂ ਰਿਹਾ । ਪਾਤਰਾਂ ਦੀਆਂ ਕਿਰਿਆਵਾਂ ਬਿੰਬਾਂ ਤੇ ਸੰਕੇਤਾਂ ਰਾਹੀਂ ਆਪਣੀ ਘਾੜਤ ਕਾਇਮ ਕਰਦੀਆਂ ਹਨ । ਵਿਰੋਧ ਵੀ ਤਿੱਖੇ ਹੁੰਦੇ ਹਨ ਅਤੇ ਹਮਦਰਦੀ ਦੀ ਭਾਵਨਾ ਵੀ ਲਿਸ਼ਕਦੀ ਹੈ । ਪਰ ਪਾਤਰ ਉਸਾਰੀ ਦੀ ਕਲਾ ਵਿਚ ਬਣਾਵਟ ਨਹੀਂ ਦਿਸਦੀ । ਬ੍ਰਤਾਨਵੀ ਪੂੰਜੀਪਤੀ ਸਮਾਜ ਪੰਜਾਬੀਆਂ ਦੇ ਸੁਭਾਅ ਵਿਚ ਇਕ ਖਾਸ ਤਨਾਉ ਪੈਦਾ ਕਰਦਾ ਹੈ । ਲੇਖਿਕ ਨੇ ਇਹ ਵੀ ਦੱਸਣ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਨਵਾਂ ਸਭਿਆਚਾਰ ਵਿਅਕਤੀਵਾਦੀ ਰੁਚੀਆਂ ਦੀ ਉਸਾਰੀ ਕਰਦਾ ਹੈ । ਬੰਟੀ ਅਤੇ ਕੈਰਮ ਦੇ ਆਪਸੀ ਪਿਆਰ ਦੀ ਖਿੱਚ ਮਾਪਿਆਂ ਦੀਆਂ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਭਰਵੀਂ ਸੱਟ ਮਾਰਦੀ ਹੈ । ਪਰ ਦੂਜੇ ਪਾਸੇ ਬ੍ਰਤਾਨਵੀ ਸਭਿਆਚਾਰ ਦਾ ਪੌਣ ਪਾਣੀ ਨਵੇਂ ਰਿਸ਼ਤਿਆਂ ਨੂੰ ਬੜਾ ਰਾਸ ਆਉਂਦਾ ਹੈ । ਬੰਟੀ ਦੇ ਅਰਧ-ਜਗੀਰੂ ਰੁਚੀਆਂ ਰੱਖਣ ਵਾਲੇ ਮਾਂ ਬਾਪ ਦਾ "ਨੱਕ" ਵੱਢਿਆ ਗਿਆ । ਉਨ੍ਹਾਂ ਦੀ ਝੂਠੀ ਸ਼ਾਨ ਖੇਹ ਛਾਣਦੀ ਹੋਈ ਕੁੜੀ ਨੂੰ ਤਸੀਹੇ ਦੇਣ ਲਈ ਮਜਬੂਰ ਹੋ ਜਾਂਦੀ ਹੈ ਪਰ ਉਹ ਹਕੀਕਤ ਨੂੰ ਕਬੂਲਣ ਲਈ ਤਿਆਰ ਨਹੀਂ ਹੁੰਦੇ । ਢਿਡੋਂ ਜੰਮੀ ਧੀ ਜੀਂਦੀ-ਜਾਗਦੀ ਵੀ ਮਰ ਚੁੱਕੀ ਹੈ ਕਿਉਂਕਿ ਉਹਨੇ ਇਕ ਮਜ਼ਬੀ ਮੁੰਡੇ ਨਾਲ ਵਿਆਹ ਕਰਾ ਲਿਆ ਹੈ । ਇਹੋ ਹੀ ਇਸ ਕਹਾਣੀ ਦਾ ਸਿਖਰ ਹੈ ।

ਡਾਕਟਰ ਸਾਹਿਬ ਕਹਿੰਦੇ ਹਨ, "ਇਸ ਤਰ੍ਹਾਂ ਦੇ ਵਿਆਹ ਨਾਵਲਾਂ ਵਿਚ ਹੋ ਸਕਦੇ ਹਨ, ਯਥਾਰਥ ਵਿਚ ਵੀ ਕੁਝ ਅਪਵਾਦ ਅਜੇਹੇ ਹੋ ਸਕਦੇ ਹਨ, ਪਰ ਇਸ ਨੂੰ ਸਭਿਆਚਾਰਕ ਰੂੜ੍ਹੀ ਬਣਾਨ ਵਿਚ ਸਦੀਆਂ ਲੱਗਣਗੀਆਂ ।" ਅੱਗੇ ਚੱਲ ਕੇ ਡਾ: ਸਾਹਿਬ ਹੁਰੀਂ ਚੰਦਨ ਨੂੰ ਇਹ ਵੀ



ਕਹਿੰਦੇ ਹਨ, "ਕਰਮੋਂ-ਬੰਤੀ ਦੇ ਆਪਸੀ ਪਿਆਰ ਦਾ ਪੱਖ ਤੂੰ ਭਾਵੁਕ ਪੱਧਰ ਉਪਰ ਪੂਰਿਆ ਹੈ ।" ਅਤੇ ਇਕ ਥਾਂ ਉਹਨਾਂ ਇਹ ਵੀ ਆਖਿਆ, "ਪੰਜਾਬੀ ਲੋਕ ਬੁਨਿਆਦੀ ਤੌਰ 'ਤੇ ਪਰੰਪਰਾ-ਮੁੱਖ ਹਨ । ਉਹ ਪ੍ਰਗਤੀਸ਼ੀਲ ਸਾਹਿਤ ਰੱਚ ਸਕਦੇ ਹਨ ਪਰ ਜੀਊਂਦੇ ਪਰੰਪਰਾਵਾਦੀ ਕਦਰਾਂ ਹੀ ਹਨ ।"

ਸਮਾਜ ਵਿਚ ਕੋਈ ਵੀ ਵਾਪਰਦੀ ਘਟਨਾ ਜੋ ਚੰਗੇ ਭਵਿਖ ਦੀ ਦਿਸ਼ਾ ਫੜਦੀ ਹੋਵੇ ਉਹ ਪ੍ਰਗਤੀਸ਼ੀਲ ਹੈ ਕਿਉਂਕਿ ਤਬਦੀਲੀ ਹੀ ਵਿਕਾਸ ਦਾ ਚਿੰਨ੍ਹ ਹੁੰਦੀ ਹੈ । ਬਹੁਤ ਸਾਰੀਆਂ ਘਟਨਾਵਾਂ ਮਨੁੱਖ ਦੇ ਵੱਸ ਦਾ ਰੋਗ ਨਹੀਂ ਹਨ, ਪਰ ਉਹ ਹਰ ਹਾਲ ਵਿਚ ਵਾਪਰਦੀਆਂ ਹਨ । ਵਿਰੋਧ ਤਿੱਖੇ ਹੁੰਦੇ ਹਨ, ਪਿਉ-ਪੁਤਰ ਅਤੇ ਮਾਂ-ਧੀ ਵਿਚ ਪਾੜੇ ਵੱਧ ਜਾਂਦੇ ਹਨ । ਰਿਸ਼ਤਿਆਂ ਦੀ ਬਦਲੀ ਵਿਚ ਖੂਨ ਵੀ ਹੁੰਦਾ ਹੈ । ਪਰ ਨਵੇਂ ਰਿਸ਼ਤੇ ਫਿਰ ਵੀ ਉਸੱਰਦੇ ਹਨ ਕਿਉਂਕਿ ਇਹ ਇਕ ਵਿਰੋਧ-ਵਿਕਾਸੀ ਨਿਯਮ ਹੈ । ਜੇਕਰ ਬੰਟੀ ਅਤੇ ਕੈਰਮ ਦੇ ਵਿਆਹ ਬਾਰੇ ਗੁਰਜੀਤ ਅਤੇ ਗੁਰਪਾਲ ਕੌਰ ਸਹਿਮਤ ਨਹੀਂ ਹੁੰਦੇ ਤਾਂ ਕੀ ਫੇਰ ਵਿਆਹ ਨਹੀਂ ਹੋਇਆ ? ਭਲਾ ਚੰਦਨ ਕੌਣ ਹੈ ਪਾਤਰਾਂ ਦੇ ਸੁਭਾਵਾਂ ਵਿਚ ਅਦਲਾ ਬਦਲੀ ਕਰਨ ਵਾਲਾ ? ਸਗੋਂ ਪਾਤਰਾਂ ਦੇ ਸੁਭਾਆਂ ਦੀਆਂ ਬਾਰੀਕੀਆਂ ਨੂੰ ਬਿਆਨਣਾ ਹੀ ਤਾਂ ਯਥਾਰਥ ਹੈ । ਗੁਰਪਾਲ ਕੌਰ ਤੇ ਗੁਰਜੀਤ ਦੀਆਂ ਅਰਧ-ਜਗੀਰੂ ਰੁਚੀਆਂ ਅਤੇ ਪੁੱਠੇ ਸੰਸਕਾਰਾਂ ਦਾ ਦਿਖਾਵਾ "ਟਕਰਾਉ" ਤੋਂ ਬਿਨਾਂ ਅਸੰਭਵ ਹੈ । ਟਕਰਾਉ ਤੋਂ ਬਿਨਾਂ ਕਹਾਣੀ ਲੇਖ ਦਾ ਰੂਪ ਧਾਰਨ ਕਰ ਜਾਵੇਗੀ । ਪਰ ਡਾਕਟਰ ਸਾਹਿਬ ਹੁਰਾਂ ਅਨੁਸਾਰ ਜਿੰਨਾ ਚਿਰ ਗੁਰਮੀਤ ਅਤੇ ਗੁਰਪਾਲ ਕੌਰ, ਬੰਟੀ-ਕੈਰਮ ਦੇ ਵਿਆਹ ਦੀ ਪ੍ਰਵਾਨਗੀ ਨਹੀਂ ਦਿੰਦੇ ਉਤਨਾ ਚਿਰ "ਨਵੇਂ ਰਿਸ਼ਤੇ" ਅਧੂਰੇ ਹਨ । ਯਾਨੀ ਨਵੇਂ ਰਿਸ਼ਤਿਆਂ ਦਾ ਸਿਲਸਿਲਾ ਇਕ ਭਾਵੁਕ ਪੱਧਰ ਤਕ ਹੀ ਸੀਮਤ ਰਹਿੰਦਾ ਹੈ । ਸੋ ਪਿਆਰ-ਵਿਆਹ, ਹੜਤਾਲਾਂ ਅਤੇ ਮੁਜ਼ਾਹਰੇ—ਸਭ ਭਾਵੁਕ ਘਟਨਾਵਾਂ ਹਨ, ਇਹ ਪੁਰਾਣੇ ਢਾਂਚੇ ਅਤੇ ਸਮਾਜ ਦੀਆਂ ਬੋਦੀਆਂ ਕੀਮਤਾਂ-ਕਦਰਾਂ 'ਤੇ ਕੋਈ ਚੋਟ ਨਹੀਂ ਹਨ ।

ਡਾਕਟਰ ਸਾਹਿਬ ਦੀ ਦਲੀਲ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਰਾਜਨੀਤਕ ਅਤੇ ਸਮਾਜਿਕ ਤਬਦੀਲੀਆਂ ਦੂਸਰੀ (ਵਿਰੋਧੀ) ਧਿਰ ਦੀ ਸਹਿਮਤੀ ਤੋਂ ਬਿਨਾਂ ਅਸੰਭਵ ਹਨ । ਜਾਂ ਫਿਰ ਤਬਦੀਲੀ ਦੀ ਪਹਿਲ-ਕਦਮੀਂ ਕਰਨ ਅਤੇ ਸੰਘਰਸ਼ ਤੋਂ ਪਹਿਲਾਂ ਦੂਜੀ ਧਿਰ ਨੂੰ ਪੁੱਛ ਲਿਆ ਜਾਵੇ—"ਕਿਉਂ ਬਈ ਬੁਰਾ ਤਾਂ ਨਹੀਂ ਮੰਨਾਉਂਦਾ ?"

ਪਰ ਸੱਚਾਈ ਇਹ ਹੈ ਕਿ ਸਭਿਆਚਾਰਕ ਰੂੜ੍ਹੀ ਬਣਨ ਤੋਂ ਪਹਿਲਾਂ ਰਾਜਨੀਤਕ ਤੇ ਸਮਾਜਿਕ ਸੰਘਰਸ਼ ਹੁੰਦੇ ਹਨ । ਪੀਤਰੋਗਰਾਦ ਦੇ ਮਹਿਲਾਂ ਦੀਆਂ ਚੁਗਾਠਾਂ ਦੀ ਨੁਹਾਰ, ਸਮੁੱਚੀ ਚਮਕ ਦਮਕ ਉਹੀ ਰਹੀ । ਬਾਲਸ਼ਵਿਕ ਪਾਰਟੀ ਨੂੰ ਜ਼ਾਰ ਦੀ ਸਹਿਮਤੀ ਲਈ ਤਰਲੇ ਨਹੀਂ ਲੈਣੇ ਪਏ, ਤੇ ਸੰਘਰਸ਼ ਕਰ ਕੇ ਸਭ ਕੁਝ ਬਦਲ ਗਿਆ । ਪੁਰਾਣਾ ਸਭਿਆਚਾਰ, ਨਵੀਂ ਸਭਿਆਚਾਰਕ ਰੂੜ੍ਹੀ ਵਿਚ ਬਦਲ ਗਿਆ । ਟੱਕਰ ਸਦਾ ਵਿਕਾਸ ਦੀ ਦਿਸ਼ਾ ਹੀ ਫੜਦੀ ਹੈ । ਜਿੰਨਾ ਚਿਰ ਇਕ ਚੀਜ਼ ਦੂਸਰੀ ਨਾਲ ਟੱਕਰ ਨਹੀਂ ਖਾਂਦੀ ਉਨਾਂ ਚਿਰ ਥਾਂ-ਬਦਲੀ ਨਹੀਂ ਹੁੰਦੀ । ਇਹ ਭਾਵੇਂ ਬੰਟੀ-ਕੈਰਮ ਦੇ ਪਿਆਰ ਵਿਆਹ ਦੇ ਰੂਪ ਵਿਚ ਹੋਵੇ ਅਤੇ ਭਾਵੇਂ ਹੜਤਾਲਾਂ, ਮੁਜ਼ਾਹਰਿਆਂ ਦੀ ਸ਼ਕਲ ਵਿਚ ।

ਸੱਚ ਇਹ ਹੈ ਕਿ ਅਜੋਕੇ ਯੁੱਗ ਵਿਚ ਕਿਸੇ ਵੀ ਇਨਸਾਨ ਦਾ ਪਰੰਪਰਾ-ਮੁੱਖ ਰਹਿਣਾ ਅਸੰਭਵ ਹੈ । ਪੰਜਾਬੀ ਲੋਕ ਇੰਗਲੈਂਡ ਵਿਚ ਕਾਫੀ ਬਦਲ ਚੁਕੇ ਹਨ । ਪੰਜਾਬ ਤੋਂ ਜਿਹੜੇ ਬਹੁਤੇ ਲੋਕ ਇੰਗਲੈਂਡ ਆਏ ਹਨ, ਉਹਨਾਂ ਦਾ ਜਮਾਤੀ ਪਿਛੋਕੜ ਮੱਧ-ਕਿਸਾਣੀ ਨਾਲ ਹੀ ਸੰਬੰਧਿਤ ਹੈ । ਉਹ ਪਿੱਛੇ ਪੰਜਾਬ ਵਿਚ ਭਾਵੇਂ ਅਧਿਆਪਕ ਦਾ ਪੇਸ਼ਾ ਕਰਦੇ ਸਨ ਜਾਂ ਕੁਝ ਹੋਰ, ਉਹਨਾਂ ਦਾ ਜਮਾਤੀ ਰਿਸ਼ਤਾ ਮੱਧ-ਸ਼੍ਰੇਣੀ ਨਾਲ ਹੀ ਸੀ । ਹੁਣ ਇੰਗਲੈਂਡ ਦੇ ਦਸਤਕਾਰੀ ਜੀਵਨ ਦੀ ਨੱਠ-ਭੱਜ ਨੇ ਇਨ੍ਹਾਂ

ਸਾਰਿਆਂ ਨੂੰ ਉਜਰਤੀ-ਗੁਲਾਮ ਬਣਾ ਦਿਤਾ ਹੈ। ਇਹ ਲੋਕ ਮੰਨਣ ਭਾਵੇਂ ਨਾ ਮੰਨਣ ਪਰ ਹਰ ਰੋਜ਼ ਇਨ੍ਹਾਂ ਦੀ ਰਹਿਣ-ਸਹਿਣੀ ਬਰਤਾਨਵੀ ਮਜ਼ਦੂਰ ਸ਼੍ਰੇਣੀ ਵਿਚ ਢਲ ਰਹੀ ਹੈ। ਪੰਡੋਰੀ ਦੇ ਲੰਬੜਾਂ ਦਾ ਹਰਪ੍ਰੀਤ ਅਤੇ ਚਹੇੜੂ ਵਾਲੇ ਜੁਆਲੇ ਦਾ ਧੰਨਾ ਰਾਮ ਇਕ ਦੂਜੇ ਦੇ ਦਸਤਕਾਰੀ ਭਰਾ ਬਣ ਗਏ ਹਨ। "ਮਾਸ-ਉਤਪਾਦਨ" ਜਾਤਾਂ ਕੁਜਾਤਾਂ ਦੇ ਗਧੀ-ਗੇੜ ਵਿਚ ਨਹੀਂ ਪੈਂਦਾ। ਸਗੋਂ ਇਸ ਨਾਲ ਮਜ਼ਦੂਰ ਸ਼੍ਰੇਣੀ ਅਤੇ ਸਰਮਾਏਦਾਰ ਸ਼੍ਰੇਣੀ ਵਿਚ ਇਕ ਸਿੱਧੀ ਵੰਡ ਪੈਦਾ ਹੋ ਜਾਂਦੀ ਹੈ। ਪੈਦਾਵਾਰ ਦੇ ਢੰਗ (ਕਿੱਤਾ) ਇਨਸਾਨ ਦੀ ਸੋਚ ਤੇ ਪਰੰਪਰਾਵਾਂ ਵੀ ਬਦਲ ਦੇਂਦੇ ਹਨ। ਇੰਗਲੈਂਡ ਵਿਚ ਕਿਸੇ ਵੀ ਪੰਜਾਬੀ ਦਾ ਦਸਤਕਾਰੀ ਜੀਵਨ ਤੋਂ ਬੇਲਾਗ ਰਹਿਣਾ ਅਸੰਭਵ ਹੈ। ਸੋ ਇਸ ਲਈ ਨਵੇਂ ਰਿਸ਼ਤੇ ਸਿਰਜਣ ਵਾਲੇ ਲੇਖਕਾਂ ਦੀ ਪਰੰਪਰਾਵਾਦੀ ਰਹਿਣੀ ਸਹਿਣੀ ਕਾਇਮ ਨਹੀਂ ਰਹਿ ਸਕਦੀ। ਜੇ ਕੋਈ ਗੁਰਜੀਤ ਵਰਗਾ ਇੱਕੜ-ਦੁੱਕੜ ਪਿੱਛਲ-ਝਾਕ ਵਿਚ ਫਸਿਆ ਹੋਇਆ ਹੈ, ਤਾਂ ਇਹ ਵੀ ਹਰ ਹਾਲਤ ਵਿਚ ਟੁੱਟ ਕੇ ਰਹਿਣਾ ਹੈ। ਗੁਰਜੀਤ ਇਕ ਥਾਂ ਇਹ ਕਹਿੰਦਾ ਹੈ, "ਏਥੇ ਵਲੈਤ ਵਿਚ ਅੰਗਰੇਜ਼ ਮੈਨੂੰ ਵੀ ਮਜ਼ੁਬੀ ਸਮਝਦੇ ਐ—ਸਮਝਦੇ ਹੀ ਨਈਂ ਸਗੋਂ ਏਦਾਂ ਟਰੀਟ ਕਰਦੇ ਐ।" ਇਹ ਜੱਟ ਗੁਰਜੀਤ ਦੇ ਸ਼ਬਦ ਹਨ। ਕੋਈ ਵੀ ਇਨਸਾਨ ਨਵੇਂ ਵਿਚਾਰ, ਨਵੇਂ ਰਿਸ਼ਤੇ ਸਹਿਜ ਸੁਭਾਅ ਕਬੂਲਣ ਨੂੰ ਤਿਆਰ ਨਹੀਂ ਹੁੰਦਾ, ਪਰ ਨਵੀਂ ਸਥਿਤੀ ਹਰ ਹਾਲ ਨਵੇਂ ਵਿਚਾਰ ਪੈਦਾ ਕਰਦੀ ਹੈ। ਇਸ ਨੂੰ ਸਦੀਆਂ ਨਹੀਂ ਲੱਗਦੀਆਂ। ਸੰਘਰਸ਼ ਦੀ ਪਹਿਲ-ਕਦਮੀਂ ਪੁਰਾਣਾ ਜੁਗਾੜ ਭੰਨਣ ਲਈ ਬਹੁਤ ਜ਼ਰੂਰੀ ਹੈ।

ਸਵਰਨ ਚੰਦਨ, ਪੰਜਾਬੀ ਸਾਹਿੱਤ ਨੂੰ ਕਵਿਤਾ, ਕਹਾਣੀ ਅਤੇ ਨਾਵਲ ਦੇ ਰੂਪ ਵਿਚ ਪੰਜ ਸਾਹਿੱਤਕ ਰਚਨਾਵਾਂ ਪੇਸ਼ ਕਰ ਚੁਕਿਆ ਹੈ। ਕਵਿਤਾ ਹੋਵੇ ਜਾਂ ਕਹਾਣੀ—ਚੰਦਨ ਦੇ ਵਿਸ਼ਿਆਂ ਦੀ ਚੋਣ ਸਮੇਂ ਦੀ ਮੰਗ ਹੈ। ਚੰਦਨ ਦੀ ਕਲਮ ਭੂਤ ਤੋਂ ਭਵਿੱਖ ਦੀ ਦਿਸ਼ਾ ਵਲ ਤੂਫਾਨ ਬਣਦੀ ਹੈ, ਹੱਕ ਦੇ ਨਾਹਰੇ ਬੁਲੰਦ ਕਰਦੀ ਹੋਈ, ਨਵੇਂ ਰਿਸ਼ਤਿਆਂ ਦੀ ਤਾਂਘ ਲਈ ਕਰਮਸ਼ੀਲ ਹੈ। ਕਹਾਣੀ ਜਾਂ ਨਾਵਲ ਵਿਚ ਲੇਖਕ ਦੀ ਬਿਆਨਬਾਜ਼ੀ ਨਹੀਂ ਹੋਣੀ ਚਾਹੀਦੀ। ਭਾਵੁਕਤਾ ਨੂੰ ਕਾਬੂ ਕਰ ਕੇ ਪਾਤਰਾਂ ਦੀਆਂ ਕਿਰਿਆਵਾਂ ਰਾਹੀਂ ਹੀ ਅੱਗੇ ਵਧਣਾ ਚਾਹੀਦਾ ਹੈ। ਇਕ ਦੋ ਥਾਵਾਂ 'ਤੇ ਚੰਦਨ ਕਲਾ ਦੇ ਦਾਇਰੇ 'ਚੋਂ ਬਾਹਰ ਚਲਾ ਗਿਆ ਹੈ। ਬੰਟੀ ਆਪਣੀ ਉਮਰ ਅਨੁਸਾਰ ਅੰਕਲ ਪ੍ਰੀਤੂ ਨੂੰ ਕੁਝ ਵਧੇਰੇ ਹੀ ਕਹਿ ਗਈ ਹੈ। ਮੇਰਾ ਸੰਕੇਤ ਪੰਨਾ 124 ਵਲ ਹੈ। ਬੰਟੀ ਦਾ ਮਾਨਸਿਕ ਵਿਕਾਸ ਹਾਲੇ ਦਲਿੱਤ ਸ਼੍ਰੇਣੀ ਦੀ ਸਦੀਆਂ ਤੋਂ ਹੁੰਦੀ ਲੁਟ-ਚੋਂਘ ਦੇ ਅਹਿਸਾਸ ਤੋਂ ਖਾਲੀ ਹੈ। ਹੱਥਲੀ ਸਥਿਤੀ ਵਿਚ ਇਹ ਜਚਿਆ ਨਹੀਂ। ਇਹ ਅਨੁਭਵ ਹਾਲੇ ਪੈਦਾ ਹੀ ਨਹੀਂ ਹੋਇਆ। ਬੰਟੀ, ਆਪਣੀ ਮਾਂ ਗੁਰਪਾਲ ਕੋਰ ਨਾਲ ਛੋਟੀ ਹੁੰਦੀ ਹੀ ਵਲੈਤ ਆ ਗਈ। ਸੋ ਇਸ ਲਈ ਉਹਦੇ ਇਹ ਸ਼ਬਦ "ਤੂੰ ਪੁਸ਼ਤ-ਦਰ-ਪੁਸ਼ਤ ਸਾਡੇ ਜ਼ੁਲਮ ਸਹੇ ਪਰ ਕਦੇ ਉਭਾਸਰਿਆ ਤਕ ਨਹੀਂ—ਅਜ ਮੈਂ ਇਕ ਹੋਰ ਜ਼ੁਲਮ ਤੇਰੇ 'ਤੇ ਕੀਤਾ ਏ" ਅਤਿਅੰਤ ਭਾਵੁਕ ਪੱਧਰ ਦੇ ਹਨ। ਪਰ ਇਹ ਦੋਸ਼ ਚੰਦਨ ਦਾ ਹੀ ਨਹੀਂ, ਸਗੋਂ ਹੋਰ ਵੀ ਅਨੇਕਾਂ ਲਿਖਤਾਂ ਵਿਚ ਵੇਖਿਆ ਗਿਆ ਹੈ। ਕੋਈ ਵੀ ਲੇਖਕ ਸੋਲਾਂ ਕਲਾਂ ਸੰਪੂਰਨ ਨਹੀਂ ਹੋ ਸਕਦਾ। ਸਾਹਿਤ ਇਕ ਕਲਾ ਹੈ ਅਤੇ ਲੇਖਿਕ ਇਕ ਇਨਸਾਨ ਤੋਂ ਵਧ ਕੁਝ ਨਹੀਂ। ਇਨਸਾਨ ਦਾ ਸਾਰੇ ਦੋਸ਼ਾਂ ਤੋਂ ਮੁਕਤ ਹੋਣਾ ਅਸੰਭਵ ਹੈ। ਕਿਸੇ ਲੇਖਕ ਦੀਆਂ ਇੱਕੜ ਦੁਕੜ ਊਣਤਾਈਆਂ ਨੂੰ ਫੜ ਕੇ ਰਗੜਾ ਫੇਰਨਾ ਮੈਨੂੰ ਗ਼ਲਤ ਗੱਲ ਲਗਦੀ ਹੈ। ਨਿਗੂਣੀ ਜਿਹੀ ਗੱਲ ਤੋਂ ਨਿੰਦਿਆ-ਪਾਠ ਆਰੰਭ ਲੈਣਾ ਉਚਿਤ ਨਹੀਂ ਹੈ। ਦੋਸਤੀ ਦੇ ਨਾਤੇ ਪ੍ਰਸੰਸਾ-ਪਾਠ ਵੀ ਹਾਨੀਕਾਰਕ ਹੈ। ਪੰਜਾਬੀ ਆਲੋਚਨਾ ਵਿਚ ਇਹ ਦੋਵੇਂ ਭੇੜ ਨੁਕਸਾਨ ਪਹੁੰਚਾਉਂਦੇ ਆ ਰਹੇ ਹਨ।



ਆਲੋਚਨਾ ਦਾ ਰੁਖ਼ ਉਸਾਰੂ ਹੀ ਹੋਣਾ ਚਾਹੀਦਾ ਹੈ।

ਬੁਨਿਆਦੀ ਤੌਰ 'ਤੇ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਲੇਖਕ ਚੁਗਿਰਦੇ ਦੀਆਂ ਘਟਨਾਵਾਂ ਨੂੰ ਗੌਹ ਨਾਲ ਵੇਖਦਾ ਹੈ ਕਿ ਨਹੀਂ ? ਲੇਖਕ ਕਿਹੜੀ ਸਥਿਤੀ ਅਤੇ ਵਿਸ਼ੇ ਨੂੰ ਰੂਪ ਦੇਂਦਾ ਹੈ ? ਉਹ ਅਨੁਭਵ ਅਨੁਸਾਰ ਕੀ ਕਹਿਣਾ ਚਾਹੁੰਦਾ ਹੈ ਅਤੇ ਕਿਸ ਅੰਦਾਜ਼ ਵਿਚ ਕਹਿੰਦਾ ਹੈ ? ਮੇਰੀ ਜਾਚੇ ਸਵਰਨ ਚੰਦਨ ਨੇ ਸਿਆਣੇ ਗਾਇਕ ਵਾਂਗ ਸਮੇਂ ਦਾ ਰਾਗ ਚੁਣਿਆ, ਵਿਲੰਮਪਿਤ ਤੋਂ ਦਰੁੱਤ ਤਕ ਤਾਲ ਅਤੇ ਮਾਤਰਿਆਂ ਨੂੰ ਪੂਰਾ ਨਿਭਾਉਣ ਦਾ ਯਤਨ ਕੀਤਾ ਹੈ। ਹੀਰ-ਰਾਂਝੇ ਦੇ ਕਿੱਸੇ ਦੀ ਦੁਹਰਾਈ ਨਹੀਂ ਕੀਤੀ। ਪਰ ਜੇ ਕਿਸੇ ਸਰੋਤੇ ਜਾਂ ਕਲਾ-ਪਾਰਖੂ ਨੂੰ ਚੰਦਨ ਦੀ ਗਾਇਕੀ ਵਿਚ ਨਿਰੇ ਔਗੁਣ ਹੀ ਦਿਸੇ ਹੋਣ ਤਾਂ ਮੈਂ ਚੰਦਨ ਨੂੰ ਆਖਾਂਗਾ ਕਿ ਉਹ ਬੁਰਾ ਨਾ ਮਨਾਵੇ, ਕਿਉਂਕਿ ਗੁਣ-ਔਗੁਣ ਸਾਪੇਖ ਹੀ ਹੁੰਦੇ ਹਨ, ਨਿਰਪੇਖ ਨਹੀਂ।

—ਅਵਤਾਰ ਉੱਪਲ, ਯੂ.ਕੇ.

## "ਸ਼ੀਸ਼ੇ ਦਾ ਜੰਗਲ"
## ਨਫ਼ਾਸਤ ਤੇ ਨਵ-ਚੇਤਨਾ ਦੀ ਝਲਕ

ਸੁਰਜੀਤ ਪਾਤਰ ਦੀ ਗੱਲ ਹੋ ਚੁਕੀ ਹੋਵੇ ਤਾਂ ਗ਼ਜ਼ਲ ਦੇ ਖੇਤਰ ਵਿਚ ਤਿੰਨ ਹੁਸ਼ਿਆਰਪੁਰੀਆਂ ਦੇ ਨਾਮ ਸਾਹਮਣੇ ਆਉਂਦੇ ਹਨ। ਉਹ ਹਨ ਜਗਤਾਰ, ਦੇਵਿੰਦਰ ਜੋਸ਼ ਅਤੇ ਠਾਕਰ ਭਾਰਤੀ। ਤਿੰਨਾਂ ਦਾ ਹੀ ਰੰਗ ਵਖਰਾ ਵਖਰਾ ਹੈ। ਪਰ ਏਥੇ ਅਸੀਂ ਜਗਤਾਰ ਦੀ ਗੱਲ ਕਰਾਂਗੇ ਜਿਸ ਦੀ ਕਾਵਿ-ਖੇਤਰ ਵਿਚ ਘਾਲਣਾ ਪੰਝੀ-ਤੀਹ ਸਾਲ ਪੁਰਾਣੀ ਹੈ। ਤੇ ਪਿਛਲੇ ਦਸ ਸਾਲ ਤੋਂ ਪੰਜਾਬੀ ਗ਼ਜ਼ਲ ਦਾ ਜੋ ਝਖੜ ਝੁਲਿਆ ਹੋਇਆ ਹੈ ਉਸ ਵਿਚ, ਕੁਦਰਤੀ ਤੌਰ 'ਤੇ, ਹੋਰ ਸੰਜੀਦਾ ਕਵੀਆਂ ਵਾਂਗ ਜਗਤਾਰ ਨੂੰ ਵੀ ਸ਼ਾਮਲ ਹੋਣਾ ਪਿਆ, ਉਵੇਂ ਹੀ ਜਿਵੇਂ ਸਾਡੇ ਕੁਝ ਕਵੀਆਂ ਨੂੰ ਮਲੋ-ਮੱਲੀ ਪਹਿਲਾਂ ਪ੍ਰਯੋਗਵਾਦੀ ਜਾਂ ਪ੍ਰਯੋਗਸ਼ੀਲ ਹੋਣਾ ਪਿਆ, ਫੇਰ ਗਜ਼ਲ ਵਲ ਆਉਣਾ ਪਿਆ; ਏਸੇ ਤਰ੍ਹਾਂ ਗਲਪਕਾਰਾਂ ਵਿਚ ਅਸਤਿਤਵਵਾਦ ਅਤੇ ਆਲੋਚਨਾ ਵਿਚ ਸੰਰਚਨਾਵਾਦ ਦਾ ਫ਼ੈਸ਼ਨ ਪਰਚਲਤ ਹੋਇਆ ਸੀ।

ਪਹਿਲੇ ਸਤ-ਅਠ ਸਾਲ 'ਜਗਤਾਰ ਪਪੀਹਾ' ਨੇ ਬਿਨਾਂ ਕਿਸੇ ਸਨਕ ਦਾ ਸ਼ਿਕਾਰ ਹੋਣ ਦੇ ਕਵਿਤਾ ਰਚੀ; ਫੇਰ ਪੰਜ ਸਾਲ ਉਸ ਉਤੇ ਪ੍ਰਯੋਗਵਾਦੀ ਸੁਹਬਤ ਦਾ ਅਸਰ ਹੋਇਆ; ਅਗਲੇ ਪੰਜ ਸਾਲ ਉਸ ਨੇ ਝੁਜਾਰੂ ਕਵਿਤਾ ਦਾ ਪ੍ਰਭਾਵ ਕਬੂਲਿਆ ਤੇ ਪਿਛਲੇ ਸਤ-ਅੱਠ ਸਾਲ ਤੋਂ ਵਧੇਰੇ ਉਸ ਦੀਆਂ ਗ਼ਜ਼ਲਾਂ ਹੀ ਸਾਹਮਣੇ ਆਈਆਂ ਹਨ ਜਿਨ੍ਹਾਂ ਵਿਚ ਉਹ ਲਗਾਤਾਰ ਵਿਅਕਤੀ-ਨਿਸ਼ਠ ਤੇ ਸਵੈ-ਕੇਂਦਰਤ ਹੁੰਦਾ ਜਾ ਰਿਹਾ ਹੈ। 'ਸ਼ੀਸ਼ੇ ਦਾ ਜੰਗਲ' ਵਿਚ ਵਧੇਰੇ ਇਸ ਦੌਰ ਦੀਆਂ ਗ਼ਜ਼ਲਾਂ ਹਨ, ਪਰ ਆਖ਼ਰੀ ਪੰਦਰਾਂ ਗ਼ਜ਼ਲਾਂ ਉਤਮ ਇਨਕਲਾਬੀ ਸੰਵੇਦਨਾ ਵਾਲੀਆਂ ਹਨ। ਲਗਦਾ ਇਹ ਹੈ ਕਿ ਜਗਤਾਰ ਦੀ ਕਵਿਤਾ ਦਾ ਅਸਲੀ ਰੰਗ ਗਜ਼ਲ ਰਾਹੀਂ ਹੀ ਨਿਖਰਨਾ ਸੀ। ਉਸ ਦੀ ਗ਼ਜ਼ਲ ਵਿਚ ਉਰਦੂ ਗ਼ਜ਼ਲ ਵਾਲੀ ਨਫ਼ਾਸਤ ਅਤੇ ਨਵ-ਚੇਤਨਾ ਮਿਲਦੀ ਹੈ। ਆਪਣਾ, ਆਪਣੇ ਸ਼ਹਿਰ ਦਾ, ਸ਼ਹਿਰ ਦੇ ਸ਼ੀਸ਼ੇ ਜਾਂ ਪਥਰਾਂ ਦਾ, ਸ਼ਹਿਰ ਦੀ ਕਿਸੇ ਕਬੂਤਰੀ ਜਾਂ ਤਿਤਲੀ ਦਾ, ਆਪਣੀ ਦੀਵਾਨਗੀ, ਬੋਰੀਅਤ ਅਤੇ ਤਨਹਾਈ ਦਾ, ਬੀਤ ਚੁਕੀ ਰੁੱਤ, ਕਿਸੇ ਸਹਿਰਾ ਵਾਂਗ ਭਾਂ-ਭਾਂ ਕਰਦੇ ਉਜਾੜ, ਉਜਾੜ ਵਿਚ ਰੇਤਾ ਫਕਣ ਜਾਂ ਜ਼ਿੰਦਗੀ ਵਿਚ ਹੋਣ ਵਾਲੇ ਜਾਂ ਹੋ ਚੁਕੇ ਹਾਦਸਿਆਂ ਦਾ ਜ਼ਿਕਰ ਜਾਂ ਇਹਨਾਂ ਦੀ ਕਿਸੇ ਬਿੰਬ ਦੇ ਤੌਰ 'ਤੇ ਵਰਤੋਂ ਉਹ ਇਕ ਹੰਢੇ-ਵਰਤੇ ਤੇ ਕੁਸ਼ਲ ਕਾਰੀਗਰ ਵਾਂਗ ਕਰ ਸਕਦਾ ਹੈ :—

ਤੂੰ ਬੰਦ ਕਰ ਨਾ ਇਸ ਦਾ ਕਮਰੇ 'ਚ ਆਣਾ ਜਾਣਾ
ਆਖ਼ਰ ਕਬੂਤਰੀ ਨੇ ਕਿਧਰੇ ਤਾਂ ਘਰ ਬਨਾਣਾ।
ਹੁਣ ਕਾਲਰਾਂ ਦੇ ਫੁਲ ਨਾ ਤਿਤਲੀ ਕੋਈ ਵੀ ਗੌਲੇ
ਜਦ ਕੋਟ ਹੋ ਗਿਆ ਹੈ ਬਦਰੰਗ ਤੇ ਪੁਰਾਣਾ।
ਇਕ ਤੇਰੀ ਸ਼ਿਕਨ ਅੰਦਰ ਸੌ ਹਾਦਸੇ ਛੁਪੇ ਸਨ,
ਢਾਏਗਾ ਕੀ ਕਿਆਮਤ ਹੁਣ ਤੇਰਾ ਮੁਸਕਰਾਣਾ।
ਛਾਤੀ ਦੇ ਕਰਵ ਦੇਖੋਂ, ਰੰਗਾਂ ਦੀ ਜ਼ਰਬ ਦੇਖੋਂ,
ਉਸ ਵਕਤ ਕੀ ਬਣੇਗਾ ਜਦ ਵਕਤ ਬੀਤ ਜਾਣਾ।
ਜੇ ਦਸਤਕਾਂ ਵੀ ਸੁਣ ਕੇ ਤੂੰ ਖੋਲ੍ਹਿਆ ਨਾ ਬੂਹਾ
ਉਸ ਸਾਂਵਰੀ ਘਟਾ ਨੇ, ਬਾਹਰ ਹੀ ਬਰਸ ਜਾਣਾ। (22)

ਉਹ ਮੁੜ ਮੁੜ ਮਕਤਲ, ਮਕਤਲ ਵਲ ਜਾਂਦੀ ਸੜਕ, ਜੀਊਂਦੇ-ਜੀ ਆਪਣੀ ਸੂਲੀ ਦਾ ਭਾਰ ਚੁਕੀ ਫਿਰਨ ਦੀ ਗੱਲ ਕਰਦਾ ਹੈ, ਜਿਵੇਂ ਕਿ ਅਜਿਹਾ ਗੁਲਦਾਨ ਹੋਵੇ ਜਿਸ ਵਿਚ ਨਾ ਫੁਲ ਸਜਦੇ ਹਨ, ਨਾ ਪਾਣੀ ਠਹਿਰਦਾ ਹੈ (61); ਕਦੇ ਚਿਟੇ ਆ, ਧੁਆਂਖੀਆਂ ਧੁਪਾਂ, ਪੀਲੇ ਪੱਤਰਾਂ ਵਿਚ ਆਪਣੇ ਦੁਖਾਂ ਦੇ ਰੰਗ ਦੇਖਦਾ ਹੈ (63); ਉਸ ਚਾਹਿਆ ਸੀ ਕਿ ਜ਼ਿੰਦਗੀ ਦੇ ਥਲ ਵਿਚ ਕਿਤੇ ਤਾਂ ਛਾਂ ਮਿਲੇ, ਪਰ ਉਸ ਨੂੰ ਤਾਂ ਕਿਧਰੇ ਥੋਰ੍ਹ ਦਾ ਸਾਇਆ ਵੀ ਨਾ ਮਿਲਿਆ (78) ਅਥਾਹ ਭਟਕਣ ਹੈ, ਅਪ੍ਰਾਪਤੀ ਦੀ ਖੋਹ ਪੈਂਦੀ ਹੈ, ਜੰਗਲ ਦੇ ਸਫ਼ਰ ਵਿਚ ਜ਼ਿੰਦਗੀ ਇਕ ਹਨੇਰੀ ਗੁਫਾ ਬਣ ਗਈ ਹੈ, ਪਰ ਕਦੇ ਇਹੀ ਜ਼ਿੰਦਗੀ ਇਕ ਸੁਰੀਲੀ ਬੰਸਰੀ ਵਾਂਗ ਸੀ (68), ਇਸ ਤਰ੍ਹਾਂ ਬਦਹਵਾਸੀ ਦੀ ਹਵਾੜ ਕਢਦਾ ਹੋਇਆ ਏਧਰ ਓਧਰ ਵਿਅੰਗ ਦੇ ਤੀਰ ਵੀ ਕੱਸਦਾ ਹੈ : "ਉਹ ਬੜੇ ਸਾਹਿਬ ਲਈ ਫੜਦਾ ਹੈ ਅਕਸਰ ਮੱਛਲੀਆਂ/ਉਸ ਦਾ ਕੀ ਹੈ ਉਹ ਜਦੋਂ ਚਾਹੇਗਾ ਦਫ਼ਤਰ ਆਏਗਾ", ਜਾਂ "ਬੌਸ ਦੇ ਕਮਰੇ 'ਚ ਹਰ ਮੌਸਮ 'ਚ ਹਨ ਮੰਡਲਾਉਂਦੀਆਂ/ਪਰ ਮੇਰੇ ਕੋਲੋਂ ਕਦੇ ਭੁਲ ਕੇ ਨਾ ਲੰਘੀਆਂ ਤਿਤਲੀਆਂ।" ਏਸੇ ਤਰ੍ਹਾਂ ਉਹ ਆਪਣੇ ਉਹਨਾਂ ਸਮਕਾਲੀ ਗਜ਼ਲ-ਗੋਆਂ ਨੂੰ ਵੀ ਮਿਲ ਕੇ ਲੈਂਦਾ ਹੈ ਜਿਨ੍ਹਾਂ ਵਿਚ ਕੋਈ ਸੋਚ, ਬੁਲੰਦੀ ਜਾਂ ਜਜ਼ਬਾ ਨਹੀਂ, ਬੱਸ ਪਿੰਗਲ ਅਤੇ 'ਫਿਅਲੁਨ ਫਾਇਲਾਤ' ਦੇ ਦਮਗਜੇ ਮਾਰੇ ਜਾਂਦੇ ਹਨ (75); ਪਰ ਉਹ ਯਾਰਾਂ ਦਾ ਯਾਰ ਵੀ ਹੈ, ਜਦ ਉਹ ਲਾਹੌਰ ਵਰਗੇ ਸ਼ਹਿਰ ਅਤੇ ਉਥੋਂ ਦੇ ਸ਼ਾਇਰਾਂ ਨੂੰ ਯਾਦ ਕਰਦਾ ਹੈ (76) ਤੇ ਜਿਥੇ ਜਿਥੇ ਵੀ ਨਿਜੀ ਪੀੜ ਨੂੰ ਜਾਂ ਲੋਕ-ਦਰਦ ਨੂੰ ਉਸ ਨੇ ਤਨੋਂ-ਮਨੋਂ ਮਹਿਸੂਸ ਕਰ ਕੇ ਗਾਇਆ ਹੈ, ਉਹ ਪ੍ਰਭਾਵਸ਼ਾਲੀ ਸਿਧ ਹੋਇਆ ਹੈ। ਅੱਸੀ ਦੇ ਕਰੀਬ ਇਹਨਾਂ ਗ਼ਜ਼ਲਾਂ ਵਿਚੋਂ ਚੋਣ ਕਰ ਕੇ ਜਾਂ ਕਰਵਾ ਕੇ ਜੇ ਅੱਧੀਆਂ ਹੀ ਇਸ ਸੰਗ੍ਰਹਿ ਦੇ ਰੂਪ ਵਿਚ ਛਪਵਾਈਆਂ ਜਾਂਦੀਆਂ ਤਾਂ ਹੋਰ ਵੀ ਚੰਗਾ ਸੀ, ਕਿਉਂਕਿ ਜਗਤਾਰ ਦੇ ਆਪਣੇ ਕਥਨ ਅਨੁਸਾਰ : "ਕੀ ਪਾਣੀ ਦੇ ਨਕਸ਼ਾਂ ਦਾ ਇਤਬਾਰ ਭਲਾ/ਨਕਸ਼ਾ ਕੋਈ ਛਡਣਾ ਤਾਂ ਛਡੀਏ ਪਥਰ ਤੇ।"

—ਹਿੰਮਤ ਸਿੰਘ ਸੋਢੀ

## ਕੇ. ਐਲ. ਗਰਗ ਦਾ ਕਹਾਣੀ-ਸੰਗ੍ਰਹਿ "ਤਲਬ ਦਾ ਰਿਸ਼ਤਾ"

ਜਿਥੇ ਕੁਝ ਲੇਖਕ ਸਾਹਿਤ ਦੇ ਕਿਸੇ ਇਕੋ ਰੂਪ ਨੂੰ ਹੀ ਆਪਣੀ ਰਚਨਾ ਦਾ ਸਾਧਨ ਚੁਣਦੇ ਹਨ, ਕੁਝ ਹੋਰ ਲੇਖਕ ਸਾਹਿਤ ਦੇ ਕਈ ਰੂਪਾਂ ਨੂੰ ਆਪਣਾ ਮਾਧਿਅਮ ਬਣਾਉਂਦੇ ਹਨ। ਇਹ



ਛੇਕੜਲੀ ਕਿਸਮ ਦੇ ਸਾਹਿਤਕਾਰਾਂ ਨੂੰ ਕਿਸੇ ਇਕੋ ਰੂਪ ਦਾ ਭਾਂਡਾ ਸ਼ਾਇਦ ਸੌੜਾ ਜਾਪਦਾ ਹੁੰਦਾ ਹੈ, ਜੀਹਦੇ ਵਿਚ ਉਹਨਾਂ ਦੇ ਸਾਰੇ ਜਜ਼ਬੇ ਸਮਾ ਨਹੀਂ ਸਕਦੇ! ਅਜਿਹੇ ਲੇਖਕਾਂ ਨੂੰ ਇਕ ਲਾਭ ਇਹ ਪਰਾਪਤ ਹੁੰਦਾ ਹੈ ਕਿ ਜਿਹੜੀ ਗੱਲ ਉਹ ਕਿਸੇ ਇਕ ਰੂਪ ਵਿਚ ਠੀਕ ਪਰਗਟ ਨਾ ਕਰ ਸਕਣ, ਉਹ ਕਿਸੇ ਦੂਜੇ ਰੂਪ ਵਿਚ ਪਰਗਟਾਅ ਲੈਂਦੇ ਹਨ। ਪਰ ਇਹਦੇ ਨਾਲ ਹੀ ਅਜਿਹੇ ਲੇਖਕਾਂ ਨੂੰ ਇਕ ਘਾਟਾ ਵੀ ਰਹਿੰਦਾ ਹੈ—ਉਹ ਹੈ ਪਰਵਾਨਗੀ ਦਾ ਘਾਟਾ! ਸਾਹਿਤਕਾਰਾਂ ਵਿਚ ਆਮ ਕਰਕੇ ਈਰਖਾ ਦੀ ਭਾਵਨਾ ਸਾਧਾਰਨ ਆਦਮੀ ਨਾਲੋਂ ਵਧੇਰੇ ਤਿੱਖੀ ਹੁੰਦੀ ਹੈ। ਇਸ ਕਰਕੇ ਕਈ ਸਾਹਿਤਕ ਰੂਪਾਂ ਵਿਚ ਲਿਖਣ ਵਾਲੇ ਲੇਖਕ ਨੂੰ ਹਰੇਕ ਰੂਪ ਦੇ ਸਹਿ-ਲੇਖਕ ਆਪਣੇ ਵਿਚੋਂ ਖ਼ਾਰਜ ਕਰ ਕੇ ਦੂਜੇ ਰੂਪ ਵਿਚ ਸ਼ਾਮਲ ਕਰਦੇ ਰਹਿੰਦੇ ਹਨ। ਉਦਾਹਰਨ ਵਜੋਂ, ਜੇ ਕੋਈ ਲੇਖਕ ਕਵੀ ਵੀ ਹੋਵੇ ਅਤੇ ਗਲਪਕਾਰ ਵੀ, ਦੂਜੇ ਕਵੀ ਉਹਨੂੰ ਗਲਪਕਾਰ ਮੰਨਣਗੇ ਅਤੇ ਦੂਜੇ ਗਲਪਕਾਰ ਉਹਨੂੰ ਕਵੀ ਕਹਿਣਗੇ। ਤੇ ਆਮ ਕਰਕੇ ਅਜਿਹੇ ਲੇਖਕ ਨੂੰ ਜਿਸ ਸਾਹਿਤਕ ਰੂਪ ਵਿਚ ਥੋੜ੍ਹੀ ਜਾਂ ਬਹੁਤੀ ਪਰਸਿੱਧੀ ਮਿਲ ਜਾਵੇ, ਉਹਦੇ ਟਾਕਰੇ ਵਿਚ ਉਹਦੇ ਦੂਜੇ ਰੂਪ ਪਾਠਕ ਦੀ ਨਜ਼ਰ ਵਿਚ ਵੀ ਦਬ ਕੇ ਰਹਿ ਜਾਂਦੇ ਹਨ, ਭਾਵੇਂ ਉਹ ਉਹਨਾਂ ਵਿਚ ਕਿੰਨਾ ਵੀ ਪਰਬੀਨ ਕਿਉਂ ਨਾ ਹੋਵੇ।

ਕੁਝ ਅਜਿਹੀ ਅਵਸਥਾ ਵਿਚ ਹੈ ਪੰਜਾਬੀ ਦਾ ਨੌਜਵਾਨ ਹਾਸ-ਰਸ ਲੇਖਕ ਅਤੇ ਕਹਾਣੀਕਾਰ ਕੇ. ਐਲ. ਗਰਗ। ਉਹ ਪੰਜਾਬੀ ਦੇ ਉਹਨਾਂ ਸਾਰੇ ਰਸਾਲਿਆਂ—ਅਖ਼ਬਾਰਾਂ ਵਿਚ, ਜੋ ਹਾਸ-ਰਸ ਛਾਪਦੇ ਹਨ ਲੰਮੇ ਸਮੇਂ ਤੋਂ ਛਪ ਰਿਹਾ ਹੈ। ਤੇ ਇਹਦੇ ਨਾਲ ਹੀ ਉਹ ਕਹਾਣੀਆਂ ਦੀ ਰਚਨਾ ਵੀ ਕਰਦਾ ਆ ਰਿਹਾ ਹੈ। ਮੇਰੀ ਜਾਚੇ, ਪਾਠਕਾਂ ਦੀ ਨਜ਼ਰ ਵਿਚ ਉਹਦਾ ਨਾਂ ਹਾਸਰਸ-ਲੇਖਣੀ ਨਾਲ ਬਹੁਤਾ ਜੁੜਿਆ ਹੋਇਆ ਹੈ। ਪਰ ਉਹ ਬਿਲਕੁਲ ਹੱਕੀ ਤੌਰ ਉਤੇ ਇਕ ਕਹਾਣੀਕਾਰ ਵੀ ਹੈ। ਸ਼ਾਇਦ ਉਸ ਸਮੇਂ ਇਸੇ ਗੱਲ ਉਤੇ ਜ਼ੋਰ ਦੇਣ ਦੀ ਇੱਛਾ ਕੰਮ ਕਰ ਰਹੀ ਸੀ, ਜਦੋਂ ਮੈਂ ਉਹਦੇ ਕਹਾਣੀ-ਸੰਗ੍ਰਹਿ **ਤਲਬ ਦਾ ਰਿਸ਼ਤਾ** (ਪੰਨੇ 128, ਚੰਗੀ ਦਿੱਖ ਅਤੇ ਛਪਾਈ, ਮੁੱਲ ਦਸ ਰੁਪਏ) ਨੂੰ ਰੀਵਿਊ ਦੀ ਨੀਅਤ ਨਾਲ ਦੁਬਾਰਾ ਪੜ੍ਹਨਾ ਸ਼ੁਰੂ ਕੀਤਾ।

ਇਹ ਗਰਗ ਦਾ ਤੀਜਾ ਕਹਾਣੀ-ਸੰਗ੍ਰਹਿ ਹੈ, ਜੀਹਦੇ ਵਿਚ ਉਹਦੀਆਂ ਸਤਾਰਾਂ ਕਹਾਣੀਆਂ ਸ਼ਾਮਲ ਹਨ (ਇਹਤੋਂ ਪਹਿਲਾਂ ਉਹ "ਅੱਗ ਦੇ ਦਾਇਰੇ" ਅਤੇ "ਵਾਟ-69" ਕਹਾਣੀ-ਸੰਗ੍ਰਹਿ ਦੇ ਚੁਕਿਆ ਹੈ)। ਭਾਵੇਂ ਉਹਦੀਆਂ ਇਕਾ-ਦੁੱਕਾ ਕਹਾਣੀਆਂ ਵਾਲੀਆਂ ਗੱਲਾਂ ਕਿਸੇ ਹੋਰ ਸਾਹਿਤਕ ਰੂਪ ਵਿਚ ਵਧੇਰੇ ਸਫਲਤਾ ਨਾਲ ਨਿਭ ਸਕਦੀਆਂ ਸਨ (ਜਿਵੇਂ "ਸੁਲਗਦੇ ਪ੍ਰਸਨ-ਚਿੰਨ੍ਹ" ਕਹਾਣੀ ਨਾਲੋਂ ਵਧੇਰੇ ਲੇਖ ਦਾ ਵਿਸ਼ਾ ਹੈ ਅਤੇ "ਮਸਖਰਾ" ਕਹਾਣੀ ਨਾਲੋਂ ਵਧੇਰੇ ਵਿਅੰਗ ਦਾ ਵਿਸ਼ਾ ਹੈ) ਅਤੇ ਭਾਵੇਂ ਕੁਝ ਕਹਾਣੀਆਂ ਵਿਚ ਕਿਸੇ ਤਿੱਖੇ ਮੋੜ ਦੀ ਘਾਟ ਰੜਕਦੀ ਹੈ (ਜਿਵੇਂ "ਤਿਹਾਏ ਵਰ੍ਹਿਆਂ ਦਾ ਸਫ਼ਰ", "ਮਨਹੂਸ" ਅਤੇ "ਖਲੂਸ : ਖਲੂਸ" ਵਿਚ), ਤਾਂ ਵੀ ਉਹ ਇਸ ਸੰਗ੍ਰਹਿ ਰਾਹੀਂ ਆਪਣੇ ਆਪ ਨੂੰ ਇਕ ਹੋਣਹਾਰ ਕਹਾਣੀਕਾਰ ਵਜੋਂ ਪੇਸ਼ ਕਰਨ ਵਿਚ ਸਫਲ ਰਿਹਾ ਹੈ।

"ਸਹਿਮੀ ਹੋਈ ਰੌਸ਼ਨੀ", "ਬਦਲਦੀਆਂ ਅੱਖਾਂ ਦਾ ਸ਼ਰਾਪ", "ਵਾਪਸੀ" ਅਤੇ "ਆਪਣਿਆਂ ਦਾ ਹੇਜ਼" ਉਹਦੀਆਂ ਵਧੀਆ ਕਹਾਣੀਆਂ ਹਨ। "ਚੌਥਾ ਬਾਂਦਰ" ਇਕ ਤਿੱਖਾ ਰਾਜਨੀਤਕ ਕਟਾਖ ਹੈ, ਜੀਹਦੇ ਵਿਚ ਆਜ਼ਾਦੀ ਦੀ ਲਹਿਰ ਸਮੇਂ ਨੰਗੇ-ਧੜ ਕੁਰਬਾਨੀਆਂ ਕਰਨ ਵਾਲਿਆਂ ਦਾ ਸਥਾਪਤੀ ਵਿਚ ਸ਼ਾਮਲ ਹੋਣ ਮਗਰੋਂ ਲਗਾਤਾਰ ਵਾਪਰ ਰਿਹਾ ਨਿਘਾਰ ਦਿਖਾਇਆ ਗਿਆ ਹੈ। "ਟੁੱਟ ਰਹੇ ਸੰਸਕਾਰ" ਵਿਚ ਲੌਕਿਕ ਯਥਾਰਥ ਦੀ ਇਕੋ ਛੋਹ ਨਾਲ ਕਾਲਪਨਿਕ ਸਦਾਚਾਰ ਚੂਰ ਚੂਰ ਹੋ ਕੇ ਰਹਿ ਗਿਆ ਹੈ। ਲੰਮੀ ਬੋੱਦੀ ਨੂੰ "ਧਰਮ ਦੀ ਰਛੱਾ" ਦਾ ਪਰਤੀਕ ਮੰਨਣ ਵਾਲਾ ਪੰਡਿਤ

ਰਾਮ ਸੱਤ—ਜੋ ਗਿੱਚੀ ਵਢਾਉਣ ਲਈ ਤਿਆਰ ਹੈ, ਪਰ ਬੋੱਦੀ ਨੂੰ ਕਿਸੇ ਦਾ ਹੱਥ ਲੁਆਉਣੋਂ ਇਨਕਾਰੀ ਹੈ—ਗੋਹਾ-ਕੂੜਾ ਕਰਨ ਵਾਲੀ ਮੁਟਿਆਰ ਦੇ ਇਕੋ ਸੰਕੇਤ ਉਤੇ ਬੋੱਦੀ ਲਾਹ ਕੇ ਔਹ ਮਾਰਦਾ ਹੈ। ਇਕ ਹੋਰ ਚੰਗੀ ਕਹਾਣੀ "ਤਲਬ ਦਾ ਰਿਸ਼ਤਾ" ਹੈ, ਜੀਹਨੂੰ ਪੁਸਤਕ ਦਾ ਨਾਂ ਦੇਣ ਦਾ ਮਾਣ ਮਿਲਿਆ ਹੈ। ਧੁਰ ਹੇਠਾਂ ਤਕ ਰਿਸੇ ਹੋਏ ਜਾਗੀਰੂ-ਬੁਰਜੁਆ ਸਭਿਆਚਾਰ ਦੇ ਪਰਭਾਵ ਅਧੀਨ ਸਮਾਜਕ-ਰਾਜਨੀਤਕ ਪੱਖੋਂ ਅਗਿਆਨੀ ਕਾਮੇ ਵੀ ਇਸਤਰੀ ਨੂੰ ਹਾਨਣ ਸਮਝਣ ਦੀ ਥਾਂ ਭੋਗਣ ਦੀ ਵਸਤ ਸਮਝਦੇ ਹਨ ਅਤੇ ਨਾਇਕਾ ਇਸ ਰੁਚੀ ਵਿਰੁਧ ਆਵਾਜ਼ ਚੁਕ ਕੇ ਕਰਾਰੀਆਂ ਸੁਣਾਉਂਦੀ ਹੈ।

ਇਸ ਸੰਗ੍ਰਹਿ ਵਿਚ ਪਰਗਟਾਈਆਂ ਗਈਆਂ ਸੰਭਾਵਨਾਵਾਂ ਵੱਲ ਦੇਖਦਿਆਂ ਗਰਗ ਤੋਂ ਅਗੇ ਨੂੰ ਹੋਰ ਵੀ ਵਧੇਰੇ ਨਰੋਈਆਂ ਕਹਾਣੀਆਂ ਦੀ ਆਸ ਕਰਨਾ ਵਾਜਬ ਹੋਵੇਗਾ।

—ਭੁਲਰ

---

ਅਗਲੇ ਅੰਕ ਦੀ ਝਲਕ

* ਇਕ ਖ਼ਤ ਉਹਦੇ ਨਾਂ ਵੀ — ਜਸਪਾਲ ਸਿੰਘ, ਰੋਪੜ
* ਮਧਕਲੀਨ ਪੰਜਾਬੀ ਲੋਕ-ਕਥਾਵਾਂ ਤੇ ਡਾ. ਹਰਜੀਤ ਸਿੰਘ ਗਿੱਲ — ਭੁਪਿੰਦਰ ਸਿੰਘ ਖਹਿਰਾ
* ਇਨਕਲਾਬੀ ਦਹਿਸ਼ਤ-ਪਸੰਦੀ — ਹਿੰਮਤ ਸਿੰਘ ਸੋਢੀ
* ਇਨਸਾਫ (ਕਹਾਣੀ) — ਖ਼ਾਲਿਦ ਹੁਸੈਨ

---


ਸਿੱਖ ਲਹਿਰ

ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਇਸ ਪੁਸਤਕ ਲਈ ਸੇਧ ਨੂੰ ਲਿਖੋ।

---

**Bhagwan Josh**

COMMUNIST MOVEMENT IN PUNJAB (1926-47)

**The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India.** **Hardbound, pages 220, Price : Rs. 60**

**Order for your copy to Anupma Publications, 80 Banarsi Dass Bldg, Gandhi Nagar, Delhi-31. or to SEDH, A-42, Defence Colony, N.Delhi-2**




## ਸਨਮਾਨ ਸਮਾਰੋਹ

ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਵਲੋਂ ਹੇਠ ਲਿਖੇ ਪਰੋਗਰਾਮ ਅਨੁਸਾਰ ਸਨਮਾਨ ਸਮਾਰੋਹ ਕੀਤੇ ਜਾ ਰਹੇ ਹਨ।

10 ਜਨਵਰੀ ਦਿਨ ਸ਼ਨੀਚਰਵਾਰ ਨੂੰ ਚਾਰ ਵਜੇ ਸ਼ਾਮ, ਪਾਲ ਆਡੀਟੋਰੀਅਮ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਸ੍ਰ: ਗੁਰਸ਼ਰਨ ਸਿੰਘ ਲੋਕ ਨਾਟਕਾਰ ਨੂੰ ਪਹਿਲਾ ਬਲਰਾਜ ਸਾਹਨੀ ਇਨਾਮ ਦਿੱਤਾ ਜਾਵੇਗਾ।

11 ਜਨਵਰੀ ਦਿਨ ਐਤਵਾਰ ਨੂੰ 11 ਵਜੇ ਗੌ: ਟਰੇਨਿੰਗ ਕਾਲਜ, ਜਲੰਧਰ ਦੇ ਹਾਲ ਵਿਚ ਡਾ: ਜਗਤਾਰ ਸਿੰਘ ਨੂੰ ਤੀਜਾ ਬਾਵਾ ਬਲਵੰਤ ਇਨਾਮ ਤੇ ਮਾਹਵਾਰੀ ਪਰਚਾ ਸੇਧ ਨੂੰ ਇਕ ਸਪੈਸ਼ਲ ਇਨਾਮ ਦਿੱਤਾ ਜਾਵੇਗਾ। ਸਮਾਗਮਾਂ ਵਿਚ ਕਈ ਵਿਦਵਾਨ ਆਪਣੇ ਵਿਚਾਰ ਵੀ ਪੇਸ਼ ਕਰਨਗੇ। ਅਸੀਂ ਲੇਖਕਾਂ ਤੇ ਪਾਠਕਾਂ ਨੂੰ ਪਿਆਰ ਨਾਲ ਸੱਦਾ ਦੇਂਦੇ ਹਾਂ।

ਜਸਵੰਤ ਸਿੰਘ ਕੰਵਲ
ਜਨਰਲ ਸੈਕਟਰੀ ਪੰ. ਸਾ. ਟ. ਢੁੱਡੀਕੇ

JANUARY, 1981
Registered with the Registrar of Newspapers for India—Registration No 23895/72 Regd. No. D (SE) 001


# ਆਪਣੀ ਰਕਮ ਸਤ ਸਾਲਾਂ ਵਿਚ ਦੁਗਣੀ ਤੋਂ ਵੀ ਵੱਧ ਕਰੋ

## ਨੈਸ਼ਨਲ ਸੇਵਿੰਗਜ਼ ਸਰਟੀਫ਼ਿਕੇਟ (ਲੜੀ-V) ਖਰੀਦੋ

**ਚੋਖਾ ਵਿਆਜ ਵਸੂਲ ਕਰੋ : 10.75% ਚਕਰਵਿਧੀ (ਸਾਧਾਰਨ 14.93%) ਸਾਲਾਨਾ ਵਿਆਜ ।**

ਸਤਾਂ ਸਾਲਾਂ 'ਚ 100/- ਰੁਪਏ ਦੇ 204.50 ਰੁਪਏ ਬਣ ਜਾਂਦੇ ਹਨ । ਸਰਟੀਫ਼ਿਕੇਟ ਤਿੰਨ ਸਾਲਾਂ ਮਗਰੋਂ ਭੁਨਾਏ ਜਾ ਸਕਦੇ ਹਨ । ਇਨ੍ਹਾਂ ਵਿਚ ਲਗਾਈ ਜਾਣ ਵਾਲੀ ਰਕਮ ਦੀ ਕੋਈ ਹੱਦ ਮੁਕਰਰ ਨਹੀਂ ਹੈ ।

**ਹੋਰ ਲਾਭ :**

ਡਾਕਘਰ ਵਲੋਂ ਇਨਕਮ ਟੈਕਸ ਦੇ ਮੰਤਵ ਵਾਸਤੇ ਸਰਟੀਫ਼ਿਕੇਟ ਮੁਫ਼ਤ ਜਾਰੀ ਕੀਤਾ ਜਾਂਦਾ ਹੈ । ਵੈਲਥ ਟੈਕਸ ਤੋਂ 1.5 ਲੱਖ ਰੁਪਏ ਤਕ ਦੀ ਛੋਟ । ਸਾਲ ਵਿਚ 3000/- ਰੁਪਏ ਤਕ ਦੀ ਵਿਆਜ ਰਾਹੀਂ ਆਮਦਨ ਕਰ ਮੁਕਤ ਹੈ ।

**ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਨ੍ਹਾਂ ਨਾਲ ਸੰਪਰਕ ਕਰੋ :**

o ਕੋਈ ਅਧਿਕ੍ਰਿਤ ਏਜੰਟ, ਜਾਂ o ਡਿਸਟਰਿਕਟ ਸੇਵਿੰਗਜ਼ ਅਫ਼ਸਰ, ਰਾਹੀਂ ਡਿਸਟਰਿਕਟ ਕਲੈਕਟੋਰੇਟ, o ਨੇੜੇ ਦਾ ਡਾਕਘਰ, o ਰੀਜਨਲ ਦਫ਼ਤਰ, ਰਾਸ਼ਟਰੀ ਬੱਚਤ ਸੰਸਥਾ (ਰਾਜ ਜਾਂ ਕੇਂਦਰੀ ਸਰਕਾਰ) ।

ਜਾਂ ਇਸ ਪਤੇ ਤੇ ਲਿਖੋ :
ਰਾਸ਼ਟਰੀ ਬੱਚਤ ਸੰਸਥਾ
12, ਸੈਮਿਨਰੀ ਹਿਲਜ਼, ਨਾਗਪੁਰ-440006.

davp 80/119